Watch
PUNJAB MAIL USA
TV Channel
On IP box, App, Website
For Advertisment
916-320-9444

A Voice of NRI's
ਸੈਕਰਾਮੈਂਟੋ ਤੋਂ ਪ੍ਰਕਾਸ਼ਤ ਹੋਣ ਵਾਲਾ ਪਹਿਲਾ ਪੰਜਾਬੀ ਅਖ਼ਬਾਰ

# ਪੰਜਾਬ ਮੇਲ

ਯੂ. ਐੱਸ. ਏ.

Chief Editor: Gurjatinder Singh Randhawa

Punjab Mail USA

FOR SALE & PURCHASE OF ANY KIND OF PROPERTY

ਕੈਲੀਫੋਰਨੀਆ ਵਿਚ ਘਰ ਖਰੀਦਣ ਲਈ ਸੰਪਰਕ ਕਰੋ।
RE/MAX
RE/MAX Outstanding Agents Outstanding Results
Gurjatinder S. Randhawa
REALTOR CA DRE licence # 01490567
Gurjatinder S. Randhawa
REALTOR CA DRE licence # 01490567
916-320-9444

Vol. 19, Issue- 882, 27 Nov. to 03 Dec. , 2025, Ph: 916-320-9444, E-mail: punjabmailusa@yahoo.com, Web: punjabmailusa.com

## ਜੇ ਲੋੜ ਪਈ ਤਾਂ ਨਿਊਯਾਰਕ 'ਚ ਤਾਇਨਾਤ ਕੀਤੇ ਜਾਣਗੇ ਨੈਸ਼ਨਲ ਗਾਰਡ : ਟਰੰਪ



ਵਾਸ਼ਿੰਗਟਨ, (ਪੰਜਾਬ ਮੇਲ)- ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਕਿਹਾ ਕਿ ਜੇਕਰ ਲੋੜ ਪਈ ਤਾਂ ਉਹ ਨਿਊਯਾਰਕ ਸਿਟੀ ਵਿਚ ਨੈਸ਼ਨਲ ਗਾਰਡ ਤਾਇਨਾਤ ਕਰਨ ਲਈ ਤਿਆਰ ਹਨ। ਉਨ੍ਹਾਂ ਕਿਹਾ ਕਿ ਇਸ ਮੁੱਦੇ 'ਤੇ ਇੱਕ ਦਿਨ ਪਹਿਲਾਂ ਹੋਈ ਮੀਟਿੰਗ ਵਿਚ ਚਰਚਾ ਕੀਤੀ ਗਈ ਸੀ।

ਜਦੋਂ ਇੱਕ ਪੱਤਰਕਾਰ ਵੱਲੋਂ ਪੁੱਛਿਆ ਗਿਆ ਕਿ ਕੀ ਉਹ ਅਜੇ ਵੀ ਨੈਸ਼ਨਲ ਗਾਰਡ ਨੂੰ ਨਿਊਯਾਰਕ ਭੇਜਣ ਦੀ ਯੋਜਨਾ ਬਣਾ ਰਹੇ ਹਨ, ਤਾਂ ਟਰੰਪ ਨੇ ਜਵਾਬ ਦਿੱਤਾ, "ਜੇਕਰ ਉਨ੍ਹਾਂ ਨੂੰ ਇਸਦੀ ਲੋੜ ਹੈ। ਕੁਝ ਹੋਰ ਥਾਵਾਂ ਨੂੰ ਇਸ ਵੇਲੇ ਇਸਦੀ ਹੋਰ ਲੋੜ ਹੈ, ਪਰ ਜੇਕਰ ਨਿਊਯਾਰਕ ਨੂੰ ਇਸਦੀ ਲੋੜ ਹੈ, ਤਾਂ ਮੈਂ ਇਸਨੂੰ ਜ਼ਰੂਰ ਭੇਜਾਂਗਾ।" ਉਨ੍ਹਾਂ ਇਹ ਨਹੀਂ ਦੱਸਿਆ ਕਿ ਕਿਹੜੀਆਂ ਥਾਵਾਂ 'ਤੇ ਸਥਿਤੀ ਵਧੇਰੇ ਗੰਭੀਰ ਹੈ ਅਤੇ ਤਾਇਨਾਤੀ ਦਾ ਫੈਸਲਾ ਕਿਸ ਆਧਾਰ 'ਤੇ ਲਿਆ ਜਾਵੇਗਾ।

ਟਰੰਪ ਨੇ ਮਰੀਨ ਵਨ 'ਤੇ ਰਵਾਨਾ ਹੋਣ ਤੋਂ ਪਹਿਲਾਂ ਇੱਕ ਸੰਖੇਪ ਮੀਡੀਆ ਗੱਲਬਾਤ ਦੌਰਾਨ ਇਹ ਬਿਆਨ ਦਿੱਤਾ। ਜਿਸ ਵਿਚ ਉਸਨੇ ਯੂਕਰੇਨ ਯੁੱਧ, ਬ੍ਰਾਜ਼ੀਲ ਦੇ ਸਾਬਕਾ ਰਾਸ਼ਟਰਪਤੀ ਜੈਅਰ ਬੋਲਸੋਨਾਰੋ ਅਤੇ ਰਿਪਬਲਿਕਨ ਪਾਰਟੀ ਦੇ ਅੰਦਰ ਚੱਲ ਰਹੇ ਫੁੱਟ ਸਮੇਤ ਕਈ ਮੁੱਦਿਆਂ 'ਤੇ ਸਵਾਲਾਂ ਦੇ ਜਵਾਬ ਦਿੱਤੇ।

ਉਨ੍ਹਾਂ ਨੇ ਕਿਹਾ ਕਿ ਉਹ ਐਂਡਰਿਊਜ਼ ਏਅਰ ਫੋਰਸ ਬੇਸ ਦਾ ਦੌਰਾ ਕਰਨਗੇ, ਜਿੱਥੇ ਉਹ ਬੇਸ ਵਿਚ ਸੁਧਾਰਾਂ ਦੀ ਸਮੀਖਿਆ ਕਰਨਗੇ ਅਤੇ ਗੋਲਫਰ ਜੈਕ ਨਿਕਲੌਸ ਨੂੰ ਮਿਲਣਗੇ। ਟਰੰਪ ਨੇ ਕਿਹਾ ਕਿ ਨਿਕਲੌਸ ਬੇਸ ਦੀਆਂ ਮਨੋਰੰਜਨ ਸਹੂਲਤਾਂ ਨੂੰ ਦੁਬਾਰਾ ਬਣਾਉਣ ਵਿਚ ਮਦਦ ਕਰ ਰਿਹਾ ਹੈ ਅਤੇ ਦੋ ਗੋਲਫ ਕੋਰਸ ਡਿਜ਼ਾਈਨ ਕਰੇਗਾ, ਜੋ ਮਾੜੀ ਹਾਲਤ ਵਿਚ ਹਨ।

ਯੂਕਰੇਨ-ਰੂਸ ਯੁੱਧ ਬਾਰੇ ਟਰੰਪ ਨੇ ਕਿਹਾ ਕਿ ਇਹ ਕਦੇ ਨਹੀਂ ਹੋਣਾ ਚਾਹੀਦਾ ਸੀ ਅਤੇ ਜੇਕਰ ਉਹ ਰਾਸ਼ਟਰਪਤੀ ਹੁੰਦੇ ਤਾਂ ਇਹ ਕਦੇ ਸ਼ੁਰੂ ਨਹੀਂ ਹੁੰਦਾ। ਉਨ੍ਹਾਂ ਕਿਹਾ ਕਿ ਉਹ ਜਲਦੀ ਤੋਂ ਜਲਦੀ ਸ਼ਾਂਤੀ ਲਿਆਉਣਾ ਚਾਹੁੰਦੇ ਹਨ।

ਟਰੰਪ ਨੇ ਨੈਸ਼ਨਲ ਗਾਰਡ ਦੀ ਤਾਇਨਾਤੀ ਬਾਰੇ ਕੋਈ ਹੋਰ ਵੇਰਵੇ ਨਹੀਂ ਦਿੱਤੇ - ਨਾ ਹੀ ਰਾਜ ਦੇ ਅਧਿਕਾਰੀਆਂ ਨਾਲ ਕਿਸੇ ਤਾਲਮੇਲ ਦਾ ਜ਼ਿਕਰ ਕੀਤਾ ਅਤੇ ਨਾ ਹੀ ਕਿਸੇ ਅਜਿਹੀ ਘਟਨਾ ਦਾ, ਜਿਸ ਕਾਰਨ ਇਹ ਫੈਸਲਾ ਲਿਆ ਗਿਆ ਹੋਵੇ।

■ ਬਾਕੀ ਖਬਰ ਸਫਾ 16 'ਤੇ

## ਐੱਚ-1ਬੀ ਵੀਜ਼ਾ ਪ੍ਰਣਾਲੀ ਨੂੰ "ਇੱਕ ਮਾਫ਼ੀਆ" ਚਲਾ ਰਹੀ ਹੈ!

**ਵਾਸ਼ਿੰਗਟਨ ਡੀ.ਸੀ. (ਪੰਜਾਬ ਮੇਲ)**- ਐੱਚ-1ਬੀ ਵੀਜ਼ਾ ਨੂੰ ਲੈ ਕੇ ਵਿਵਾਦ ਲਗਾਤਾਰ ਵਧਦਾ ਜਾ ਰਿਹਾ ਹੈ। ਰੇਡੀਓ ਕਮੈਂਟੇਟਰ ਅਲੈਕਸ ਜੋਨਸ ਨੇ ਕਿਹਾ ਕਿ ਐੱਚ-1ਬੀ ਵੀਜ਼ਾ ਪ੍ਰਣਾਲੀ ਨੂੰ "ਇੱਕ ਮਾਫ਼ੀਆ ਚਲਾ ਰਹੀ ਹੈ" ਅਤੇ ਦਾਅਵਾ ਕੀਤਾ ਕਿ ਪ੍ਰੋਗਰਾਮ 'ਤੇ ਆਉਣ ਵਾਲੇ ਜ਼ਿਆਦਾਤਰ ਕਰਮਚਾਰੀ ਭਾਰਤ ਦੇ ਇੱਕ ਹੀ ਖੇਤਰ ਤੋਂ ਆਉਂਦੇ ਹਨ। ਰੇਡੀਓ ਟਿੱਪਣੀਕਾਰ ਨੇ ਇਹ ਗੱਲਾਂ ਸੰਯੁਕਤ ਰਾਜ ਅਮਰੀਕਾ ਵਿਚ ਵਿਦੇਸ਼ੀ ਕੰਮਕਾਜ ਵੀਜ਼ਿਆਂ 'ਤੇ ਚੱਲ ਰਹੀ ਚਰਚਾ ਦੌਰਾਨ ਜਾਰੀ ਕੀਤੀ ਇੱਕ ਵੀਡੀਓ ਵਿਚ ਕਹੀਆਂ।



*ਰੇਡੀਓ ਕਮੈਂਟੇਟਰ ਅਲੈਕਸ ਜੋਨਸ*

### ■ ਰੇਡੀਓ ਕਮੈਂਟੇਟਰ ਦੇ ਬਿਆਨ ਨੇ ਛੇੜੀ ਚਰਚਾ

ਜੋਨਸ ਨੇ ਕਿਹਾ ਕਿ ਦਸ ਵਿਚੋਂ ਸੱਤ ਐੱਚ-1ਬੀ ਵੀਜ਼ੇ ਭਾਰਤ ਦੇ ਇੱਕ ਹੀ ਖੇਤਰ ਤੋਂ ਆਉਂਦੇ ਹਨ। ਉਨ੍ਹਾਂ ਨੇ ਕਿਹਾ ਕਿ ਉਹ "ਭਾਰਤੀਆਂ ਨਾਲ ਨਫ਼ਰਤ ਨਹੀਂ ਕਰਦਾ" ਅਤੇ ਉਨ੍ਹਾਂ ਨੂੰ ਸਮਾਰਟ ਅਤੇ ਨਿਯਮਾਂ ਦੀ ਪਾਲਣਾ ਕਰਨ ਵਾਲੇ ਦੱਸਿਆ, ਪਰ ਉਨ੍ਹਾਂ ਨੇ ਅਮਰੀਕੀ ਕੰਮ ਵਾਲੀਆਂ ਥਾਵਾਂ 'ਤੇ ਨਜ਼ਰ ਆਈ ਬਹੁਤ ਜ਼ਿਆਦਾ ਭਾਰਤੀ ਮੌਜੂਦਗੀ ਦਾ ਵਰਣਨ ਕੀਤਾ।

ਉਨ੍ਹਾਂ ਕਿਹਾ ਕਿ ਪਿਛਲੇ ਚਾਰ ਸਾਲਾਂ ਵਿਚ ਉਸ ਨੇ "ਭਾਰਤੀਆਂ ਨੂੰ ਸਾਰੇ ਨੌਕਰੀ ਸੈਕਟਰਾਂ 'ਤੇ ਕਬਜ਼ਾ ਕਰਦੇ" ਦੇਖਿਆ ਹੈ ਅਤੇ ਦਾਅਵਾ ਕੀਤਾ ਕਿ ਉਹ ਉਨ੍ਹਾਂ ਨੂੰ "ਹਰ ਜਗ੍ਹਾ" ਵੇਖਦਾ ਹੈ, ਇੱਥੋਂ ਤੱਕ ਕਿ ਰੈਸਟੋਰੈਂਟਾਂ ਵਿਚ ਵੀ। ਜੋਨਸ ਨੇ ਕਿਹਾ ਕਿ ਉਸ ਦੇ ਵਿਸ਼ਵਾਸ ਅਨੁਸਾਰ ਹੁਣ ਭਾਰਤੀ ਦੇਸ਼ ਵਿਚ ਜ਼ਿਆਦਾਤਰ ਨੌਕਰੀਆਂ ਰੱਖਦੇ ਹਨ, ਇੱਥੋਂ ਤੱਕ ਕਿ ਬਹੁਤ ਸਾਰੇ ਰੈਸਟੋਰੈਂਟਾਂ ਵਿਚ ਗਾਹਕ ਵੀ ਭਾਰਤੀ ਹੁੰਦੇ ਹਨ।

ਜੋਨਸ ਨੇ ਆਪਣੀਆਂ ਟਿੱਪਣੀਆਂ ਵਿਚ ਵਾਰ-ਵਾਰ ਕਿਹਾ ਕਿ ਉਹ "ਭਾਰਤੀਆਂ ਨਾਲ ਨਫ਼ਰਤ ਨਹੀਂ ਕਰਦਾ।" ਉਨ੍ਹਾਂ ਨੇ ਦਲੀਲ ਦਿੱਤੀ ਕਿ "ਭਾਰਤੀਆਂ ਦੀ ਸੋਚ ਅਮਰੀਕੀ ਸੱਭਿਆਚਾਰ ਨਾਲ ਮੇਲ ਨਹੀਂ ਖਾਂਦੀ।" ਉਨ੍ਹਾਂ ਨੇ ਭਾਰਤ ਵਿਚ ਗੋਬਰ ਤਿਉਹਾਰ ਸਬੰਧੀ ਹਾਲੀਆ ਵਾਇਰਲ ਵੀਡੀਓ ਦਾ ਉਦਾਹਰਨ ਦਿੱਤਾ।

ਉਨ੍ਹਾਂ ਦੇ ਬਿਆਨ ਉਸ ਵੇਲੇ ਆਏ ਜਦੋਂ ਐੱਚ-1ਬੀ ਬਹਿਸ ਹੋਰ ਤੇਜ਼ ਹੋ ਗਈ, ਬਾਅਦ ਵਿਚ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਕਿਹਾ ਕਿ ਉਨ੍ਹਾਂ ਦੀ ਪ੍ਰਸ਼ਾਸਨਿਕ ਟੀਮ ਇਸ ਵੀਜ਼ਾ ਸ਼੍ਰੇਣੀ 'ਤੇ "ਬਹੁਤ ਸਖ਼ਤੀ ਨਾਲ ਕੰਮ ਨਹੀਂ ਕਰੇਗੀ," ਕਿਉਂਕਿ ਸੰਯੁਕਤ ਰਾਜ ਨੂੰ ਕੁਝ ਹੁਨਰਮੰਦ ਵਿਦੇਸ਼ੀ ਕਰਮਚਾਰੀਆਂ ਦੀ ਲੋੜ ਹੈ।

■ ਬਾਕੀ ਖਬਰ ਸਫਾ 16 'ਤੇ

## ਬੇਅੰਤ ਸਿੰਘ ਕਤਲ ਕੇਸ; ਮੁੱਖ ਗਵਾਹ ਬਲਵਿੰਦਰ ਬਿੱਟੂ ਵੱਲੋਂ ਰਾਜਪਾਲ ਨੂੰ ਮੰਗ ਪੱਤਰ

**ਚੰਡੀਗੜ੍ਹ, (ਪੰਜਾਬ ਮੇਲ)**- ਪੰਜਾਬ ਦੇ ਸਾਬਕਾ ਮੁੱਖ ਮੰਤਰੀ ਬੇਅੰਤ ਸਿੰਘ ਦੇ



ਕਤਲ ਦੇ ਮੁੱਖ ਗਵਾਹ ਬਲਵਿੰਦਰ ਸਿੰਘ ਬਿੱਟੂ ਇੱਕ ਵਾਰ ਫਿਰ ਗੰਭੀਰ ਸੁਰੱਖਿਆ ਸੰਕਟ ਦਾ ਸਾਹਮਣਾ ਕਰ ਰਹੇ ਹਨ। ਸੁਰੱਖਿਆ ਵਿਚ ਕਮੀਆਂ ਦਾ ਦੋਸ਼ ਲਗਾਉਂਦੇ ਹੋਏ ਉਨ੍ਹਾਂ ਨੇ ਪੰਜਾਬ ਦੇ ਰਾਜਪਾਲ ਗੁਲਾਬ ਚੰਦ ਕਟਾਰੀਆ ਨੂੰ ਇੱਕ ਮੰਗ ਪੱਤਰ ਸੌਂਪਿਆ ਹੈ, ਜਿਸ ਵਿਚ ਉਨ੍ਹਾਂ ਦੇ ਦਖਲ ਦੀ ਮੰਗ ਕੀਤੀ ਗਈ ਹੈ। ਰਾਜਪਾਲ ਨੇ ਤੁਰੰਤ ਕਾਰਵਾਈ ਲਈ ਗ੍ਰਹਿ ਸਕੱਤਰ ਨੂੰ ਆਪਣਾ ਪੱਤਰ ਭੇਜਿਆ ਹੈ। ਬਲਵਿੰਦਰ ਸਿੰਘ ਬਿੱਟੂ ਉਹ ਗਵਾਹ ਹੈ, ਜਿਸਦੀ ਗਵਾਹੀ ਨਾਲ ਬੇਅੰਤ ਸਿੰਘ ਕਤਲ ਦੇ ਦੋਸ਼ੀਆਂ ਨੂੰ ਸਜ਼ਾ ਮਿਲੀ।

### ■ ਸੁਰੱਖਿਆ 'ਚ ਕਮੀਆਂ ਦਾ ਲਗਾਇਆ ਦੋਸ਼

■ ਬਾਕੀ ਖਬਰ ਸਫਾ 16 'ਤੇ

## ਹਾਈ ਪ੍ਰੋਫਾਈਲ ਕੌਮਾਂਤਰੀ ਡਰੱਗ ਤੇ ਗਵਾਹ ਦੀ ਹੱਤਿਆ ਦੇ ਮਾਮਲੇ 'ਚ ਪੰਜਾਬੀ ਸਮੇਤ 10 ਗ੍ਰਿਫ਼ਤਾਰ

**ਸੈਕਰਾਮੈਂਟੋ, (ਹੁਸਨ ਲੜੋਆ ਬੰਗਾ/ਪੰਜਾਬ ਮੇਲ)**- ਹਾਈ ਪ੍ਰੋਫਾਈਲ ਕੌਮਾਂਤਰੀ ਕੋਕੀਨ ਤਸਕਰੀ ਤੇ ਹੱਤਿਆ ਦੇ ਮਾਮਲੇ ਵਿਚ ਟੋਰਾਂਟੋ ਦੇ ਵਕੀਲ ਦੀਪਕ ਬਲਵੰਤ ਪਰਾਦਕਰ ਤੇ ਕ੍ਰਾਈਮ ਸਾਈਟ ਆਪਰੇਟਰ ਗੁਰਸੇਵਕ ਸਿੰਘ ਬੱਲ ਦੇ ਨਾਂ ਪ੍ਰਮੁੱਖ ਤੌਰ 'ਤੇ ਸਾਹਮਣੇ ਆਏ ਹਨ। ਇਨ੍ਹਾਂ ਦੋਨਾਂ ਨੂੰ ਗ੍ਰਿਫਤਾਰ ਕਰ ਲਿਆ ਗਿਆ ਹੈ। ਅਦਾਲਤ ਵਿਚ ਦਾਇਰ ਸੰਘੀ ਦੋਸ਼ ਪੱਤਰ ਅਨੁਸਾਰ ਇਨ੍ਹਾਂ ਦੋਨਾਂ ਨੇ ਕਈ ਟਨ ਕੋਕੀਨ ਕੋਲੰਬੀਆ ਤੋਂ ਮੈਕਸੀਕੋ ਰਾਹੀਂ ਅਮਰੀਕਾ ਤੇ



ਕੈਨੇਡਾ ਵਿਚ ਭੇਜਣ 'ਚ ਅਹਿਮ ਭੂਮਿਕਾ ਨਿਭਾਈ। ਇਸ ਤੋਂ ਇਲਾਵਾ ਇਨ੍ਹਾਂ ਨੇ ਡਰੱਗ ਮਾਮਲੇ ਵਿਚ ਇੱਕ ਪ੍ਰਮੁੱਖ ਸੰਘੀ ਗਵਾਹ ਦੀ ਹੱਤਿਆ ਕਰਨ 'ਚ ਮਦਦ ਕੀਤੀ। ਸਾਬਕਾ ਉਲੰਪਿਕ ਸਨੋਅਬੋਰਡਰ ਰਿਆਨ ਜੇਮਜ਼ ਵੈਡਿੰਗ ਵੀ ਦੋਸ਼ੀ ਵਜੋਂ ਸ਼ਾਮਲ ਹੈ, ਜੋ ਨੈੱਟਵਰਕ ਚਲਾਉਂਦਾ ਸੀ ਤੇ ਉਹ ਮੁੱਖ ਤੌਰ 'ਤੇ ਪਰਾਦਕਰ ਤੇ ਬੱਲ ਵਰਗੇ ਲੋਕਾਂ ਵੱਲੋਂ ਕੀਤੀ ਗਈ ਸਹਾਇਤਾ ਉਪਰ ਨਿਰਭਰ ਸੀ। 62 ਸਾਲਾ ਪਰਾਦਕਰ ਇੱਕ ਪ੍ਰਸਿੱਧ ਕ੍ਰਿਮੀਨਲ ਵਕੀਲ ਹੈ, ਜੋ ਟੋਰਾਂਟੋ ਦਾ ਵਸਨੀਕ ਹੈ। ਪਿਛਲੇ ਸਾਲ ਕੈਲੀਫੋਰਨੀਆ ਵਿਚ ਕੋਕੀਨ ਦੀ ਵੱਡੀ ਖੇਪ ਫੜੇ ਜਾਣ ਉਪਰੰਤ ਪਰਾਦਕਰ ਦਾ ਨਾਂ ਸਾਹਮਣੇ ਆਇਆ ਸੀ। ਉਸ ਨੇ ਪ੍ਰਮੁੱਖ ਗਵਾਹ ਨੂੰ ਮਰਵਾਉਣ ਵਿਚ ਅਹਿਮ ਭੂਮਿਕਾ ਨਿਭਾਈ। ਉਸ ਨੇ ਵੈਡਿੰਗ ਨੂੰ ਸਲਾਹ ਦਿੱਤੀ ਕਿ ਜੇਕਰ ਪ੍ਰਮੁੱਖ ਗਵਾਹ ਨੂੰ ਮਾਰ ਦਿੱਤਾ ਜਾਵੇ, ਤਾਂ ਡਰੱਗ ਮਾਮਲਾ ਕਮਜ਼ੋਰ ਹੋ ਜਾਵੇਗਾ। ਵਕੀਲਾਂ ਅਨੁਸਾਰ ਗੁਰਸੇਵਕ ਸਿੰਘ ਬੱਲ ਨੇ ਗਵਾਹ ਨੂੰ ਲੱਭਣ ਵਿਚ ਮਦਦ ਕੀਤੀ। ਉਸ ਨੇ ਆਪਣੀ ਵੈੱਬਸਾਈਟ ਉਪਰ ਗਵਾਹ ਦੀ ਤਸਵੀਰ ਪ੍ਰਕਾਸ਼ਿਤ ਕੀਤੀ, ਜਿਸ ਦੇ ਬਦਲੇ ਵਿਚ ਪੈਸੇ ਲਏ। ਜਾਂਚਕਾਰਾਂ ਅਨੁਸਾਰ ਬੱਲ ਦੇ ਇਸ ਕਦਮ ਨੇ ਸਾਜ਼ਿਸ਼ ਵਿਚ ਅਹਿਮ ਭੂਮਿਕਾ ਨਿਭਾਈ।

■ ਬਾਕੀ ਖਬਰ ਸਫਾ 16 'ਤੇ

## ਸ਼੍ਰੋਮਣੀ ਕਮੇਟੀ ਵੱਲੋਂ 'ਸੀਸ ਮਾਰਗ ਨਗਰ ਕੀਰਤਨ' ਦਿੱਲੀ ਤੋਂ ਸ੍ਰੀ ਅਨੰਦਪੁਰ ਸਾਹਿਬ ਲਈ ਹੋਇਆ ਆਰੰਭ

**ਅੰਮ੍ਰਿਤਸਰ, (ਪੰਜਾਬ ਮੇਲ)**- ਨੌਵੇਂ ਪਾਤਸ਼ਾਹ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ ਸ਼ਹੀਦੀ ਸਾਕੇ ਦੀ 350 ਸਾਲਾ ਸ਼ਤਾਬਦੀ ਮੌਕੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਭਾਈ ਜੈਤਾ ਜੀ ਦੁਆਰਾ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦਾ ਸੀਸ ਦਿੱਲੀ ਤੋਂ ਸ੍ਰੀ ਅਨੰਦਪੁਰ ਸਾਹਿਬ ਲੈ ਕੇ ਆਉਣ ਦੀ ਯਾਦ 'ਚ ਗੁਰਦੁਆਰਾ ਸੀਸ ਗੰਜ ਸਾਹਿਬ ਦਿੱਲੀ ਤੋਂ ਸ੍ਰੀ ਅਨੰਦਪੁਰ ਸਾਹਿਬ ਲਈ 'ਸੀਸ ਮਾਰਗ ਨਗਰ ਕੀਰਤਨ' ਆਰੰਭ ਕੀਤਾ ਗਿਆ। ਇਹ ਨਗਰ ਕੀਰਤਨ ਉਨ੍ਹਾਂ ਅਸਥਾਨਾਂ ਤੋਂ ਹੁੰਦਾ ਹੋਇਆ ਸ੍ਰੀ ਅਨੰਦਪੁਰ ਸਾਹਿਬ ਵਿਖੇ ਪੁੱਜੇਗਾ, ਜਿਨ੍ਹਾਂ ਅਸਥਾਨਾਂ 'ਤੇ ਭਾਈ ਜੈਤਾ ਜੀ ਨੌਵੇਂ ਪਾਤਸ਼ਾਹ ਜੀ ਦਾ ਸੀਸ ਲੈ ਕੇ ਰੁਕੇ ਸਨ। ਖ਼ਾਲਸਈ ਜਾਹੋ-ਜਲਾਲ ਨਾਲ ਆਰੰਭ ਹੋਏ ਨਗਰ ਕੀਰਤਨ 'ਚ ਵੱਡੀ ਗਿਣਤੀ ਸੰਗਤਾਂ ਵੱਲੋਂ ਸ਼ਮੂਲੀਅਤ ਕਰਕੇ ਨੌਵੇਂ ਪਾਤਸ਼ਾਹ ਜੀ ਨੂੰ ਸਤਿਕਾਰ ਭੇਟ ਕੀਤਾ ਗਿਆ।



## ਭਾਰਤ ਤੇ ਸ੍ਰੀਲੰਕਾ 'ਚ ਹੋਵੇਗਾ ਅਗਲੇ ਸਾਲ ਦਾ ਟੀ-20 ਵਿਸ਼ਵ ਕੱਪ

**ਨਵੀਂ ਦਿੱਲੀ, (ਪੰਜਾਬ ਮੇਲ)**- ਅਗਲੇ ਸਾਲ 2026 ਦਾ ਪੁਰਸ਼ ਟੀ-20 ਕ੍ਰਿਕਟ ਵਿਸ਼ਵ ਕੱਪ ਦੇ ਮੈਚਾਂ ਲਈ ਥਾਵਾਂ ਦਾ ਐਲਾਨ ਕਰ ਦਿੱਤਾ ਗਿਆ। ਆਈ.ਸੀ.ਸੀ. ਚੇਅਰਮੈਨ ਜੈ ਸ਼ਾਹ ਨੇ ਕਿਹਾ ਕਿ ਇਸ ਵਿਸ਼ਵ ਕੱਪ ਦੇ ਪੰਜ ਮੈਚ ਭਾਰਤ ਵਿਚ ਅਤੇ ਤਿੰਨ ਮੈਚ ਸ੍ਰੀਲੰਕਾ ਵਿਚ ਹੋਣਗੇ। ਭਾਰਤ ਵਿਚ ਇਹ ਮੈਚ ਦਿੱਲੀ, ਅਹਿਮਦਾਬਾਦ, ਚੇਨਈ, ਕੋਲਕਾਤਾ, ਮੁੰਬਈ ਵਿਚ ਹੋਣਗੇ, ਜਦਕਿ ਸ੍ਰੀਲੰਕਾ ਵਿਚਲੇ ਮੈਚ ਕੋਲੰਬੋ ਅਤੇ ਕੈਂਡੀ ਵਿਚ ਹੋਣਗੇ। ਉਨ੍ਹਾਂ ਕਿਹਾ ਕਿ ਇਨ੍ਹਾਂ ਮੈਚਾਂ ਲਈ ਭਾਰਤ ਦੇ ਸਟਾਰ ਬੱਲੇਬਾਜ਼ ਰੋਹਿਤ ਸ਼ਰਮਾ ਬਰੈਂਡ ਅੰਬੈਸਡਰ ਹੋਣਗੇ।

ICC MEN'S T20 WORLD CUP INDIA & SRI LANKA 2026

ਆਈ.ਸੀ.ਸੀ. ਚੇਅਰਮੈਨ ਨੇ ਦੱਸਿਆ ਕਿ ਇਸ ਵਿਸ਼ਵ ਕੱਪ ਦੇ ਮੈਚ ਸੱਤ ਫਰਵਰੀ ਨੂੰ ਸ਼ੁਰੂ ਹੋਣਗੇ ਤੇ ਅੱਠ ਮਾਰਚ ਨੂੰ ਇਸ ਟੂਰਨਾਮੈਂਟ ਦਾ ਆਖਰੀ ਮੈਚ ਹੋਵੇਗਾ। ਭਾਰਤ ਅਤੇ ਪਾਕਿਸਤਾਨ ਨੂੰ ਅਮਰੀਕਾ, ਨੀਦਰਲੈਂਡ ਅਤੇ ਨਾਮੀਬੀਆ ਨਾਲ ਗਰੁੱਪ ਏ ਵਿਚ ਰੱਖਿਆ ਗਿਆ ਹੈ। ਭਾਰਤ ਅਤੇ ਪਾਕਿਸਤਾਨ 15 ਫਰਵਰੀ ਨੂੰ ਕੋਲੰਬੋ ਦੇ ਆਰ ਪ੍ਰੇਮਦਾਸਾ ਸਟੇਡੀਅਮ ਵਿਚ ਇੱਕ ਦੂਜੇ ਨਾਲ ਮੈਚ ਖੇਡਣਗੇ।

# ਸ੍ਰੀਨਗਰ, ਈਰਾਨ ਤੋਂ ਬਾਅਦ ਹੁਣ ਕੈਲੀਫੋਰਨੀਆ ’ਚ ਵੀ ਉਗਾਇਆ ਜਾਵੇਗਾ ਕੇਸਰ

























































**ਸੈਕਰਾਮੈਂਟੋ, (ਪੰਜਾਬ ਮੇਲ)**– ਕੋਹਿਨੂਰ ਕਲੱਬ ਸੈਕਰਾਮੈਂਟੋ ਵੱਲੋਂ ਸਮੇਂ-ਸਮੇਂ ’ਤੇ ਕੋਈ ਨਾ ਕੋਈ ਸਮਾਗਮ ਕਰਵਾਇਆ ਜਾਂਦਾ ਹੈ। ਇਸ ਵਾਰ ਅਜਿਹਾ ਸਮਾਗਮ ਕਰਵਾਇਆ ਗਿਆ, ਜੋ ਬਿਲਕੁਲ ਹੱਟ ਕੇ ਸੀ। ਸ਼੍ਰੀਨਗਰ, ਈਰਾਨ ਵਿਚ ਸੈਫਰਨ ਦੀ ਹੋਣ ਵਾਲੀ ਫਸਲ ਨੂੰ ਕੈਲੀਫੋਰਨੀਆ ਦੀ ਧਰਤੀ ’ਤੇ ਪੈਦਾ ਕਰਕੇ ਨਵਾਂ ਤਜ਼ਰਬਾ ਕੀਤਾ ਗਿਆ, ਜਿਸ ਦਾ ਸਿਹਰਾ ਕੋਹਿਨੂਰ ਕਲੱਬ ਦੇ ਸਿਰ ਜਾਂਦਾ ਹੈ। ਡਾ. ਪਰਮਜੀਤ ਰੰਧਾਵਾ ਵੱਲੋਂ ਸ਼ੁਰੂ ਕੀਤੀ ਗਈ ਇਸ ਮੁਹਿੰਮ ’ਚ ਹੋਰ ਵੀ ਬਹੁਤ ਸਾਰੇ ਮੈਂਬਰ ਜੁੜਨੇ ਸ਼ੁਰੂ ਹੋਏ, ਤੇ ਆਖਰ ਸੈਫਰਨ ਨੂੰ ਰਿਆੜ ਫਾਰਮ ਰੋਜ਼ਵਿਲ ਵਿਖੇ ਬੀਜ ਕੇ ਇਕ ਸਫਲ ਤਜ਼ਰਬਾ ਕੀਤਾ ਗਿਆ। ਇਸ ਤਜ਼ਰਬੇ ਦੀ ਕਾਮਯਾਬੀ ਉੱਤੇ ਇਕ ਸਮਾਗਮ ਰੱਖਿਆ ਗਿਆ, ਜਿਸ ਵਿਚ ਕਲੱਬ ਦੇ ਮੈਂਬਰ ਵੱਡੀ ਗਿਣਤੀ ਵਿਚ ਹਾਜ਼ਰ ਹੋਏ। ਉਨ੍ਹਾਂ ਨੇ ਇਥੇ ਉਗਾਏ ਗਏ ਸੈਫਰਨ ਦੇ ਫੁੱਲਾਂ ਨੂੰ ਬੜੇ ਗੌਰ ਨਾਲ ਦੇਖਿਆ ਅਤੇ ਜਾਣਕਾਰੀ ਹਾਸਲ ਕੀਤੀ। ਮੈਂਬਰਾਂ ਨੇ ਇਹ ਜਾਣਕਾਰੀ ਲੈਣ ਤੋਂ ਬਾਅਦ ਖੁਦ ਵੀ ਇਸ ਤਕਨੀਕ ਨੂੰ ਅਪਣਾਉਣ ਲਈ ਹਾਂ-ਪੱਖੀ ਹੁੰਗਾਰਾ ਦਿੱਤਾ।

ਇਸ ਦੌਰਾਨ ਸੈਫਰਨ ਨਾਲ ਸੰਬੰਧਤ ਨੁਮਾਇਸ਼ਾਂ ਵੀ ਲਾਈਆਂ ਗਈਆਂ, ਜਿੱਥੇ ਇਨ੍ਹਾਂ ਫੁੱਲਾਂ ਨਾਲ ਤਿਆਰ ਕੀਤੇ ਪ੍ਰੋਡਕਟ ਵੀ ਆਏ ਮਹਿਮਾਨਾਂ ਨੂੰ ਦਿਖਾਏ ਗਏ। ਰੰਗਾਰੰਗ ਪ੍ਰੋਗਰਾਮ ਦੌਰਾਨ ਡਾ. ਪਰਮਜੀਤ ਰੰਧਾਵਾ ਅਤੇ ਡਾ. ਲਖਵਿੰਦਰ ਸਿੰਘ ਰੰਧਾਵਾ ਨੇ ਇਸ ਨੂੰ ਬੀਜਣ ਦੀ ਤਕਨੀਕ ਬਾਰੇ ਵਿਸਥਾਰ ਨਾਲ ਜਾਣਕਾਰੀ ਦਿੱਤੀ। ਇਸ ਮੌਕੇ ਗੁਰਜਤਿੰਦਰ ਸਿੰਘ ਰੰਧਾਵਾ ਨੇ ਕਸ਼ਮੀਰ ਦੇ ਸ਼੍ਰੀਨਗਰ ਵਿਖੇ ਹੁੰਦੀ ਸੈਫਰਨ ਦੀ ਖੇਤੀ ਉੱਤੇ ਪੰਜਾਬ ਮੇਲ ਯੂ.ਐੱਸ.ਏ. ਟੀ.ਵੀ. ਲਈ ਬਣਾਈ ਗਈ ਡਾਕੂਮੈਂਟਰੀ ਬਾਰੇ ਜਾਣਕਾਰੀ ਦਿੱਤੀ ਅਤੇ ਦੱਸਿਆ ਕਿ ਕਿਵੇਂ ਸ਼੍ਰੀਨਗਰ ਦੇ ਨਜ਼ਦੀਕ ਪੰਪੋਰ ਇਲਾਕੇ ਵਿਚ ਇਸ ਦੀ ਖੇਤੀ ਕੀਤੀ ਜਾਂਦੀ ਹੈ। ਸ. ਰੰਧਾਵਾ ਨੇ ਸੈਫਰਨ ’ਤੇ ਲਿਖੀ ਆਪਣੀ ਕਵਿਤਾ ਵੀ ਆਏ ਦਰਸ਼ਕਾਂ ਨੂੰ ਸੁਣਾਈ। ਪੰਜਾਬੀ ਗਾਇਕ ਰਾਜ ਬਰਾੜ ਅਤੇ ਡਾ. ਜੇ.ਪੀ. ਰੂਪਰਾਏ ਨੇ ਗੀਤ ਸੁਣਾਏ ਅਤੇ ਪਵਿੱਤਰ ਨਾਹਲ ਨੇ ਸੈਫਰਨ ਦੇ ਪਰੌਂਠਿਆਂ ’ਤੇ ਇੱਕ ਕਵਿਤਾ ਸੁਣਾਈ। ਅਖੀਰ ਵਿਚ ਕਲੱਬ ਦੇ ਪ੍ਰਧਾਨ ਨਵਤੇਜ ਰਿਆੜ ਨੇ ਆਏ ਮਹਿਮਾਨਾਂ ਦਾ ਧੰਨਵਾਦ ਕੀਤਾ।

# ਨਹੀਂ ਰਹੇ ਬਾਲੀਵੁੱਡ ਦੇ ‘ਹੀ ਮੈਨ’ ਧਰਮਿੰਦਰ



## ■ 89 ਸਾਲ ਦੀ ਉਮਰ ’ਚ ਲਏ ਆਖ਼ਰੀ ਸਾਹ
## ■ ‘ਹਾਈ ਸਕਿਓਰਿਟੀ’ ਵਿਚਾਲੇ ਹੋਇਆ ਅੰਤਿਮ ਸੰਸਕਾਰ

**ਮੁੰਬਈ, (ਪੰਜਾਬ ਮੇਲ)**- ਬਾਲੀਵੁੱਡ ਦੇ ਦਿੱਗਜ ਅਭਿਨੇਤਾ ਅਤੇ ‘ਹੀ-ਮੈਨ’ ਵਜੋਂ ਜਾਣੇ ਜਾਂਦੇ ਧਰਮਿੰਦਰ ਦਾ 24 ਨਵੰਬਰ ਨੂੰ 89 ਸਾਲ ਦੀ ਉਮਰ ’ਚ ਦਿਹਾਂਤ ਹੋ ਗਿਆ। ਅਦਾਕਾਰ ਨੇ ਸੋਮਵਾਰ ਦੁਪਹਿਰ ਨੂੰ ਆਪਣੇ ਘਰ ਵਿਚ ਹੀ ਆਖਰੀ ਸਾਹ ਲਏ। ਉਨ੍ਹਾਂ ਦੇ ਦਿਹਾਂਤ ਦੀ ਖ਼ਬਰ ਸੁਣ ਕੇ ਪੂਰੇ ਦੇਸ਼ ਅਤੇ ਫਿਲਮ ਉਦਯੋਗ ਵਿਚ ਸੋਗ ਦੀ ਲਹਿਰ ਦੌੜ ਗਈ। ਧਰਮਿੰਦਰ ਦਾ ਅੰਤਿਮ ਸੰਸਕਾਰ ਸੋਮਵਾਰ ਨੂੰ ਮੁੰਬਈ ਦੇ ਪਵਨ ਹੰਸ ਸ਼ਮਸ਼ਾਨ ਘਾਟ ਵਿਚ ਕੀਤਾ ਗਿਆ।

ਦਿੱਗਜ ਅਦਾਕਾਰ ਨੂੰ ਅੰਤਿਮ ਵਿਦਾਈ ਦੇਣ ਲਈ ਸ਼ਮਸ਼ਾਨ ਘਾਟ ’ਤੇ ਵੱਡੀ ਗਿਣਤੀ ਵਿਚ ਮਸ਼ਹੂਰ ਹਸਤੀਆਂ ਅਤੇ ਦਿਓਲ ਪਰਿਵਾਰ ਦੇ ਮੈਂਬਰ ਮੌਜੂਦ ਸਨ।

ਧਰਮਿੰਦਰ ਦੇ ਅੰਤਿਮ ਸੰਸਕਾਰ ਦੌਰਾਨ ਉੱਚ ਸੁਰੱਖਿਆ ਦਾ ਪ੍ਰਬੰਧ ਕੀਤਾ ਗਿਆ ਸੀ, ਤਾਂ ਜੋ ਕੋਈ ਵੀ ਗੜਬੜ ਨਾ ਹੋਵੇ।

ਧਰਮਿੰਦਰ ਦੇ ਅੰਤਿਮ ਸੰਸਕਾਰ ਵਿਚ ਹਿੰਦੀ ਸਿਨੇਮਾ ਦੀਆਂ ਲਗਭਗ ਸਾਰੀਆਂ ਮਹੱਤਵਪੂਰਨ ਹਸਤੀਆਂ ਪਹੁੰਚੀਆਂ। ਇਸ ਦੌਰਾਨ, ਫਿਲਮ ‘ਸ਼ੋਲੇ’ ਦੇ ਉਨ੍ਹਾਂ ਦੇ ਕਰੀਬੀ ਦੋਸਤ ਅਮਿਤਾਭ ਬੱਚਨ ਆਪਣੇ ਬੇਟੇ ਅਭਿਸ਼ੇਕ ਬੱਚਨ ਦੇ ਨਾਲ ਪਹੁੰਚੇ। ਅਮਿਤਾਭ ਨੇ ਇਸ ਤੋਂ ਪਹਿਲਾਂ ਰਾਤ ਨੂੰ 3:38 ਵਜੇ ਇੱਕ ਭਾਵੁਕ ਪੋਸਟ ਵੀ ਕੀਤੀ ਸੀ। ਸ਼ਰਧਾਂਜਲੀ ਦੇਣ ਵਾਲੇ ਸਿਤਾਰਿਆਂ ਵਿਚ ਅਕਸ਼ੈ ਕੁਮਾਰ, ਸਲਮਾਨ ਖਾਨ, ਰਣਵੀਰ ਸਿੰਘ, ਦੀਪਿਕਾ ਪਾਦੂਕੋਣ, ਆਮਿਰ ਖਾਨ, ਸੰਜੇ ਦੱਤ, ਅਨਿਲ ਕਪੂਰ, ਜੈਕੀ ਸ਼ਰਾਫ, ਜ਼ਾਇਦ ਖਾਨ ਅਤੇ ਸਿਧਾਰਥ ਰਾਏ ਕਪੂਰ ਤੇ ਅਗਸਤਿਆ ਨੰਦਾ ਸ਼ਾਮਲ ਸਨ।

ਅੰਤਿਮ ਸੰਸਕਾਰ ਤੋਂ ਬਾਅਦ ਉਨ੍ਹਾਂ ਦੀ ਪਤਨੀ ਹੇਮਾ ਮਾਲਿਨੀ ਅਤੇ ਬੇਟੀ ਈਸ਼ਾ ਦਿਓਲ ਦੀਆਂ ਤਸਵੀਰਾਂ ਸਾਹਮਣੇ ਆਈਆਂ, ਜਿਨ੍ਹਾਂ ਵਿਚ ਉਹ ਬੇਹੱਦ ਭਾਵੁਕ ਨਜ਼ਰ ਆ ਰਹੇ ਸਨ। ਹੇਮਾ ਮਾਲਿਨੀ ਨੇ ਦੁੱਖ ਵਿਚ ਮੀਡੀਆ ਦੇ ਸਾਹਮਣੇ ਹੱਥ ਵੀ ਜੋੜੇ।

ਦੱਸਣਯੋਗ ਹੈ ਕਿ ਧਰਮਿੰਦਰ ਨੂੰ ਨਵੰਬਰ ਮਹੀਨੇ ਦੀ ਸ਼ੁਰੂਆਤ ਵਿਚ ਰੁਟੀਨ ਚੈਕਅੱਪ ਲਈ ਹਸਪਤਾਲ ਲਿਜਾਇਆ ਗਿਆ ਸੀ। 10 ਨਵੰਬਰ ਦੇ ਕਰੀਬ ਉਨ੍ਹਾਂ ਦੀ ਤਬੀਅਤ ਵਿਗੜ ਗਈ ਅਤੇ ਉਨ੍ਹਾਂ ਨੂੰ ਹਸਪਤਾਲ ਵਿਚ ਦਾਖਲ ਕਰਵਾਇਆ ਗਿਆ। ਹਾਲਾਂਕਿ ਇਸ ਦੌਰਾਨ ਉਨ੍ਹਾਂ ਦੀ ਮੌਤ ਦੀਆਂ ਝੂਠੀਆਂ ਅਫਵਾਹਾਂ ਵੀ ਫੈਲੀਆਂ ਸਨ, ਜਿਸ ਨੂੰ ਪਰਿਵਾਰ ਨੇ ਖਾਰਜ ਕੀਤਾ ਸੀ। ਬਾਅਦ ਵਿਚ ਉਨ੍ਹਾਂ ਨੂੰ ਇਲਾਜ ਲਈ ਘਰ ਸ਼ਿਫਟ ਕਰ ਦਿੱਤਾ ਗਿਆ ਸੀ, ਜਿੱਥੇ 24 ਨਵੰਬਰ ਨੂੰ ਉਨ੍ਹਾਂ ਦਾ ਦਿਹਾਂਤ ਹੋ ਗਿਆ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਸਮੇਤ ਕਈ ਰਾਜਨੀਤਿਕ ਅਤੇ ਬਾਲੀਵੁੱਡ ਸ਼ਖਸੀਅਤਾਂ ਨੇ ‘ਹੀ-ਮੈਨ’ ਦੇ ਦਿਹਾਂਤ ’ਤੇ ਦੁੱਖ ਪ੍ਰਗਟ ਕੀਤਾ ਅਤੇ ਸ਼ਾਂਤੀ ਲਈ ਦੁਆ ਕੀਤੀ।

## ਫਿਲਮ ਦੇਖਣ ਮੌਕੇ ‘ਟਿੱਕੀ ਸਮੋਸੇ’ ਲਈ ਜੇਬ੍ਹ ’ਚ ‘ਚਵੰਨੀ’ ਰੱਖਦਾ ਸੀ ਧਰਮਿੰਦਰ

**ਪਟਿਆਲਾ, (ਪੰਜਾਬ ਮੇਲ)**- ਪੂਰਾ ਦੇਸ਼ ਜਿੱਥੇ ਅਦਾਕਾਰ ਧਰਮਿੰਦਰ ਦੀ ਮੌਤ ’ਤੇ ਸੋਗ ਮਨਾ ਰਿਹਾ ਹੈ, ਉੱਥੇ ਹੀ ਇੱਕ ਸਮਾਂ ਅਜਿਹਾ ਵੀ ਆਇਆ, ਜਦੋਂ ਜੁਲਾਈ 2020 ’ਚ ਲੁਧਿਆਣਾ ਦੇ ਇੱਕ ਪੁਰਾਣੇ ਥੀਏਟਰ ਸਾਹਮਣਿਓਂ ਲੰਘਦਿਆਂ ਬਜ਼ੁਰਗ ਅਦਾਕਾਰ ਭਾਵੁਕ ਹੋ ਗਿਆ ਸੀ। ਧਰਮਿੰਦਰ, ਜੋ ਉਦੋਂ ਟਵਿੱਟਰ (ਹੁਣ ਐਕਸ) ’ਤੇ ਬਹੁਤ ਸਰਗਰਮ ਸਨ, ਨੇ ਕਦੇ ਲੁਧਿਆਣਾ ਦੇ ਇਤਿਹਾਸਕ ਰੇਖੀ ਸਿਨੇਮਾ ਦੀ ਖਰਾਬ ਹਾਲਤ ’ਤੇ ਦੁਖ ਜਤਾਇਆ ਸੀ। ਨਿਰਾਸ਼ਾ ਪ੍ਰਗਟ ਕੀਤੀ ਸੀ

ਧਰਮਿੰਦਰ ਨੇ ਰੇਖੀ ਸਿਨੇਮਾ ਦੀ ਤਸਵੀਰ ਸਾਂਝੀ ਕਰਦਿਆਂ ਟਵੀਟ ਕੀਤਾ ਸੀ, “ਰੇਖੀ ਸਿਨੇਮਾ, ਲੁਧਿਆਣਾ... ਮੈਂ ਇੱਥੇ ਅਣਗਿਣਤ ਫਿਲਮਾਂ ਦੇਖੀਆਂ ਹਨ...ਇਹ ਸੰਨਾਟਾ...ਦੇਖ ਕੇ...ਮੇਰਾ ਦਿਲ ਉਦਾਸ ਹੋ ਗਿਆ ਹੈ...।” ਧਰਮਿੰਦਰ ਨੇ ਉਦੋਂ ਇਹ ਵੀ ਖੁਲਾਸਾ ਕੀਤਾ ਕਿ ਉਨ੍ਹਾਂ ਨੇ ਰੇਖੀ ਸਿਨੇਮਾ ’ਚ ਜੋ ਆਖਰੀ ਫਿਲਮ ਦੇਖੀ ਸੀ, ਉਹ ਦਿਲੀਪ ਕੁਮਾਰ ਦੀ ਫਿਲਮ ‘ਦੀਦਾਰ’ ਸੀ। ਬਜ਼ੁਰਗ ਅਦਾਕਾਰ ਨੇ ਲਿਖਿਆ ਸੀ, “ਉਸ ਤੜਪ ਦਾ ਆਪਣਾ ਹੀ ਮਜ਼ਾ ਸੀ।”

## ਧਰਮਿੰਦਰ ਦਾ ‘ਨੰਗਲ’ ਨਾਲ ਸੀ ਪਿਆਰ ਭਰਿਆ ਰਿਸ਼ਤਾ

**ਰੂਪਨਗਰ, (ਪੰਜਾਬ ਮੇਲ)**- ਉੱਘੇ ਬੌਲੀਵੁੱਡ ਅਦਾਕਾਰ ਧਰਮਿੰਦਰ ਦਾ ਨੰਗਲ ਨਾਲ ਪਿਆਰ ਭਰਿਆ ਰਿਸ਼ਤਾ ਸੀ। ਧਰਮਿੰਦਰ ਦੇ ਪੁਰਖੇ ਹਿਮਾਚਲ ਪ੍ਰਦੇਸ਼ ਦੇ ਨੇੜਲੇ ਪਿੰਡ ਡੇਹਲਾਂ ਨਾਲ ਸਬੰਧਤ ਸਨ ਤੇ ਇਸ ਖੇਤਰ ਨੂੰ ਸਾਲ 1970 ਵਿਚ ਫਿਲਮਾਂ ਵਿਚ ਵੀ ਪਛਾਣ ਮਿਲੀ, ਜਦੋਂ ਧਰਮਿੰਦਰ ਨੇ ਆਪਣੀ ਯਾਦਗਾਰੀ ਫਿਲਮ ‘ਝੀਲ ਕੇ ਉਸ ਪਾਰ’ ਲਈ ਸ਼ਾਂਤ ਚਿਤ ਨੰਗਲ ਡੈਮ ਦੀ ਝੀਲ ਅਤੇ ਸਤਲੁਜ ਸਦਨ ਨੂੰ ਮੁੱਖ ਸਥਾਨਾਂ ਵਜੋਂ ਚੁਣਿਆ ਸੀ।

ਇਸ ਫਿਲਮ ਵਿਚ ਧਰਮਿੰਦਰ ਨੇ ਇੱਕ ਜੋਸ਼ੀਲੇ ਚਿੱਤਰਕਾਰ ਦੀ ਭੂਮਿਕਾ ਨਿਭਾਈ ਸੀ। ਉਹ ਫਿਲਮ ਵਿਚ ਅਦਾਕਾਰ ਮੁਮਤਾਜ਼ ਦਾ ਚਿਤਰਣ ਕਰਦਾ ਸੀ ਤੇ ਇਸ ਫਿਲਮ ਦੇ ਕਈ ਦ੍ਰਿਸ਼ ਝੀਲ ਦੇ ਨਾਲ-ਨਾਲ ਭਾਖੜਾ ਬਿਆਸ ਪ੍ਰਬੰਧਨ ਬੋਰਡ (ਬੀ.ਬੀ.ਐੱਮ.ਬੀ.) ਦੇ ਸਤਲੁਜ ਸਦਨ ਰੈਸਟ ਹਾਊਸ ਦੇ ਨੇੜੇ ਫਿਲਮਾਏ ਗਏ ਸਨ। ਇੱਕ ਸਮੇਂ ਜਦੋਂ ਮਨੋਰੰਜਨ ਦੇ ਸਾਧਨ ਸੀਮਤ ਸਨ ਅਤੇ ਟੈਲੀਵਿਜ਼ਨ ਜ਼ਿਆਦਾਤਰ ਘਰਾਂ ਵਿਚ ਨਹੀਂ ਸੀ, ਤਾਂ ਉਸ ਵੇਲੇ ਫਿਲਮੀ ਸਿਤਾਰਿਆਂ ਦੀ ਮੌਜੂਦਗੀ ਨੇ ਇੱਥੇ ਬੇਮਿਸਾਲ ਉਤਸ਼ਾਹ ਪੈਦਾ ਕੀਤਾ ਸੀ। ਉਸ ਵੇਲੇ ਹਜ਼ਾਰਾਂ ਲੋਕ ਝੀਲ ਦੇ ਕਿਨਾਰੇ ਸ਼ੂਟਿੰਗ ਦੇਖਣ ਲਈ ਇਕੱਠੇ ਹੋਏ ਸਨ। ਸੇਵਾਮੁਕਤ ਬੀ.ਬੀ.ਐੱਮ.ਬੀ. ਇੰਜੀਨੀਅਰ ਚਰਨ ਦਾਸ ਪਰਦੇਸੀ ਪਿਆਰ ਨਾਲ ਯਾਦ ਕਰਦੇ ਹਨ ਕਿ ਜਦੋਂ ਵੀ ਉਨ੍ਹਾਂ ਨੂੰ ਸਮਾਂ ਮਿਲਦਾ ਸੀ, ਤਾਂ ਉਹ ਫਿਲਮ ਦੇ ਸੈੱਟਾਂ ਵੱਲ ਦੌੜਦੇ ਸਨ, ਇੱਥੋਂ ਤੱਕ ਕਿ ਡਿਊਟੀ ਤੋਂ ਛੁੱਟੀ ਲੈ ਕੇ ਸਿਰਫ਼ ਸ਼ੂਟਿੰਗ ਦੇਖਣ ਲਈ ਵੀ ਜਾਂਦੇ ਸਨ।

ਧਰਮਿੰਦਰ ਸਿੰਘ ਦਿਓਲ ਦਾ ਜਨਮ 8 ਦਸੰਬਰ 1935 ਨੂੰ ਪੰਜਾਬ (ਉਦੋਂ ਬ੍ਰਿਟਿਸ਼ ਭਾਰਤ) ਦੇ ਲੁਧਿਆਣਾ ਜ਼ਿਲ੍ਹੇ ਦੇ ਪਿੰਡ ਨਸਰਾਲੀ ਵਿਖੇ ਇੱਕ ਜੱਟ ਪਰਿਵਾਰ ’ਚ ਹੋਇਆ ਸੀ। ਉਨ੍ਹਾਂ ਦੇ ਪਿਤਾ ਕੇਵਲ ਕ੍ਰਿਸ਼ਨ ਦਿਓਲ ਪਿੰਡ ਦੇ ਸਕੂਲ ਵਿਚ ਹੈੱਡਮਾਸਟਰ ਸਨ। ਧਰਮਿੰਦਰ ਦਾ ਬਚਪਨ ਸਾਹਨੇਵਾਲ ਪਿੰਡ ਵਿਚ ਬੀਤਿਆ ਅਤੇ ਉਨ੍ਹਾਂ ਨੇ ਆਪਣੀ ਇੰਟਰਮੀਡੀਏਟ ਦੀ ਪੜ੍ਹਾਈ ਫਗਵਾੜਾ ਦੇ ਰਾਮਗੜ੍ਹੀਆ ਕਾਲਜ ਤੋਂ 1952 ਵਿਚ ਪੂਰੀ ਕੀਤੀ। ਬਚਪਨ ਤੋਂ ਹੀ ਧਰਮਿੰਦਰ ਸਿੰਘ ਦਿਓਲ ਦਾ ਝੁਕਾਅ ਫ਼ਿਲਮਾਂ ਵੱਲ ਸੀ। ਕਿੱਸਾ ਹੈ ਕਿ ਉਹ ਫ਼ਿਲਮਾਂ ਦੇਖਣ ਲਈ ਕਈ ਮੀਲ ਪੈਦਲ ਜਾਂਦੇ ਸਨ। ਸਿਨੇਮਾ ਲਈ ਉਨ੍ਹਾਂ ਦਾ ਇਹ ਜਨੂੰਨ ਉਨ੍ਹਾਂ ਨੂੰ ਮੁੰਬਈ ਲੈ ਗਿਆ।

## ਧਰਮਿੰਦਰ ਦੇ ਦੇਹਾਂਤ ’ਤੇ ਗਮਗੀਨ ਹੋਏ ਡਾਂਗੋ, ਨਸਰਾਲੀ ਤੇ ਬਨਭੌਰਾ ਪਿੰਡ ਦੇ ਵਾਸੀ



**ਮੰਡੀ ਅਹਿਮਦਗੜ੍ਹ, (ਪੰਜਾਬ ਮੇਲ)**- ਜ਼ਿਲ੍ਹਾ ਲੁਧਿਆਣਾ ਤੇ ਮਾਲੇਰਕੋਟਲਾ ਅਧੀਨ ਪੈਂਦੇ ਇਸ ਇਲਾਕੇ ਦੇ ਲੋਕਾਂ ਨੂੰ ਜਿੱਥੇ ਬਾਲੀਵੁੱਡ ਅਦਾਕਾਰ ਧਰਮਿੰਦਰ ਦੀ ਮੌਤ ਦਾ ਅਫਸੋਸ ਹੈ, ਉੱਥੇ ਇਸ ਗੱਲ ਦਾ ਵੀ ਝੋਰਾ ਹੈ ਕਿ ਅੱਠ ਦਸੰਬਰ ਨੂੰ 90ਵੇਂ ਜਨਮਦਿਨ ਮੌਕੇ ਉਨ੍ਹਾਂ ਦੀ ਪਸੰਦ ਸਰ੍ਹੋਂ ਦੇ ਸਾਗ ਨਾਲ ਮੱਕੀ ਦੀ ਰੋਟੀ ਖੁਆਉਣ ਦੀ ਇੱਛਾ ਵੀ ਅਧੂਰੀ ਰਹਿ ਗਈ।

ਇਤਫਾਕ ਦੀ ਗੱਲ ਹੈ ਕਿ ਧਰਮਿੰਦਰ ਦੀ ਜਨਮਭੂਮੀ ਪਿੰਡ ਨਸਰਾਲੀ, ਜੱਦੀ ਪਿੰਡ ਡਾਂਗੋਂ ਅਤੇ ਸਹੁਰਾ ਪਿੰਡ ਬਨਭੌਰਾ ਮਾਲਵੇ ਦੇ ਇਸ ਖੇਤਰ ਵਿਚ ਇੱਕੋ ਕਤਾਰ ਵਿਚ ਹਨ।

ਡਾਂਗੋਂ ਨਿਵਾਸੀ ਤੇ ਸਮਾਜਿਕ ਆਗੂ ਕੁਲਵਿੰਦਰ ਸਿੰਘ ਡਾਂਗੋਂ ਨੇ ਕਿਹਾ ਕਿ ਧਰਮਿੰਦਰ ਦੇ ਪ੍ਰਸ਼ੰਸਕਾਂ ਨੂੰ ਇਸ ਗੱਲ ਦਾ ਬੇਹੱਦ ਅਫਸੋਸ ਹੋਇਆ ਕਿ ਪ੍ਰਮਾਤਮਾ ਨੇ ਉਨ੍ਹਾਂ ਨੂੰ 90ਵੇਂ ਜਨਮਦਿਨ ਤੋਂ ਪਹਿਲਾਂ ਹੀ ਆਪਣੇ ਕੋਲ ਬੁਲਾ ਲਿਆ, ਜਦੋਂ ਕਿ ਉਨ੍ਹਾਂ ਨੇ ਸਾਗ ਤੇ ਮੱਕੀ ਦੀ ਰੋਟੀ ਲੈ ਕੇ ਜਨਮਦਿਨ ਮਨਾਉਣ ਲਈ ਮੁੰਬਈ ਜਾਣ ਦੀ ਤਿਆਰੀ ਸ਼ੁਰੂ ਕਰ ਦਿੱਤੀ ਸੀ।

ਜਦੋਂ ਦਿਓਲ ਪਰਿਵਾਰ ਵੱਲੋਂ ਅਗਲੇ ਮਹੀਨੇ ਧਰਮਿੰਦਰ ਦੀ ਸਿਹਤਯਾਬੀ ਤੋਂ ਬਾਅਦ ਉਨ੍ਹਾਂ ਦਾ 90ਵਾਂ ਜਨਮਦਿਨ ਮਨਾਉਣ ਦੀ ਤਿਆਰੀ ਬਾਰੇ ਪਤਾ ਲੱਗਿਆ ਸੀ, ਤਾਂ ਕੁਲਵਿੰਦਰ ਹੋਰਾਂ ਨੂੰ ਅਦਾਕਾਰ ਦੀ ਉਹ ਖਾਹਿਸ਼ ਯਾਦ ਆ ਗਈ ਸੀ, ਜੋ ਉਨ੍ਹਾਂ ਨੇ ਕਈ ਸਾਲ ਪਹਿਲਾਂ ਚੰਡੀਗੜ੍ਹ ਦੇ ਇੱਕ ਹੋਟਲ ਵਿਚ ਜ਼ਾਹਿਰ ਕੀਤੀ ਸੀ। ਧਰਮਿੰਦਰ ਨੇ ਉਦੋਂ ‘ਜੁਗਾੜੂ ਰੇਹੜੀ’ ਦੀ ਸਵਾਰੀ ਕਰਨ ਦੇ-ਨਾਲ ਕਿਸੇ ਵੇਲੇ ਆਪਣੇ ਪਿੰਡ ਦੇ ਚੁੱਲ੍ਹੇ ਕੋਲ ਬੈਠ ਕੇ ਸਰ੍ਹੋਂ ਦਾ ਸਾਗ ਅਤੇ ਮੱਕੀ ਦੀ ਰੋਟੀ ਦਾ ਆਨੰਦ ਲੈਣ ਦੀ ਇੱਛਾ ਪ੍ਰਗਟਾਈ ਸੀ।

## ਫਗਵਾੜਾ ਸ਼ਹਿਰ ਨਾਲ ਵੀ ਜੁੜੀਆਂ ਨੇ ਧਰਮਿੰਦਰ ਦੀਆਂ ਯਾਦਾਂ

**ਫਗਵਾੜਾ, (ਪੰਜਾਬ ਮੇਲ)**- ਬਾਲੀਵੁੱਡ ਅਦਾਕਾਰ ਧਰਮਿੰਦਰ ਦੇ ਦੇਹਾਂਤ ਤੋਂ ਬਾਅਦ ਇਸ ਸ਼ਹਿਰ ਦੇ ਲੋਕਾਂ ’ਚ ਵੀ ਮਾਤਮ ਛਾਇਆ ਰਿਹਾ ਕਿਉਂਕਿ ਧਰਮਿੰਦਰ ਦੀਆਂ ਯਾਦਾਂ ਇਸ ਸ਼ਹਿਰ ਨਾਲ ਵੀ ਜੁੜੀਆਂ ਹੋਈਆਂ ਹਨ ਤੇ ਉਨ੍ਹਾਂ ਦੇ ਕਈ ਮਿੱਤਰ ਇਸ ਸ਼ਹਿਰ ’ਚ ਵੱਸਦੇ ਹਨ। ਲੋਕਾਂ ਲਈ ਇਹ ਸਿਰਫ਼ ਬਾਲੀਵੁੱਡ ਦੇ ਕਲਾਕਾਰ ਦੀ ਮੌਤ ਨਹੀਂ, ਸਗੋਂ ਵੱਡਾ ਵਿਛੋੜਾ ਹੈ। ਧਰਮਿੰਦਰ ਦੇ ਪਿਤਾ ਮਾਸਟਰ ਕੇਵਲ ਕ੍ਰਿਸ਼ਨ ਚੌਧਰੀ ਨੇ ਇਥੋਂ ਦੇ ਹੁਸ਼ਿਆਰਪੁਰ ਰੋਡ ’ਤੇ ਸਥਿਤ ਆਰੀਆ ਸਕੂਲ ’ਚ ਮੈਟ੍ਰਿਕ ਪਾਸ ਕੀਤੀ ਤੇ ਇਸ ਮਗਰੋਂ 1952 ’ਚ ਰਾਮਗੜ੍ਹੀਆ ਕਾਲਜ ਫਗਵਾੜਾ ਤੋਂ ਪੜ੍ਹਾਈ ਕਰਨ ਤੋਂ ਬਾਅਦ ਉਹ ਮੁੰਬਈ ਚਲੇ ਗਏ ਪਰ ਉਨ੍ਹਾਂ ਦਾ ਮਨ ਹਮੇਸ਼ਾ ਇਸ ਸ਼ਹਿਰ ਨਾਲ ਹੀ ਜੁੜਿਆ ਰਿਹਾ। ਅਧਿਆਪਕ ਤੇ ਸਾਰੇ ਸਾਥੀ ਉਨ੍ਹਾਂ ਨੂੰ ਨਿਮਰ, ਸੱਚੇ



ਤੇ ਸ਼ਾਂਤ ਸੁਭਾਅ ਵਾਲੇ ਵਿਦਿਆਰਥੀ ਵਜੋਂ ਯਾਦ ਕਰਦੇ ਹਨ। ਉਨ੍ਹਾਂ ਦਾ ਜਦੋਂ ਵੀ ਮੌਕਾ ਲੱਗਾ, ਉਹ ਇਥੇ ਆਉਂਦੇ ਰਹਿੰਦੇ ਸਨ ਤੇ ਪੁਰਾਣੇ ਦੋਸਤਾਂ ਨਾਲ ਮੁਲਾਕਾਤ ਕਰਦੇ ਰਹਿੰਦੇ ਸਨ ਤੇ ਬਚਪਨ ਦੀਆਂ ਯਾਦਾ ਸਾਂਝੀਆਂ ਕਰਦੇ ਸਨ। ਧਰਮਿੰਦਰ ਨਾਲ ਜੁੜੀ ਇੱਕ ਯਾਦ ਅੱਜ ਵੀ ਲੋਕਾਂ ਦੇ ਹਿਰਦੇ ’ਚ ਵੱਸਦੀ ਹੈ। ਉਨ੍ਹਾਂ ਨੂੰ ਕਦੇ ਕੌਮੀ ਸੇਵਕ ਰਾਮ ਲੀਲਾ ਕਮੇਟੀ ਵਲੋਂ ਰਾਮ ਲੀਲਾ ’ਚ ਰੋਲ ਨਹੀਂ ਮਿਲਿਆ ਸੀ ਤੇ ਜਦੋਂ ਉਹ ਸੁਪਰ ਸਟਾਰ ਬਣ ਕੇ ਵਾਪਸ ਆਏ, ਉਨ੍ਹਾਂ ਨੇ ਆਪਣੇ ਦੋਸਤਾਂ ਨੂੰ ਕਿਹਾ, ‘ਹੁਣ ਤਾਂ ਮੈਂ ਰਾਮ ਲੀਲਾ ’ਚ ਰੋਲ ਕਰ ਸਕਦਾ ਹਾਂ? ਇਸ ’ਤੇ ਸਾਰੇ ਜਣੇ ਹੱਸ ਪਏ।’ 2006 ’ਚ ਧਰਮਿੰਦਰ ਦਾ ਫਗਵਾੜਾ ਨਾਲ ਨਾਤਾ ਸਾਹਮਣੇ ਆਇਆ, ਜਦੋਂ ਉਨ੍ਹਾਂ ਨੇ ਗੁਰਬਚਨ ਸਿੰਘ ਪਰਮਾਰ ਕੰਪਲੈਕਸ ਦਾ ਉਦਘਾਟਨ ਕੀਤਾ, ਇਹ ਉਹੀ ਜਗ੍ਹਾ ਸੀ ਜਿਥੇ ਪਹਿਲਾਂ ਪੈਰਾਡਾਈਜ਼ ਥੀਏਟਰ ਹੁੰਦਾ ਸੀ ਤੇ ਇਸ ਥੀਏਟਰ ’ਚ ਉਹ ਜਵਾਨੀ ’ਚ ਫ਼ਿਲਮਾਂ ਦੇਖਿਆ ਕਰਦੇ ਸਨ, ਜਿਨ੍ਹਾਂ ਨੇ ਉਨ੍ਹਾਂ ਦੇ ਅੰਦਰ ਅਦਾਕਾਰ ਬਣਨ ਦਾ ਸੁਪਨਾ ਜਗਾਇਆ ਸੀ। ਉਨ੍ਹਾਂ ਦਾ ਕਾਂਗਰਸੀ ਆਗੂ ਹਰਜੀਤ ਸਿੰਘ ਪਰਮਾਰ, ਐਡਵੋਕੇਟ ਐੱਸ.ਐੱਨ. ਚੋਪੜਾ ਨਾਲ ਗਹਿਰਾ ਪਿਆਰ ਸੀ।

# ਅਮਰੀਕੀ ਕਾਂਗਰਸਵੂਮੈਨ ਜਿਲ ਟੋਕੁਡਾ ਵੱਲੋਂ ਭਾਰਤ ਸਮੇਤ ਇੰਡੋ-ਪੈਸੀਫਿਕ ਸਹਿਯੋਗੀਆਂ 'ਤੇ ਟਰੰਪ ਦੇ ਟੈਰਿਫ ਹਟਾਉਣ ਦਾ ਪ੍ਰਸਤਾਵ

**ਵਾਸ਼ਿੰਗਟਨ, (ਪੰਜਾਬ ਮੇਲ)**– ਅਮਰੀਕੀ ਕਾਂਗਰਸਵੂਮੈਨ ਜਿਲ ਟੋਕੁਡਾ ਨੇ ਭਾਰਤ ਸਮੇਤ ਹਿੰਦ-ਪ੍ਰਸ਼ਾਂਤ ਦੇਸ਼ਾਂ 'ਤੇ ਲਗਾਏ ਗਏ ਰਾਸ਼ਟਰਪਤੀ ਡੋਨਾਲਡ ਟਰੰਪ ਦੇ "ਐਮਰਜੈਂਸੀ" ਟੈਰਿਫ ਨੂੰ ਹਟਾਉਣ ਲਈ ਇੱਕ ਨਵਾਂ ਬਿੱਲ ਪੇਸ਼ ਕੀਤਾ ਹੈ। ਉਸ ਨੇ ਕਿਹਾ ਕਿ ਅਮਰੀਕਾ ਨੂੰ ਆਪਣੇ ਭਾਈਵਾਲ ਦੇਸ਼ਾਂ ਨੂੰ ਮਜ਼ਬੂਤ ਕਰਨਾ ਚਾਹੀਦਾ ਹੈ, ਜੋ ਚੀਨ ਦੇ ਵਧਦੇ ਦਖਲਅੰਦਾਜ਼ੀ ਅਤੇ ਦਬਾਅ ਦਾ ਸਾਹਮਣਾ ਕਰ ਰਹੇ ਹਨ, ਨਾ ਕਿ ਉਨ੍ਹਾਂ ਨੂੰ ਸਜ਼ਾ ਦੇਣੀ ਚਾਹੀਦੀ ਹੈ।

ਟੋਕੁਡਾ ਅਨੁਸਾਰ, ਚੀਨੀ ਕਮਿਊਨਿਸਟ ਪਾਰਟੀ ਇਸ ਖੇਤਰ ਵਿਚ ਲਗਾਤਾਰ ਆਪਣਾ ਦਬਦਬਾ ਵਧਾ ਰਹੀ ਹੈ। ਦੱਖਣੀ ਚੀਨ ਸਾਗਰ ਵਿਚ ਨਕਲੀ ਟਾਪੂ ਬਣਾ ਕੇ ਫੌਜੀ ਅੱਡੇ ਬਣਾਉਣਾ, ਪ੍ਰਸ਼ਾਂਤ ਦੇਸ਼ਾਂ ਤੋਂ ਦਰਾਮਦ 'ਤੇ ਪਾਬੰਦੀ ਲਗਾਉਣਾ ਅਤੇ ਭਾਰਤ ਨਾਲ ਸਰਹੱਦ 'ਤੇ ਤਣਾਅ ਵਧਾਉਣਾ – ਇਹ ਸਭ ਚੀਨ ਦੀਆਂ ਹਮਲਾਵਰ ਨੀਤੀਆਂ ਦੀਆਂ ਉਦਾਹਰਣਾਂ ਹਨ।

ਉਨ੍ਹਾਂ ਦਾ ਪ੍ਰਸਤਾਵਿਤ ਕਾਨੂੰਨ, ਇੰਡੋ-ਪੈਸੀਫਿਕ ਪਾਰਟਨਰ ਅਤੇ ਸਹਿਯੋਗੀ ਟੈਰਿਫ ਰਿਪੀਲ ਐਕਟ, ਟਰੰਪ ਪ੍ਰਸ਼ਾਸਨ ਦੇ ਕਾਰਜਕਾਰੀ ਆਦੇਸ਼ 14257 ਅਤੇ 14326 ਦੁਆਰਾ ਲਗਾਏ ਗਏ ਟੈਰਿਫਾਂ ਨੂੰ ਹਟਾ ਦੇਵੇਗਾ। ਇਹ ਟੈਰਿਫ 40



*ਅਮਰੀਕੀ ਕਾਂਗਰਸਵੂਮੈਨ ਜਿਲ ਟੋਕੁਡਾ*

ਦੇਸ਼ਾਂ ਨੂੰ ਪ੍ਰਭਾਵਿਤ ਕਰ ਰਹੇ ਹਨ , ਜਪਾਨ ਅਤੇ ਦੱਖਣੀ ਕੋਰੀਆ 15%, ਫਿਲੀਪੀਨਜ਼ 19%, ਅਤੇ ਤਾਈਵਾਨ 20% ਨਾਲ ਪ੍ਰਭਾਵਿਤ ਹਨ।

ਜਿਲ ਟੋਕੁਡਾ ਨੇ ਕਿਹਾ, "ਸਾਡੇ ਸਹਿਯੋਗੀਆਂ 'ਤੇ ਟੈਰਿਫ ਲਗਾਉਣਾ ਜਦੋਂ ਉਹ ਚੀਨੀ ਹਮਲੇ ਦਾ ਸਾਹਮਣਾ ਕਰ ਰਹੇ ਹਨ, ਗਲਤ, ਨੁਕਸਾਨਦੇਹ ਅਤੇ ਖ਼ਤਰਨਾਕ ਹੈ। ਇਹ ਅਮਰੀਕੀ ਕੰਪਨੀਆਂ ਅਤੇ ਆਮ ਖਪਤਕਾਰਾਂ ਨੂੰ ਵੀ ਕਾਫ਼ੀ ਨੁਕਸਾਨ ਪਹੁੰਚਾਉਂਦਾ ਹੈ।" ਉਨ੍ਹਾਂ ਕਿਹਾ ਕਿ ਇਹ ਬਿੱਲ ਹਿੰਦ-ਪ੍ਰਸ਼ਾਂਤ ਨੂੰ ਆਜ਼ਾਦ ਅਤੇ ਸੁਰੱਖਿਅਤ ਰੱਖਣ ਲਈ ਅਮਰੀਕਾ ਦੀ ਵਚਨਬੱਧਤਾ ਨੂੰ ਮਜ਼ਬੂਤ ਕਰਦਾ ਹੈ।

ਬਿੱਲ ਵਿਚ ਇਹ ਵੀ ਕਿਹਾ ਗਿਆ ਹੈ ਕਿ ਅਮਰੀਕਾ ਨੂੰ ਚੀਨ ਦੀਆਂ ਆਰਥਿਕ ਅਤੇ ਫੌਜੀ ਦਬਾਅ ਨੀਤੀਆਂ ਦਾ ਮੁਕਾਬਲਾ ਕਰਨ ਲਈ ਇੰਡੋ-ਪੈਸੀਫਿਕ ਦੇਸ਼ਾਂ ਨਾਲ ਕੰਮ ਕਰਨਾ ਚਾਹੀਦਾ ਹੈ। ਪਰ ਭਾਈਵਾਲ ਦੇਸ਼ਾਂ 'ਤੇ ਟੈਰਿਫ ਲਗਾਉਣਾ ਇਸ ਟੀਚੇ ਨੂੰ ਕਮਜ਼ੋਰ ਕਰਦਾ ਹੈ ਅਤੇ ਅਮਰੀਕੀ ਅਰਥਵਿਵਸਥਾ 'ਤੇ ਵਾਧੂ ਬੋਝ ਵੀ ਪਾਉਂਦਾ ਹੈ। ਇਸ ਲਈ, ਇਨ੍ਹਾਂ ਟੈਰਿਫਾਂ ਨੂੰ ਹਟਾਇਆ ਜਾਣਾ ਚਾਹੀਦਾ ਹੈ।

ਜੇਕਰ ਇਹ ਕਾਨੂੰਨ ਪਾਸ ਹੋ ਜਾਂਦਾ ਹੈ, ਤਾਂ ਇਹ ਦੋਵੇਂ ਕਾਰਜਕਾਰੀ ਆਦੇਸ਼ਾਂ ਅਧੀਨ ਲਗਾਏ ਗਏ ਸਾਰੇ ਟੈਰਿਫਾਂ ਨੂੰ ਤੁਰੰਤ ਖਤਮ ਕਰ ਦੇਵੇਗਾ। ਇਨ੍ਹਾਂ ਦੇਸ਼ਾਂ ਦੀ ਸੂਚੀ ਵਿਚ ਭਾਰਤ, ਆਸਟ੍ਰੇਲੀਆ, ਇੰਡੋਨੇਸ਼ੀਆ, ਵੀਅਤਨਾਮ, ਨਿਊਜ਼ੀਲੈਂਡ, ਸਿੰਗਾਪੁਰ ਅਤੇ ਕਈ ਹੋਰ ਇੰਡੋ-ਪੈਸੀਫਿਕ ਦੇਸ਼ ਸ਼ਾਮਲ ਹਨ।

ਇਸ ਬਿੱਲ ਦਾ ਸਮਰਥਨ ਕਰਨ ਵਾਲੇ ਕਾਨੂੰਨਘਾੜੇ ਵਿਚ ਦੀਨਾ ਟਾਈਟਸ, ਡੈਨੀਅਲ ਗੋਲਡਮੈਨ, ਜਿਮ ਕੋਸਟਾ, ਆਂਦਰੇ ਕਾਰਸਨ, ਟੇਡ ਲਿਊ ਅਤੇ ਐਡ ਕੇਸ ਵਰਗੇ ਅਮਰੀਕੀ ਕਾਨੂੰਨਸਾਜ਼ ਵੀ ਸ਼ਾਮਲ ਹਨ।

ਰੋਜ਼ਾਨਾਂ ਤਾਜ਼ੀਆਂ ਖਬਰਾਂ ਪੜ੍ਹਨ ਲਈ ਪੰਜਾਬ ਮੇਲ ਦੀ ਵੈੱਬਸਾਇਟ 'ਤੇ ਕਲਿੱਕ ਕਰੋ : www.punjabmailusa.com

## ਕੈਨੇਡਾ 'ਚ ਪਤਨੀ ਦੀ ਹੱਤਿਆ ਦੇ ਦੋਸ਼ ਹੇਠ ਪੰਜਾਬੀ ਗ੍ਰਿਫਤਾਰ

**ਓਨਟਾਰੀਓ, (ਪੰਜਾਬ ਮੇਲ)**– ਓਨਟਾਰੀਓ ਦੀ ਬੈਰੀ ਪੁਲਿਸ ਨੇ



ਸੁਖਦੀਪ ਕੌਰ (41) ਦੀ ਹੱਤਿਆ ਦੇ ਮਾਮਲੇ ਦੀ ਜਾਂਚ ਕਰਦਿਆਂ ਸਬੂਤ ਇਕੱਤਰ ਕਰਕੇ ਉਸ ਦੇ ਪਤੀ ਰਣਜੀਤ ਸਿੰਘ ਚੀਮਾ (45) ਨੂੰ ਦੂਜਾ ਦਰਜਾ ਕਤਲ ਦੇ ਦੋਸ਼ ਹੇਠ ਗ੍ਰਿਫਤਾਰ ਕਰ ਲਿਆ ਹੈ। ਪੁਲਿਸ ਬੁਲਾਰੇ ਜੋਇ ਬ੍ਰਿਸਬੌਇਸ ਅਨੁਸਾਰ ਸੁਖਦੀਪ ਕੌਰ ਬੈਰੀ ਸ਼ਹਿਰ ਦੇ ਸਪੈਰੋਵੇਅ ਸਥਿਤ ਘਰ ਵਿਚ ਆਪਣੇ ਨਾਬਾਲਗ ਬੱਚੇ ਅਤੇ ਸੱਸ ਸਹੁਰੇ ਨਾਲ ਰਹਿੰਦੀ ਸੀ। ਸ਼ਨਿੱਚਰਵਾਰ ਸ਼ਾਮ ਕਿਸੇ ਨੇ ਉਸ ਘਰ ਵਿਚ ਹਿੰਸਾ ਦੀ ਸੂਚਨਾ ਦਿੱਤੀ, ਤਾਂ ਪੁਲਿਸ ਨੇ ਮੌਕੇ 'ਤੇ ਪੁੱਜ ਕੇ ਵੇਖਿਆ ਕਿ ਰਣਜੀਤ ਕੌਰ ਦੀ ਮੌਤ ਹੋ ਚੁੱਕੀ ਸੀ। ਜਾਂਚ ਦੌਰਾਨ ਪਤਾ ਲੱਗਾ ਕਿ ਹੱਤਿਆ ਰਣਜੀਤ ਸਿੰਘ ਚੀਮਾ ਵਲੋਂ ਕੀਤੀ ਗਈ। ਪੁਲਿਸ ਨੇ ਰਣਜੀਤ ਚੀਮਾ ਨੂੰ ਹਿਰਾਸਤ ਵਿਚ ਲੈ ਲਿਆ ਤੇ ਵੀਡੀਓ ਕਾਨਫਰੰਸਿੰਗ ਰਾਹੀਂ ਜੱਜ ਮੂਹਰੇ ਪੇਸ਼ ਕੀਤਾ, ਜਿਸ ਨੇ ਉਸ ਨੂੰ ਨਿਆਂਇਕ ਹਿਰਾਸਤ ਅਧੀਨ ਜੇਲ੍ਹ ਭੇਜ ਦਿੱਤਾ ਹੈ। ਗੁਆਂਢੀਆਂ ਅਨੁਸਾਰ ਰਣਜੀਤ ਹਿੰਸਕ ਸੁਭਾਅ ਵਾਲਾ ਅਤੇ ਨਸ਼ਿਆਂ ਦਾ ਆਦੀ ਹੈ।

## ਯੂ.ਐੱਸ. ਬਾਰਡਰ ਪੈਟਰੋਲ ਖੁਫੀਆ ਪ੍ਰੋਗਰਾਮ ਤਹਿਤ ਲੱਖਾਂ ਸ਼ੱਕੀ ਅਮਰੀਕੀ ਡਰਾਈਵਰਾਂ 'ਤੇ ਰੱਖੀ ਜਾ ਰਹੀ ਹੈ ਨਜ਼ਰ

**-ਸ਼ੱਕੀ ਡਰਾਈਵਰਾਂ ਨੂੰ ਪੜਤਾਲ ਮਗਰੋਂ ਕੀਤਾ ਜਾਂਦੈ ਗ੍ਰਿਫ਼ਤਾਰ**

**ਵਾਸ਼ਿੰਗਟਨ, (ਪੰਜਾਬ ਮੇਲ)**– ਯੂ.ਐੱਸ. ਬਾਰਡਰ ਪੈਟਰੋਲ ਖੁਫੀਆ ਪ੍ਰੋਗਰਾਮ ਤਹਿਤ ਦੇਸ਼ ਭਰ 'ਚ ਲੱਖਾਂ ਅਮਰੀਕੀ ਡਰਾਈਵਰਾਂ 'ਤੇ ਨਜ਼ਰ ਰੱਖੀ ਜਾ ਰਹੀ ਹੈ, ਤਾਂ ਜੋ ਉਨ੍ਹਾਂ ਲੋਕਾਂ ਦੀ ਪਛਾਣ ਕਰਕੇ ਹਿਰਾਸਤ 'ਚ ਲਿਆ ਜਾ ਸਕੇ ਜਿਨ੍ਹਾਂ ਦੀ ਯਾਤਰਾ ਸ਼ੱਕੀ ਲੱਗਦੀ ਹੈ।

ਬਾਰਡਰ ਪੈਟਰੋਲ ਦੇ ਖੁਫੀਆ ਪ੍ਰੋਗਰਾਮ ਦੇ ਨਤੀਜੇ ਵਜੋਂ ਲੋਕਾਂ ਨੂੰ ਰੋਕਿਆ ਗਿਆ, ਉਨ੍ਹਾਂ ਦੀ ਤਲਾਸ਼ੀ ਲਈ ਗਈ ਅਤੇ ਕੁਝ ਮਾਮਲਿਆਂ 'ਚ ਉਨ੍ਹਾਂ ਨੂੰ ਗ੍ਰਿਫ਼ਤਾਰ ਵੀ ਕੀਤਾ ਗਿਆ। ਕੈਮਰਿਆਂ ਦਾ ਨੈੱਟਵਰਕ ਵਾਹਨਾਂ ਦੀਆਂ ਨੰਬਰ ਪਲੇਟਾਂ ਦੀ ਜਾਣਕਾਰੀ ਸਕੈਨ ਤੇ ਰਿਕਾਰਡ ਕਰਦਾ ਹੈ ਅਤੇ ਐਲਗੋਰਿਦਮ ਉਨ੍ਹਾਂ ਵਾਹਨਾਂ ਦੀ ਇਸ ਆਧਾਰ 'ਤੇ ਨਿਸ਼ਾਨਦੇਹੀ ਕਰਕੇ ਸ਼ੱਕੀ ਮੰਨਦਾ ਹੈ ਕਿ ਉਹ ਕਿੱਥੋਂ ਆਏ ਸਨ, ਕਿੱਥੇ ਜਾ ਰਹੇ ਸਨ ਤੇ ਕਿਸ ਰਸਤੇ 'ਤੇ ਗਏ ਸਨ।

ਫੈਡਰਲ ਏਜੰਟ ਬਦਲੇ ਵਿਚ ਸਥਾਨਕ ਕਾਨੂੰਨ ਲਾਗੂ ਕਰਨ ਵਾਲੀਆਂ ਏਜੰਸੀਆਂ ਨੂੰ ਸੂਚਿਤ ਕਰਦੇ ਹਨ। ਫਿਰ ਅਚਾਨਕ ਡਰਾਈਵਰਾਂ ਨੂੰ ਤੇਜ਼ ਰਫ਼ਤਾਰ ਨਾਲ ਗੱਡੀ ਚਲਾਉਣ, ਮੁੜਨ ਦਾ ਸਿਗਨਲ ਨਾ ਹੋਣ ਜਾਂ ਇੱਥੋਂ ਤੱਕ ਕਿ ਲਟਕਦੇ ਹੋਏ ਏਅਰ ਫਰੈਸ਼ਨਰ ਕਾਰਨ ਦਿਖਾਈ ਨਾ ਦੇਣ ਜਿਹੇ ਕਾਰਨਾਂ ਕਰਕੇ ਰੋਕਿਆ ਜਾਂਦਾ ਹੈ। ਫਿਰ ਉਨ੍ਹਾਂ ਤੋਂ ਸਖ਼ਤੀ ਨਾਲ ਪੁੱਛ-ਪੜਤਾਲ ਕੀਤੀ ਜਾਂਦੀ ਹੈ ਅਤੇ ਉਨ੍ਹਾਂ ਦੀ ਤਲਾਸ਼ੀ ਲਈ ਜਾਂਦੀ ਹੈ ਅਤੇ ਉਨ੍ਹਾਂ ਨੂੰ ਕਾਨੂੰਨ ਲਾਗੂ ਕਰਨ ਵਾਲੀਆਂ ਏਜੰਸੀਆਂ ਦੇ ਰਾਡਾਰ 'ਤੇ ਲਿਆ ਦਿੱਤਾ ਹੈ।

ਬਾਰਡਰ ਪੈਟਰੋਲ ਦੀ ਮੂਲ ਏਜੰਸੀ ਯੂ.ਐੱਸ. ਕਸਟਮਜ਼ ਐਂਡ ਬਾਰਡਰ ਪ੍ਰੋਟੈਕਸ਼ਨ ਨੇ ਕਿਹਾ ਕਿ ਉਹ ਖ਼ਤਰਿਆਂ ਦੀ ਪਛਾਣ ਕਰਨ ਅਤੇ ਅਪਰਾਧਿਕ ਨੈੱਟਵਰਕ ਭੰਗ ਕਰਨ ਵਿਚ ਮਦਦ ਲਈ ਲਾਇਸੈਂਸ ਪਲੇਟ ਰੀਡਰਾਂ ਦੀ ਵਰਤੋਂ ਕਰਦੇ ਹਨ ਅਤੇ ਇਹ ਤਕਨਾਲੋਜੀ 'ਬਹੁ-ਪੱਧਰੀ ਨੀਤੀ ਢਾਂਚੇ ਦੇ ਨਾਲ-ਨਾਲ, ਸੰਘੀ ਕਾਨੂੰਨ ਅਤੇ ਸੰਵਿਧਾਨਕ ਸੁਰੱਖਿਆਵਾਂ ਰਾਹੀਂ ਕੰਟਰੋਲ ਹੁੰਦੀ ਹੈ, ਤਾਂ ਜੋ ਇਹ ਯਕੀਨੀ ਬਣਾਇਆ ਜਾ ਸਕੇ ਕਿ ਇਸ ਤਕਨਾਲੋਜੀ ਦੀ ਵਰਤੋਂ ਜ਼ਿੰਮੇਵਾਰੀ ਨਾਲ ਅਤੇ ਸੁਰੱਖਿਆ ਟੀਚਿਆਂ ਲਈ ਕੀਤੀ ਜਾਵੇ।

ਰੋਜ਼ਾਨਾਂ ਤਾਜ਼ੀਆਂ ਖਬਰਾਂ ਪੜ੍ਹਨ ਲਈ ਪੰਜਾਬ ਮੇਲ ਦੀ ਵੈੱਬਸਾਇਟ 'ਤੇ ਕਲਿੱਕ ਕਰੋ : www.punjabmailusa.com



# ਟਰੰਪ ਦੀ ਜਿਨਪਿੰਗ ਨਾਲ ਫੋਨ ’ਤੇ ਹੋਈ ਲੰਬੀ ਗੱਲਬਾਤ

**ਵਾਸ਼ਿੰਗਟਨ, (ਪੰਜਾਬ ਮੇਲ)**- ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਸੋਮਵਾਰ ਨੂੰ ਕਿਹਾ ਕਿ ਉਨ੍ਹਾਂ ਨੇ ਅਪ੍ਰੈਲ ਵਿਚ ਬੀਜਿੰਗ ਆਉਣ ਲਈ ਚੀਨੀ ਰਾਸ਼ਟਰਪਤੀ ਸ਼ੀ ਜਿਨਪਿੰਗ ਦੇ ਸੱਦੇ ਨੂੰ ਸਵੀਕਾਰ ਕਰ ਲਿਆ ਹੈ। ਟਰੰਪ ਨੇ ਅਗਲੇ ਸਾਲ ਦੇ ਅਖੀਰਲੇ ਅੱਧ ਵਿਚ ਸ਼ੀ ਜਿਨਪਿੰਗ ਨੂੰ ਅਮਰੀਕਾ ਦੇ ਸਰਕਾਰੀ ਦੌਰੇ ਲਈ ਸੱਦਾ ਵੀ ਦਿੱਤਾ।



ਅਮਰੀਕੀ ਰਾਸ਼ਟਰਪਤੀ ਨੇ ਸ਼ੀ ਜਿਨਪਿੰਗ ਨਾਲ ਫੋਨ ’ਤੇ ਗੱਲਬਾਤ ਤੋਂ ਕੁਝ ਘੰਟਿਆਂ ਬਾਅਦ ਕੀਤਾ। ਉਨ੍ਹਾਂ ਕਿਹਾ ਕਿ ਦੋਵਾਂ ਆਗੂਆਂ ਨੇ ਯੂਕਰੇਨ, ਫੈਂਟਾਨਿਲ ਅਤੇ ਸੋਇਆਬੀਨ ਵਰਗੇ ਮੁੱਦਿਆਂ ’ਤੇ ਚਰਚਾ ਕੀਤੀ। ਇਹ ਫੋਨ ਕਾਲ ਦੱਖਣੀ ਕੋਰੀਆ ਦੇ ਸ਼ਹਿਰ ਬੁਸਾਨ ਵਿਚ ਉਨ੍ਹਾਂ ਦੀ ਆਹਮੋ-ਸਾਹਮਣੇ ਮੁਲਾਕਾਤ ਤੋਂ ਲਗਭਗ ਇੱਕ ਮਹੀਨੇ ਬਾਅਦ ਆਈ। ਟਰੰਪ ਨੇ ਕਿਹਾ, “ਚੀਨ ਨਾਲ ਸਾਡਾ ਰਿਸ਼ਤਾ ਬਹੁਤ ਮਜ਼ਬੂਤ ਹੈ।” ਚੀਨ ਨੇ ਪਹਿਲਾਂ ਦੋਵਾਂ ਆਗੂਆਂ ਦੀ ਫੋਨ ਗੱਲਬਾਤ ਬਾਰੇ ਰਿਪੋਰਟ ਦਿੱਤੀ ਸੀ, ਪਰ ਰਾਜ ਦੌਰਿਆਂ ’ਤੇ ਕੋਈ ਟਿੱਪਣੀ ਨਹੀਂ ਕੀਤੀ। ਹਾਲਾਂਕਿ, ਇਸਨੇ ਸਵੀਕਾਰ ਕੀਤਾ ਕਿ ਦੋਵਾਂ ਆਗੂਆਂ ਨੇ ਵਪਾਰ, ਤਾਈਵਾਨ ਅਤੇ ਯੂਕਰੇਨ ਬਾਰੇ ਚਰਚਾ ਕੀਤੀ।

ਚੀਨ ਦੀ ਸਰਕਾਰੀ ਖ਼ਬਰ ਏਜੰਸੀ, ਸ਼ਿਨਹੂਆ ਅਨੁਸਾਰ, ਸ਼ੀ ਨੇ ਇੱਕ ਫੋਨ ਕਾਲ ਵਿਚ ਟਰੰਪ ਨੂੰ ਕਿਹਾ ਕਿ ਤਾਈਵਾਨ ਦੀ ਮੁੱਖ ਭੂਮੀ ਚੀਨ ਵਿਚ ਵਾਪਸੀ “ਦੂਜੇ ਵਿਸ਼ਵ ਯੁੱਧ ਤੋਂ ਬਾਅਦ ਦੇ ਅੰਤਰਰਾਸ਼ਟਰੀ ਵਿਵਸਥਾ ਦਾ ਇੱਕ ਮਹੱਤਵਪੂਰਨ ਹਿੱਸਾ ਹੈ।” ਇਹ ਗੱਲਬਾਤ ਜਾਪਾਨੀ ਪ੍ਰਧਾਨ ਮੰਤਰੀ ਸਨਾਏ ਤਾਕਾਚੀ ਦੇ ਹਾਲੀਆ ਬਿਆਨਾਂ ਤੋਂ ਬਾਅਦ ਹੋਈ ਹੈ, ਜਿਨ੍ਹਾਂ ਨੇ ਕਿਹਾ ਸੀ ਕਿ ਜੇਕਰ ਚੀਨ ਤਾਈਵਾਨ ਵਿਰੁੱਧ ਫੌਜੀ ਕਾਰਵਾਈ ਕਰਦਾ ਹੈ, ਤਾਂ ਜਾਪਾਨ ਦੀ ਫੌਜ ਦਖਲ ਦੇ ਸਕਦੀ ਹੈ।

# ਟੋਰਾਂਟੋ ਪੁਲਿਸ ਵੱਲੋਂ ਮੋਸਟ ਵਾਂਟਿਡ ਅਪਰਾਧੀ ਨਿਕੋਲਸ ਸਿੰਘ ਗ੍ਰਿਫ਼ਤਾਰ

**ਟੋਰਾਂਟੋ, (ਪੰਜਾਬ ਮੇਲ)**- ਟੋਰਾਂਟੋ ਪੁਲਿਸ ਨੇ ਕੈਨੇਡਾ ਦੇ 25 ਮੋਸਟ ਵਾਂਟਿਡ ਅਪਰਾਧੀਆਂ ਵਿਚੋਂ ਇਕ ਨਿਕੋਲਸ ਸਿੰਘ (24) ਨੂੰ ਗ੍ਰਿਫ਼ਤਾਰ ਕਰ ਲਿਆ ਹੈ। ਟੋਰਾਂਟੋ ਪੁਲਿਸ ਨੇ ਇਕ ਪ੍ਰੈੱਸ ਰਿਲੀਜ਼ ਵਿਚ ਇਹ ਦਾਅਵਾ ਕੀਤਾ ਹੈ। ਨਿਕੋਲਸ ਸਿੰਘ ਨੂੰ ਸ਼ੁੱਕਰਵਾਰ ਰਾਤੀਂ ਟੋਰਾਂਟੋ ਵਿਚ ਬਾਥਰਸਟ ਸਟਰੀਟ ਅਤੇ ਡੂਪੋਂਟ ਸਟਰੀਟ ਨੇੜਿਓਂ ਹਿਰਾਸਤ ਵਿਚ ਲਿਆ ਗਿਆ ਸੀ।



ਪੁਲਿਸ ਅਧਿਕਾਰੀਆਂ ਨੂੰ ਉਹ ਇੱਕ ਕਾਰ ਵਿਚ ਬੈਠਾ ਮਿਲਿਆ ਤੇ ਪੁਲਿਸ ਨੇ ਬਿਨਾਂ ਕਿਸੇ ਵਿਰੋਧ ਦੇ ਉਸ ਨੂੰ ਗ੍ਰਿਫਤਾਰ ਕਰ ਲਿਆ। ਤਲਾਸ਼ੀ ਦੌਰਾਨ ਪੁਲਿਸ ਨੇ ਉਸ ਕੋਲੋਂ ਇੱਕ ਭਰੀ ਹੋਈ ਹੈਂਡਗਨ ਬਰਾਮਦ ਕੀਤੀ, ਜਿਸ ਵਿਚ ਇੱਕ ਵਧਿਆ ਹੋਇਆ ਮੈਗਜ਼ੀਨ, ਵਾਧੂ ਗੋਲਾ ਬਾਰੂਦ ਸੀ ਅਤੇ ਬੰਦੂਕ ਦਾ ਸੀਰੀਅਲ ਨੰਬਰ ਹਟਾ ਦਿੱਤਾ ਗਿਆ ਸੀ। ਉਸ ’ਤੇ ਕਈ ਗੰਭੀਰ ਅਪਰਾਧਾਂ ਦੇ ਦੋਸ਼ ਲਗਾਏ ਗਏ ਹਨ, ਜਿਨ੍ਹਾਂ ਵਿਚ ਇੱਕ ਲੋਡਿਡ ਵਰਜਿਤ ਹਥਿਆਰ ਰੱਖਣਾ, ਵਾਹਨ ਵਿਚ ਬੰਦੂਕ ਰੱਖਣਾ ਅਤੇ ਬਿਨਾਂ ਲਾਇਸੈਂਸ ਦੇ ਬੰਦੂਕ ਰੱਖਣਾ ਸ਼ਾਮਲ ਹੈ। ਉਸ ਨੂੰ ਸ਼ਨਿੱਚਰਵਾਰ ਸਵੇਰੇ ਟੋਰਾਂਟੋ ਦੀ ਇੱਕ ਅਦਾਲਤ ਵਿਚ ਪੇਸ਼ ਕੀਤਾ ਗਿਆ।

ਪੁਲਿਸ ਰਿਲੀਜ਼ ਵਿਚ ਕਿਹਾ ਗਿਆ ਹੈ ਕਿ ਬੀ.ਓ.ਐੱਲ.ਓ. (BOLO) ਪ੍ਰੋਗਰਾਮ ਕਾਰਨ ਨਿਕੋਲਸ ਸਿੰਘ ਦੀ ਗ੍ਰਿਫਤਾਰੀ ਸੰਭਵ ਹੋਈ ਹੈ। ਬੀ.ਓ.ਐੱਲ.ਓ. (ਬੀ ਆਨ ਦ ਲੁੱਕ ਆਊਟ) ਇੱਕ ਕੈਨੇਡੀਅਨ ਜਨਤਕ-ਜਾਗਰੂਕਤਾ ਮੁਹਿੰਮ ਹੈ, ਜੋ ਸੋਸ਼ਲ ਮੀਡੀਆ, ਖ਼ਬਰਾਂ ਅਤੇ ਡਿਜੀਟਲ ਬਿਲਬੋਰਡਾਂ ’ਤੇ ਦੇਸ਼ ਦੇ 25 ਸਭ ਤੋਂ ਵੱਧ ਲੋੜੀਂਦੇ ਅਪਰਾਧੀਆਂ ਦੀਆਂ ਫੋਟੋਆਂ ਅਤੇ ਵੇਰਵੇ ਪ੍ਰਕਾਸ਼ਤ ਕਰਦੀ ਹੈ। ਇਸ ਨੇ ਪਿਛਲੇ ਕੁਝ ਸਾਲਾਂ ਵਿਚ ਪੁਲਿਸ ਨੂੰ ਬਹੁਤ ਸਾਰੇ ਖਤਰਨਾਕ ਭਗੌੜਿਆਂ ਨੂੰ ਫੜਨ ਵਿਚ ਮਦਦ ਕੀਤੀ ਹੈ। ਨਿਕੋਲਸ ਸਿੰਘ ਆਪਣੀ ਪੈਰੋਲ ਦੀਆਂ ਸ਼ਰਤਾਂ ਤੋੜਨ ਲਈ ਪਹਿਲਾਂ ਹੀ ਕੈਨੇਡਾ ਭਰ ਵਿਚ ਲੋੜੀਂਦਾ ਸੀ। ਉਸ ਨੇ ਹਿੰਸਕ ਅਪਰਾਧਾਂ ਲਈ ਪਹਿਲਾਂ ਵੀ ਸਜ਼ਾ ਕੱਟੀ ਸੀ ਅਤੇ ਉਸ ਨੂੰ ਰਿਪੀਟ ਓਫੈਂਡਰ ਪੈਰੋਲ ਐਨਫੋਰਸਮੈਂਟ ਸਕੁਐਡ ਵੱਲੋਂ ਉੱਚ-ਜੋਖਮ ਮੰਨਿਆ ਜਾਂਦਾ ਸੀ। ਟੋਰਾਂਟੋ ਪੁਲਿਸ ਸੇਵਾ ਨੇ ਆਪਣੀ ਅਧਿਕਾਰਤ ਰਿਲੀਜ਼ ਵਿਚ ਕਿਹਾ ਕਿ ਉਸ ਦੇ ਅਪਰਾਧਿਕ ਪਿਛੋਕੜ ਕਰਕੇ ਬੋਲੋ ਟੌਪ 25 ਸੂਚੀ ਵਿਚ ਰੱਖਿਆ ਗਿਆ ਸੀ।

# ਅਮਰੀਕਾ ’ਚ ਵਾਪਰੇ ਸੜਕ ਹਾਦਸੇ ’ਚ 3 ਬੱਚਿਆਂ ਸਮੇਤ 5 ਹਲਾਕ

**ਫਰੈਂਕਟਾਊਨ, (ਪੰਜਾਬ ਮੇਲ)**- ਕੋਲੋਰਾਡੋ ਹਾਈਵੇਅ ’ਤੇ ਤਿੰਨ ਵਾਹਨਾਂ ਦੀ ਟੱਕਰ ਹੋ ਗਈ ਜਿਸ ਕਾਰਨ ਤਿੰਨ ਬੱਚਿਆਂ ਸਣੇ ਪੰਜ ਜਣਿਆਂ ਦੀ ਮੌਤ ਹੋ ਗਈ। ਕੋਲੋਰਾਡੋ ਸਟੇਟ ਪੈਟਰੋਲ ਨੇ ਇੱਕ ਨਿਊਜ਼ ਰਿਲੀਜ਼ ਵਿਚ ਕਿਹਾ ਕਿ ਇਹ ਹਾਦਸਾ ਉਸ ਵੇਲੇ ਵਾਪਰਿਆ ਜਦੋਂ ਡੇਨਵਰ ਦੇ ਦੱਖਣ ਵਿਚ ਫਰੈਂਕਟਾਊਨ ਖੇਤਰ ਵਿੱਚ ਇੱਕ ਟੋਇਟਾ ਕਾਰ ਦਾ ਡਰਾਈਵਰ ਸੰਤੁਲਨ ਗੁਆ ਬੈਠਾ ਤੇ ਉਸ ਦੀ ਕਾਰ ਨਾਲ ਵਾਲੀ ਲੇਨ ਵਿਚ ਪਲਟ ਗਈ, ਜਿੱਥੇ ਇਹ ਫੋਰਡ ਕਾਰ ਤੇ ਪਿਕਅੱਪ ਟਰੱਕ ਨਾਲ ਟਕਰਾ ਗਈ। ਸਟੇਟ ਪੈਟਰੋਲ ਪੁਲਿਸ ਨੇ ਕਿਹਾ ਕਿ ਇਸ ਹਾਦਸੇ ਵਿਚ ਟੋਇਟਾ ਦੇ ਡਰਾਈਵਰ ਦੀ ਮੌਕੇ ’ਤੇ ਹੀ ਮੌਤ ਹੋ ਗਈ। ਇਸ ਹਾਦਸੇ ਵਿਚ ਦੂਜੀ ਕਾਰ ਦੇ ਡਰਾਈਵਰ ਅਤੇ ਉਸ ਨਾਲ ਬੈਠੇ ਪੰਜ ਬੱਚਿਆਂ ਵਿਚੋਂ ਤਿੰਨ ਦੀ ਮੌਕੇ ’ਤੇ ਹੀ ਮੌਤ ਹੋ ਗਈ। ਦੋ ਹੋਰ ਬੱਚਿਆਂ ਨੂੰ ਨੇੜਲੇ ਮੈਡੀਕਲ ਸੈਂਟਰ ਲਿਜਾਇਆ ਗਿਆ ਪਰ ਅਧਿਕਾਰੀਆਂ ਨੇ ਉਨ੍ਹਾਂ ਦੀ ਹਾਲਤ ਦੇ ਵੇਰਵੇ ਸਾਂਝੇ ਨਾ ਕੀਤੇ।

# ਵਿਦਿਆਰਥੀਆਂ ’ਚ ਪੜ੍ਹਾਈ ਕਰਨ ਲਈ ਵਿਦੇਸ਼ ਜਾਣ ਦੀ ਘਟਣ ਲੱਗੀ ਦਿਲਚਸਪੀ

**ਨਵੀਂ ਦਿੱਲੀ, (ਪੰਜਾਬ ਮੇਲ)**- ਅਪਲਾਈ ਬੋਰਡ ਵੱਲੋਂ ਪ੍ਰਕਾਸ਼ਿਤ ਰਿਪੋਰਟ ਅਨੁਸਾਰ ਵਿਦਿਆਰਥੀਆਂ ਵਿਚ ਪੜ੍ਹਾਈ ਕਰਨ ਲਈ ਵਿਦੇਸ਼ ਜਾਣ ਦੀ ਰੁਚੀ ਘਟ ਰਹੀ ਹੈ। ਕੈਨੇਡਾ, ਅਮਰੀਕਾ, ਯੂ.ਕੇ. ਅਤੇ ਆਸਟ੍ਰੇਲੀਆ ਵਿਚ ਵਧ ਰਹੀਆਂ ਟਿਊਸ਼ਨ ਫੀਸਾਂ, ਫੰਡਾਂ ਅਤੇ ਹੋਰ ਖ਼ਰਚੇ ਵਿਦਿਆਰਥੀਆਂ ਨੂੰ ਵਿਦੇਸ਼ ਜਾਣ ਲਈ ਮੁੜ ਵਿਚਾਰ ਕਰਨ ’ਤੇ ਮਜਬੂਰ ਕਰ ਰਹੇ ਹਨ। ਰਿਪੋਰਟ ਵਿਚ ਦੱਸਿਆ ਗਿਆ ਹੈ ਕਿ ਕੈਨੇਡਾ, ਅਮਰੀਕਾ ਵਰਗੇ ਦੇਸ਼ ਆਪਣੀਆਂ ਨੀਤੀਆਂ ਵਿਚ ਤਬਦੀਲੀ ਲਿਆ ਰਹੇ ਹਨ, ਜਿਸ ਨਾਲ ਇਨ੍ਹਾਂ ਮੁਲਕਾਂ ਵਿਚ ਪੜ੍ਹਾਈ ਕਰਨਾ ਕਿਫ਼ਾਇਤੀ ਨਹੀਂ ਰਿਹਾ। ਪਿਛਲੇ ਕੁਝ ਵਰ੍ਹਿਆਂ ’ਚ ਹੀ ਖਰਚੇ ਦੁੱਗਣੇ ਹੋ ਗਏ ਹਨ। ਰਿਪੋਰਟ ਅਨੁਸਾਰ ਜਰਮਨੀ ਤੇ ਆਇਰਲੈਂਡ ਨੂੰ ਹੁਣ ਸਭ ਤੋਂ ਘੱਟ ਖਰਚੇ ਵਾਲੇ ਮੁਲਕਾਂ ਵਜੋਂ ਦੇਖਿਆ ਜਾ ਰਿਹਾ ਹੈ, ਜਿੱਥੇ ਪੜ੍ਹਾਈ ਕਰਨ ਲਈ ਟਿਊਸ਼ਨ ਫੀਸਾਂ ਦੀ ਦਰ ਘੱਟ ਹੈ। ਇਹ ਮੁਲਕ ਵਿਦਿਆਰਥੀਆਂ ਨੂੰ ਪੜ੍ਹਾਈ ਮਗਰੋਂ ਵਿਆਪਕ ਰੋਜ਼ਗਾਰ ਵੀ ਦੇ ਰਹੇ ਹਨ। ਫਰਾਂਸ ਤੇ ਸਪੇਨ ਜਾਣ ਲਈ ਵੀ ਬਹੁਤੀ ਖੱਜਲ-ਖੁਆਰੀ ਨਹੀਂ ਹੈ।




# ਭਾਰਤੀ-ਅਮਰੀਕੀ ਡਿਪਲੋਮੈਟ ਦਾ ਦੋਸ਼; ਭਾਰਤ 'ਚ ਐੱਚ-1ਬੀ ਵੀਜ਼ਾ ਧੋਖਾਧੜੀ ਆਮ

**ਵਾਸ਼ਿੰਗਟਨ, (ਪੰਜਾਬ ਮੇਲ)**- ਇੱਕ ਭਾਰਤੀ-ਅਮਰੀਕੀ ਵਿਦੇਸ਼ੀ ਸੇਵਾ ਅਧਿਕਾਰੀ ਸਿਦੀਕੀ ਨੇ ਦੋਸ਼ ਲਗਾਇਆ ਹੈ ਕਿ ਭਾਰਤ ਵਿਚ ਐੱਚ-1ਬੀ ਵੀਜ਼ਾ ਪ੍ਰੋਗਰਾਮ ਵਿਚ ਲਗਭਗ 20 ਸਾਲਾਂ ਤੋਂ ਪ੍ਰਣਾਲੀਗਤ ਧੋਖਾਧੜੀ ਚੱਲ ਰਹੀ ਹੈ। ਉਸ ਨੇ ਦਾਅਵਾ ਕੀਤਾ ਕਿ ਵਾਸ਼ਿੰਗਟਨ ਵਿਚ ਵਾਰ-ਵਾਰ ਇਹ ਮੁੱਦਾ ਚੁੱਕੇ ਜਾਣ ਦੇ ਬਾਵਜੂਦ ਹਾਲੇ ਵੀ ਇਸ ਦਾ ਹੱਲ ਨਹੀਂ ਹੋਇਆ।

20 ਨਵੰਬਰ ਨੂੰ ਸੈਂਟਰ ਫਾਰ ਇਮੀਗ੍ਰੇਸ਼ਨ ਸਟੱਡੀਜ਼ ਦੇ 'ਪਾਰਸਿੰਗ ਇਮੀਗ੍ਰੇਸ਼ਨ ਪਾਲਿਸੀ' ਪੋਡਕਾਸਟ 'ਤੇ ਨਿੱਜੀ ਤੌਰ 'ਤੇ ਬੋਲਦੇ ਹੋਏ, ਸੈਂਟਰ ਫਾਰ ਇਮੀਗ੍ਰੇਸ਼ਨ ਸਟੱਡੀਜ਼ ਵਿਖੇ ਨੀਤੀ ਅਧਿਐਨ ਦੀ ਡਾਇਰੈਕਟਰ, ਹੋਸਟ ਜੈਸਿਕਾ ਵੌਨ ਨਾਲ ਗੱਲਬਾਤ ਦੌਰਾਨ, ਮਹਵਾਸ਼ ਸਿੱਦੀਕੀ ਨੇ ਕਿਹਾ ਕਿ ਉਸਨੇ 2005 ਅਤੇ 2007 ਦੇ ਵਿਚਕਾਰ ਚੇਨੱਈ ਦੇ ਅਮਰੀਕੀ ਕੌਂਸਲੇਟ ਵਿਖੇ 51,000 ਤੋਂ ਵੱਧ ਐੱਚ-1ਬੀ ਅਰਜ਼ੀਆਂ ਦਾ ਫੈਸਲਾ ਕਰਦੇ ਹੋਏ 'ਉਦਯੋਗਿਕ ਧੋਖਾਧੜੀ' ਦਾ ਦਸਤਾਵੇਜ਼ੀਕਰਨ ਕੀਤਾ ਸੀ।

ਵੀਜ਼ਾ ਧੋਖਾਧੜੀ ਨੂੰ ਰੋਕਣ ਲਈ ਦੂਤਾਵਾਸ 'ਚ ਇੱਕ ਛੋਟੀ ਟਾਸਕ ਫੋਰਸ ਦਾ ਹਿੱਸਾ ਰਹੀ ਸਿੱਦੀਕੀ ਨੇ ਕਿਹਾ ਕਿ ਭਾਰਤ ਵਿਚ ਵੀਜ਼ਾ ਧੋਖਾਧੜੀ ਆਮ ਹੈ। ਉਸਨੇ ਜ਼ੋਰ ਦੇ ਕੇ ਕਿਹਾ ਕਿ ਉਨ੍ਹਾਂ ਦੁਆਰਾ ਸਮੀਖਿਆ ਕੀਤੇ ਗਏ 80-90 ਪ੍ਰਤੀਸ਼ਤ ਮਾਮਲਿਆਂ ਵਿਚ ਜਾਅਲੀ ਦਸਤਾਵੇਜ਼,




*ਭਾਰਤੀ-ਅਮਰੀਕੀ ਵਿਦੇਸ਼ ਸੇਵਾ ਅਧਿਕਾਰੀ ਮਹਵਾਸ਼ ਸਿੱਦੀਕੀ*

ਜਾਅਲੀ ਡਿਗਰੀਆਂ, ਜਾਂ ਅਯੋਗ ਬਿਨੈਕਾਰ ਸ਼ਾਮਲ ਸਨ।

ਉਸਨੇ ਹੈਦਰਾਬਾਦ ਦੇ ਅਮੀਰਪੇਟ ਜ਼ਿਲ੍ਹੇ ਵਿਚ ਪ੍ਰੌਕਸੀ ਇੰਟਰਵਿਊਆਂ, ਜਾਅਲੀ ਸਰਟੀਫਿਕੇਟਾਂ ਅਤੇ ਦਸਤਾਵੇਜ਼ਾਂ ਦੀ ਧੋਖਾਧੜੀ ਦੀ ਇੱਕ ਲੜੀ ਦਾ ਹਵਾਲਾ ਦਿੱਤਾ। ਅਮਰੀਕਾ ਦੀ ਗੱਲ ਕਰੀਏ, ਤਾਂ ਉਸਨੇ ਅਮਰੀਕਾ ਸਥਿਤ ਟੀਮਾਂ ਵਿਚ ਰਿਸ਼ਵਤਖੋਰੀ ਪ੍ਰਣਾਲੀ ਦਾ ਵੀ ਜ਼ਿਕਰ ਕੀਤਾ, ਜਿਸਦੀ ਅਗਵਾਈ ਆਮ ਤੌਰ 'ਤੇ ਭਾਰਤੀ-ਮੁਖੀ ਪ੍ਰਬੰਧਕ ਕਰਦੇ ਹਨ, ਜੋ ਖਾਸ ਉਮੀਦਵਾਰਾਂ ਨੂੰ ਨੌਕਰੀਆਂ ਸੌਂਪਦੇ ਹਨ। ਚੇਨਈ ਕੌਂਸਲੇਟ ਇੱਕ ਉੱਚ-ਸੰਖਿਆ ਵਾਲਾ ਕੇਂਦਰ ਬਣਿਆ ਹੋਇਆ ਹੈ। ਵਿੱਤੀ ਸਾਲ 2024 ਵਿਚ, ਇਸਨੇ ਲਗਭਗ 220,000 ਐੱਚ-1ਬੀ ਵੀਜ਼ਾ ਅਤੇ 140,000 ਐੱਚ-4 ਆਸ਼ਰਿਤ ਵੀਜ਼ਾ ਪ੍ਰਕਿਰਿਆ ਕੀਤੇ, ਜੋ ਕਿ ਦੁਨੀਆਂ ਭਰ ਦੇ ਕਿਸੇ ਵੀ ਹੋਰ ਕੇਂਦਰ ਨਾਲੋਂ ਵੱਧ ਹਨ। ਸਿੱਦੀਕੀ ਨੇ ਕਿਹਾ ਕਿ ਉਨ੍ਹਾਂ ਦੀ ਟਾਸਕ ਫੋਰਸ ਦੀਆਂ ਧੋਖਾਧੜੀ ਵਿਰੋਧੀ ਜਾਂਚਾਂ ਨੂੰ ਉੱਚ ਪੱਧਰੀ ਰਾਜਨੀਤਿਕ ਦਬਾਅ ਕਾਰਨ "ਬੇਕਾਰ ਕਾਰਵਾਈ" ਕਰਾਰ ਦੇਣ ਤੋਂ ਬਾਅਦ ਰੋਕ ਦਿੱਤਾ ਗਿਆ ਸੀ। ਇਹ ਬਹੁਤ ਹੀ ਢਾਂਚਾਗਤ ਸੀ। ਸਾਡੀ ਛੋਟੀ ਟਾਸਕ ਫੋਰਸ, ਜਿਸ ਵਿਚ ਲਗਭਗ 15 ਵਿਦੇਸ਼ ਸੇਵਾ ਅਧਿਕਾਰੀ ਸ਼ਾਮਲ ਸਨ, ਲਈ ਸੱਤਾ ਦੇ ਸਾਹਮਣੇ ਸੱਚ ਬੋਲਣਾ ਬਹੁਤ ਮੁਸ਼ਕਲ ਸੀ।

ਇੰਟਰਵਿਊ ਦੇ ਨਾਲ ਜਾਰੀ ਕੀਤੀ ਗਈ ਇੱਕ ਨਵੀਂ ਸੀ.ਆਈ.ਐੱਸ. ਰਿਪੋਰਟ, ਐੱਚ-1ਬੀ ਵੀਜ਼ਾ ਪ੍ਰੋਗਰਾਮ ਵਿਚ ਉਦਯੋਗਿਕ ਧੋਖਾਧੜੀ", ਦਲੀਲ ਦਿੰਦੀ ਹੈ ਕਿ ਸਿੱਦੀਕੀ ਦੁਆਰਾ ਦੱਸਿਆ ਗਿਆ ਦੁਰਵਿਵਹਾਰ ਅਜੇ ਵੀ ਵਿਆਪਕ ਹਨ। ਰਿਪੋਰਟ ਵਿਚ ਕਿਹਾ ਗਿਆ ਹੈ ਕਿ ਐੱਚ-1ਬੀ ਘੁਸਪੈਠ ਅਮਰੀਕੀ ਨੌਕਰੀਆਂ, ਸੁਰੱਖਿਆ ਅਤੇ ਖੁਸ਼ਹਾਲੀ ਲਈ ਖ਼ਤਰਾ ਹੈ ਅਤੇ ਇਹ ਦਾਅਵਾ ਕਰਦੇ ਹੋਏ ਕਿ ਧੋਖਾਧੜੀ ਆਊਟਸੋਰਸਿੰਗ ਫਰਮਾਂ ਨੂੰ ਅਮਰੀਕੀ STEM ਗ੍ਰੈਜੂਏਟਾਂ ਦੀ ਥਾਂ ਘੱਟ ਤਨਖਾਹ ਵਾਲੇ ਵਿਦੇਸ਼ੀ ਕਾਮਿਆਂ ਨੂੰ ਨਿਯੁਕਤ ਕਰਨ ਦੇ ਯੋਗ ਬਣਾਉਂਦੀ ਹੈ।

ਸਿੱਦੀਕੀ ਨੇ ਕਿਹਾ ਕਿ ਇਹ ਪ੍ਰੋਗਰਾਮ ਹੁਣ ਅਸਲ ਹੁਨਰਾਂ ਦੀ ਘਾਟ ਨੂੰ ਪੂਰਾ ਕਰਨ ਦੇ ਆਪਣੇ ਅਸਲ ਟੀਚੇ ਨੂੰ ਪੂਰਾ ਨਹੀਂ ਕਰਦਾ। ਇਹ ਸਥਾਨਕ ਪ੍ਰਤਿਭਾ ਨੂੰ ਹਾਸ਼ੀਏ 'ਤੇ ਧੱਕਣ ਵਿਚ ਭੂਮਿਕਾ ਨਿਭਾਉਂਦਾ ਹੈ ਅਤੇ ਅਮਰੀਕਾ ਵਿਚ ਲਗਾਤਾਰ STEM ਦੀ ਘਾਟ ਦੀ ਧਾਰਨਾ ਇੱਕ "ਮਿੱਥ" ਹੈ।

# ਭਾਰਤੀ ਔਰਤ ਨੂੰ ਸ਼ੰਘਾਈ ਹਵਾਈ ਅੱਡੇ 'ਤੇ ਰੋਕਿਆ!

## ਚੀਨ ਨੇ ਭਾਰਤੀ ਪਾਸਪੋਰਟ ਨੂੰ ਪਛਾਣਨ ਤੋਂ ਕੀਤਾ ਇਨਕਾਰ

**ਈਟਾਨਗਰ, (ਪੰਜਾਬ ਮੇਲ)** - ਬ੍ਰਿਟੇਨ 'ਚ ਰਹਿਣ ਵਾਲੀ ਅਰੁਣਾਚਲ ਪ੍ਰਦੇਸ਼ ਦੀ ਇਕ ਔਰਤ ਨੇ ਦੋਸ਼ ਲਾਇਆ ਹੈ ਕਿ ਚੀਨ ਦੇ ਸ਼ੰਘਾਈ ਹਵਾਈ ਅੱਡੇ 'ਤੇ ਇਮੀਗ੍ਰੇਸ਼ਨ ਅਧਿਕਾਰੀਆਂ ਨੇ ਇਕ ਟ੍ਰਾਂਜ਼ਿਟ ਸਟਾਪ ਦੌਰਾਨ ਉਸ ਦੇ ਭਾਰਤੀ ਪਾਸਪੋਰਟ ਨੂੰ ਪਛਾਣਨ ਤੋਂ ਇਨਕਾਰ ਕਰਨ ਤੋਂ ਬਾਅਦ ਉਸ ਨੂੰ ਲਗਭਗ 18 ਘੰਟਿਆਂ ਲਈ ਹਿਰਾਸਤ 'ਚ ਰੱਖਿਆ।

ਪ੍ਰੇਮਾ ਵਾਂਗਜੋਮ ਥੋਂਗਡੋਕ ਨੇ ਦਾਅਵਾ ਕੀਤਾ ਕਿ 21 ਨਵੰਬਰ ਨੂੰ ਉਹ ਲੰਡਨ ਤੋਂ ਜਾਪਾਨ ਜਾ ਰਹੀ ਸੀ ਅਤੇ ਉਸ ਦਾ ਨਿਰਧਾਰਤ 3 ਘੰਟਿਆਂ ਦਾ ਸਟੇਅ ਇਕ ਭਿਆਨਕ ਅਨੁਭਵ ਵਿਚ ਬਦਲ ਗਿਆ।

# ਨਾਗਰਿਕਤਾ ਕਾਨੂੰਨ 'ਚ ਵੱਡੇ ਬਦਲਾਅ ਕਰਨ ਜਾ ਰਿਹੈ ਕੈਨੇਡਾ!

**ਵੈਨਕੂਵਰ, (ਪੰਜਾਬ ਮੇਲ)**- ਕੈਨੇਡਾ ਆਪਣੇ ਨਾਗਰਿਕਤਾ ਕਾਨੂੰਨ 'ਚ ਵੱਡੇ ਬਦਲਾਅ ਕਰਨ ਵਾਲਾ ਹੈ। ਕੈਨੇਡਾ ਦੇ ਸੀ-3 ਐਕਟ ਤਹਿਤ ਸਿਟੀਜ਼ਨਸ਼ਿਪ ਐਕਟ 'ਚ ਇਹ ਬਦਲਾਅ ਕੀਤੇ ਜਾਣਗੇ। ਖਾਸ ਤੌਰ 'ਤੇ ਇਹ ਵੰਸ਼ ਦੇ ਆਧਾਰ 'ਤੇ ਨਾਗਰਿਕਤਾ ਦੇਣ 'ਚ ਨਰਮੀ ਲਈ ਹੈ। ਕੈਨੇਡਾ ਸਰਕਾਰ ਦੇ ਇਸ ਕਦਮ ਨਾਲ ਭਾਰਤੀ ਮੂਲ ਦੇ ਹਜ਼ਾਰਾਂ ਪਰਿਵਾਰਾਂ ਨੂੰ ਲਾਭ ਹੋਵੇਗਾ। ਕੈਨੇਡਾ 'ਚ ਰਹਿਣ ਵਾਲੇ ਵਿਦੇਸ਼ੀਆਂ 'ਚ ਭਾਰਤੀ ਨਾਗਰਿਕਾਂ ਦੀ ਵੱਡੀ ਗਿਣਤੀ ਹੈ, ਅਜਿਹੇ 'ਚ ਭਾਰਤੀ ਪਰਿਵਾਰ ਇਸ ਬਦਲਾਅ ਦੇ ਸਭ ਤੋਂ ਵੱਡੇ ਲਾਭਪਾਤਰੀ ਹੋ ਸਕਦੇ ਹਨ। ਕੈਨੇਡਾ ਦੀ ਸਰਕਾਰ ਨੇ ਅਜੇ

**■ ਹਜ਼ਾਰਾਂ ਭਾਰਤੀ ਪਰਿਵਾਰਾਂ ਨੂੰ ਹੋਵੇਗਾ 'ਫ਼ਾਇਦਾ'**

ਤੱਕ ਇਸ ਕਾਨੂੰਨ ਦੇ ਲਾਗੂ ਹੋਣ ਦੀ ਮਿਤੀ ਦਾ ਐਲਾਨ ਨਹੀਂ ਕੀਤਾ ਹੈ। ਹਾਲਾਂਕਿ, ਇਸ ਨੂੰ ਮਨਜ਼ੂਰੀ ਦੇ ਦਿੱਤੀ ਗਈ ਹੈ ਅਤੇ ਜਲਦੀ ਹੀ ਇਹ ਹਕੀਕਤ ਬਣ ਜਾਵੇਗਾ। ਇਸ ਬਦਲਾਅ ਨਾਲ ਸੈਕਿੰਡ ਜੈਨਰੇਸ਼ਨ ਕੱਟ-ਆਫ ਖਤਮ ਹੋ ਜਾਵੇਗੀ। ਦਰਅਸਲ ਮੌਜੂਦਾ ਨਿਯਮਾਂ ਤਹਿਤ ਕੈਨੇਡੀਅਨ ਨਾਗਰਿਕ ਦੇ ਕੈਨੇਡਾ ਦੇ ਬਾਹਰ ਪੈਦਾ ਹੋਏ ਬੱਚੇ ਨੂੰ ਨਾਗਰਿਕਤਾ ਨਹੀਂ ਮਿਲਦੀ ਹੈ। ਨਵਾਂ ਬਦਲਾਅ ਇਸ ਸਮੱਸਿਆ ਨੂੰ ਖਤਮ ਕਰਦਾ ਹੈ।

# ਕੈਨੇਡਾ ਤੇ ਅਮਰੀਕਾ 'ਚ ਨਸ਼ਾ ਤਸਕਰੀ ਨਾਲ ਸੰਬੰਧਤ ਕੇਸ ਦੀ ਅਮਰੀਕੀ ਜਾਂਚ ਏਜੰਸੀਆਂ ਦੀ ਨਿਗਰਾਨੀ ਹੇਠ ਜਾਂਚ ਜਾਰੀ

**ਟੋਰਾਂਟੋ, (ਪੰਜਾਬ ਮੇਲ)**-ਕੈਨੇਡਾ, ਅਮਰੀਕਾ ਤੇ ਮੈਕਸੀਕੋ ਤੋਂ ਦੱਖਣੀ ਅਮਰੀਕੀ ਮਹਾਦੀਪ ਦੇ ਦੇਸ਼ਾਂ ਤੱਕ ਨਸ਼ਿਆਂ ਦੀ ਤਸਕਰੀ ਦਾ ਇਕ ਵੱਡਾ ਕੇਸ ਬੀਤੇ ਮਹੀਨਿਆਂ ਤੋਂ ਚਰਚਾ ਵਿਚ ਹੈ। ਉਸ ਕੇਸ 'ਚ ਤਸਕਰਾਂ ਦੇ ਗਿਰੋਹ ਦਾ ਮੁਖੀ ਕੈਨੇਡਾ ਦਾ ਓਲੰਪਿਕ ਪੱਧਰ ਦਾ (2002 'ਚ ਸਨੋਬੋਰਡ) ਖਿਡਾਰੀ ਰਿਹਾ ਬ੍ਰਿਟਿਸ਼ ਕੋਲੰਬੀਆ ਦਾ ਕਰਿੱਸ ਵੈਡਿੰਗ (44) ਦੱਸਿਆ ਜਾ ਰਿਹਾ ਹੈ, ਜਿਸ ਦੀ ਗ੍ਰਿਫਤਾਰੀ ਲਈ ਅਮਰੀਕੀ ਜਾਂਚ ਏਜੰਸੀ ਐੱਫ.ਬੀ.ਆਈ. ਵੱਲੋਂ 15 ਮਿਲੀਅਨ ਡਾਲਰ ਇਨਾਮ ਦਾ ਐਲਾਨ ਕੀਤਾ ਗਿਆ ਹੈ ਤੇ ਉਸ ਦਾ ਨਾਂ ਅਮਰੀਕਾ ਦੀ 'ਮੋਸਟ ਵਾਂਟਿਡ ਲਿਸਟ' ਵਿਚ ਚੋਟੀ ਦੇ 10 ਨਾਵਾਂ 'ਚ ਸ਼ਾਮਲ ਕੀਤਾ ਗਿਆ ਹੈ। ਇਸ ਕੇਸ 'ਚ ਹੁਣ ਤੱਕ 36 ਗ੍ਰਿਫਤਾਰੀਆਂ ਹੋ ਚੁੱਕੀਆਂ ਹਨ, ਜਿਨ੍ਹਾਂ 'ਚ ਓਨਟਾਰੀਓ, ਅਲਬਰਟਾ ਤੇ ਕਿਊਬਕ ਤੋਂ 7 ਕੈਨੇਡਾ ਦੇ ਨਾਗਰਿਕ ਹਨ ਤੇ 2 ਕੈਨੇਡਾ ਵਾਸੀਆਂ ਦੀ ਭਾਲ ਅਜੇ ਜਾਰੀ ਹੈ। ਭਗੌੜੇ ਵੈਡਿੰਗ ਨੂੰ ਇਸ ਕੇਸ ਦੇ ਗਵਾਹ ਦਾ ਕਤਲ ਕਰਵਾਉਣ ਦੀ ਸਲਾਹ ਦੇਣ ਤੇ ਹੋਰ ਸਹਿਯੋਗ ਕਰਨ ਦੇ ਦੋਸ਼ 'ਚ ਉਸ ਦਾ ਵਕੀਲ ਦੀਪਕ ਪ੍ਰਾਦਕਰ (62) ਵੀ ਟੋਰਾਂਟੋ ਨੇੜਲੇ ਸ਼ਹਿਰ ਥਨਰਨਹਿੱਲ ਤੋਂ ਬੀਤੇ ਦਿਨੀਂ ਗ੍ਰਿਫਤਾਰ ਕੀਤਾ ਗਿਆ ਹੈ।



Global Allianz

LAW FIRM LLP

ਕਾਨੂੰਨੀ ਸਲਾਹ

■ ਇਮੀਗਰੇਸ਼ਨ ਸੇਵਾਵਾਂ
■ ਘਰੇਲੂ ਹਿੰਸਾ ਦੇ ਕੇਸ
■ ਨਸ਼ਾ ਕਰਕੇ ਗੱਡੀ ਚਲਾਉਣਾ
■ ਕੰਮ 'ਤੇ ਸੱਟ ਲਗਣਾ

Asylum & Deportation Defense



Atul Kapoor
C.E.O



Neat Allen Sawyer
Attorney at law

Designed By Punjab Mail USA

555 Capitol Mall SUITE 1245, Sacramento, CA 95814
Phone:209-808-2136, 209-952-5578, 1-916-806-7042, Fax: 209-476-7188

# ਰਾਸ਼ਟਰਪਤੀ ਡੋਨਾਲਡ ਟਰੰਪ ਕਰਨਗੇ ਹੁਨਰਮੰਦ ਕਾਮਿਆਂ ਦਾ ਸਵਾਗਤ !

ਨਿਊਯਾਰਕ/ਵਾਸ਼ਿੰਗਟਨ, (ਪੰਜਾਬ ਮੇਲ)- ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਕਿਹਾ ਕਿ ਉਹ ਦੇਸ਼ ਵਿਚ ਹੁਨਰਮੰਦ ਪ੍ਰਵਾਸੀਆਂ ਦਾ "ਸਵਾਗਤ" ਕਰਨਗੇ, ਜੋ ਅਮਰੀਕੀ ਕਾਮਿਆਂ ਨੂੰ ਚਿਪ ਅਤੇ ਮਿਜ਼ਾਈਲਾਂ ਵਰਗੇ ਗੁੰਝਲਦਾਰ ਉਤਪਾਦਾਂ ਦੇ ਨਿਰਮਾਣ ਦੀ ਤਕਨਾਲੋਜੀ "ਸਿਖਾਉਣਗੇ"। ਟਰੰਪ ਨੇ ਇਹ ਵੀ ਸਵੀਕਾਰ ਕੀਤਾ ਕਿ ਉਨ੍ਹਾਂ ਨੂੰ ਇਸ ਮੁੱਦੇ 'ਤੇ ਉਨ੍ਹਾਂ ਦੇ ਸਮਰਥਕਾਂ ਤੋਂ "ਕੁਝ ਆਲੋਚਨਾ" ਦਾ ਸਾਹਮਣਾ ਕਰਨਾ ਪੈ ਸਕਦਾ ਹੈ, ਜੋ ਸਖ਼ਤ ਇਮੀਗ੍ਰੇਸ਼ਨ ਪਾਬੰਦੀਆਂ ਦਾ ਸਮਰਥਨ ਕਰਦੇ ਹਨ। ਅਮਰੀਕਾ-ਸਾਊਦੀ ਅਰਬ ਨਿਵੇਸ਼ ਫੋਰਮ ਨੂੰ ਸੰਬੋਧਨ ਕਰਦੇ ਹੋਏ, ਟਰੰਪ ਨੇ ਕਿਹਾ ਕਿ ਅਮਰੀਕਾ ਵਿਚ ਬਣਾਏ ਜਾ ਰਹੇ ਵੱਡੀ ਗਿਣਤੀ ਵਿਚ ਪਲਾਂਟ, ਜਿਨ੍ਹਾਂ ਵਿਚੋਂ ਬਹੁਤ ਸਾਰੇ "ਬਹੁਤ ਗੁੰਝਲਦਾਰ" ਕੰਮਾਂ ਨਾਲ ਜੁੜੇ ਹੋਏ ਹਨ, ਦੇਸ਼ ਦੇ ਆਰਥਿਕ ਵਿਕਾਸ ਵਿਚ ਮਹੱਤਵਪੂਰਨ ਯੋਗਦਾਨ ਪਾਉਣਗੇ। ਉਨ੍ਹਾਂ ਕਿਹਾ ਕਿ ਕਿਉਂਕਿ ਇਹ ਪਲਾਂਟ ਟੈਲੀਫੋਨ, ਕੰਪਿਊਟਰ ਅਤੇ ਮਿਜ਼ਾਈਲਾਂ ਵਰਗੇ ਬਹੁਤ ਹੀ ਗੁੰਝਲਦਾਰ ਉਤਪਾਦਾਂ ਦਾ ਨਿਰਮਾਣ ਕਰਨਗੇ, ਇਸ ਲਈ ਕੰਪਨੀਆਂ ਨੂੰ ਵਿਦੇਸ਼ਾਂ ਤੋਂ ਹੁਨਰਮੰਦ ਕਾਮੇ ਲਿਆਉਣੇ ਪੈਣਗੇ ਜੋ ਅਮਰੀਕੀ ਕਾਮਿਆਂ ਨੂੰ ਸਿਖਲਾਈ ਦੇ ਸਕਣ।



ਟਰੰਪ ਨੇ ਸਾਊਦੀ ਅਰਬ ਦੇ ਕ੍ਰਾਊਨ ਪ੍ਰਿੰਸ ਮੁਹੰਮਦ ਬਿਨ ਸਲਮਾਨ ਦੀ ਮੌਜੂਦਗੀ ਵਿਚ ਕਿਹਾ, "ਮੈਨੂੰ ਕੁਝ ਆਲੋਚਨਾ ਦਾ ਸਾਹਮਣਾ ਕਰਨਾ ਪੈ ਸਕਦਾ ਹੈ... ਮੇਰੇ ਲੋਕ, ਜੋ ਮੈਨੂੰ ਪਿਆਰ ਕਰਦੇ ਹਨ ਅਤੇ ਜਿਨ੍ਹਾਂ ਨੂੰ ਮੈਂ ਪਿਆਰ ਕਰਦਾ ਹਾਂ, ਉਨ੍ਹਾਂ ਦਾ ਝੁਕਾਅ ਅਕਸਰ ਸੱਜੇ ਪਾਸੇ ਹੁੰਦਾ, ਕਈ ਵਾਰ ਬਹੁਤ ਜ਼ਿਆਦਾ।" ਰਾਸ਼ਟਰਪਤੀ ਨੇ ਕਿਹਾ, "ਕੰਪਨੀਆਂ ਨੂੰ ਆਪਣੇ ਲੋਕਾਂ ਨੂੰ ਲਿਆਉਣਾ ਪਵੇਗਾ, ਤਾਂ ਜੋ ਫੈਕਟਰੀਆਂ ਸ਼ੁਰੂ ਹੋ ਸਕਣ। ਅਸੀਂ ਚਾਹੁੰਦੇ ਹਾਂ ਕਿ ਉਹ ਸਾਡੇ ਲੋਕਾਂ ਨੂੰ ਕੰਪਿਊਟਰ ਚਿਪ ਅਤੇ ਹੋਰ ਚੀਜ਼ਾਂ ਬਣਾਉਣ ਦਾ ਤਰੀਕਾ ਸਿਖਾਉਣ... ਉਨ੍ਹਾਂ ਨੂੰ ਹਜ਼ਾਰਾਂ ਲੋਕਾਂ ਨੂੰ ਲਿਆਉਣਾ ਪਵੇਗਾ ਅਤੇ ਮੈਂ ਉਨ੍ਹਾਂ ਦਾ ਸਵਾਗਤ ਕਰਦਾ ਹਾਂ।" ਅਮਰੀਕੀ ਕੰਪਨੀਆਂ ਐੱਚ-1ਬੀ ਅਤੇ ਐੱਲ1 ਵੀਜ਼ਾ ਦੀ ਵਰਤੋਂ ਕਰਕੇ ਵਿਦੇਸ਼ੀ ਉੱਚ-ਹੁਨਰਮੰਦ ਕਾਮਿਆਂ ਨੂੰ ਨੌਕਰੀ 'ਤੇ ਰੱਖਦੀਆਂ ਹਨ। ਟਰੰਪ ਪ੍ਰਸ਼ਾਸਨ ਗੈਰ-ਕਾਨੂੰਨੀ ਇਮੀਗ੍ਰੇਸ਼ਨ 'ਤੇ ਸਖ਼ਤੀ ਕਰ ਰਿਹਾ ਹੈ ਅਤੇ ਉਨ੍ਹਾਂ ਦੇ ਬਹੁਤ ਸਾਰੇ ਸਮਰਥਕਾਂ ਨੇ ਐੱਚ-1ਬੀ ਵੀਜ਼ਾ ਪ੍ਰਣਾਲੀ ਨੂੰ ਸਖ਼ਤੀ ਨਾਲ ਲਾਗੂ ਕਰਨ ਦੀ ਮੰਗ ਕੀਤੀ ਹੈ, ਇਹ ਕਹਿੰਦੇ ਹੋਏ ਕਿ ਇਸਦੀ ਦੁਰਵਰਤੋਂ ਹੋ ਰਹੀ ਹੈ ਅਤੇ ਅਮਰੀਕੀਆਂ ਵਿਚ ਬੇਰੁਜ਼ਗਾਰੀ ਪੈਦਾ ਹੋ ਰਹੀ ਹੈ।

## ਸੜਕ ਹਾਦਸੇ 'ਚ 6 ਭਾਰਤੀਆਂ ਦੀਆਂ ਜਾਨਾਂ ਲੈਣ ਵਾਲੇ ਦੋਸ਼ੀ ਨੂੰ 65 ਸਾਲ ਕੈਦ

**ਸੈਕਰਾਮੈਂਟੋ, (ਹੁਸਨ ਲੜੋਆ ਬੰਗਾ/ਪੰਜਾਬ ਮੇਲ)**- 2023 'ਚ ਇਕ ਸੜਕ ਹਾਦਸੇ ਵਿਚ ਮਾਰੇ ਗਏ ਭਾਰਤੀ ਅਮਰੀਕੀ ਪਰਿਵਾਰ ਦੇ 6 ਜੀਆਂ ਦੇ ਮਾਮਲੇ ਵਿਚ ਟੈਕਸਾਸ ਦੀ ਇੱਕ ਅਦਾਲਤ ਨੇ 19 ਸਾਲਾ ਡਰਾਈਵਰ ਲਿਊਕ ਗੈਰਟ ਰੈਸਕਰ ਨੂੰ 65 ਸਾਲ ਕੈਦ ਦੀ ਸਜ਼ਾ ਸੁਣਾਈ ਹੈ। ਜਿਸ ਸਮੇਂ ਹਾਦਸਾ ਹੋਇਆ ਰੈਸਕਰ ਦੀ ਉਮਰ 17 ਸਾਲ ਸੀ। 26 ਦਸੰਬਰ 2023 ਨੂੰ ਵਾਪਰੇ ਹਾਦਸੇ ਵਿਚ ਰੈਸਕਰ ਨੇ ਕਲੈਬਰਨ, ਟੈਕਸਾਸ ਨੇੜੇ ਹਾਈਵੇਅ 67 ਉਪਰ ਆਪਣਾ ਪਿੱਕਅੱਪ ਟਰੱਕ ਹਾਂਡਾ ਓਡੀਸੀ ਮਿਨੀ ਵੈਨ ਵਿਚ ਮਾਰਿਆ ਸੀ। ਹਾਦਸੇ ਵਿਚ ਇਰਵਿੰਗ ਵਾਸੀ 28 ਸਾਲਾ ਰਸ਼ੀ ਬਰੀ ਤੇ ਉਸ ਦੇ 5 ਰਿਸ਼ਤੇਦਾਰ ਮਾਰੇ ਗਏ ਸਨ, ਜੋ ਜਾਰਜੀਆ ਤੋਂ ਵਾਪਸ ਆ ਰਹੇ ਸਨ। ਇਸ ਹਾਦਸੇ ਵਿਚ ਇਕੋ ਇੱਕ ਲੋਕੇਸ਼ ਪੋਟਾਬਾਥੂਲਾ ਬਚਿਆ ਸੀ, ਜਦਕਿ ਉਸ ਦੀ ਪਤਨੀ, ਦੋ ਬੱਚੇ, ਚਚੇਰਾ ਭਰਾ ਤੇ ਇੱਕ ਹੋਰ ਰਿਸ਼ਤੇਦਾਰ ਮਾਰੇ ਗਏ ਸਨ। ਲੋਕੇਸ਼ ਵੀ ਸਦਾ ਲਈ ਅਪਾਹਜ ਹੋ ਗਿਆ ਹੈ।

## ਐਲਨ ਮਸਕ ਪਿਛਲੀਆਂ ਗੱਲਾਂ ਭੁੱਲ ਕੇ ਚੁੱਪ ਚੁਪੀਤੇ ਵਾਈਟ ਹਾਊਸ ਪਰਤੇ

**ਸੈਕਰਾਮੈਂਟੋ, (ਹੁਸਨ ਲੜੋਆ ਬੰਗਾ/ਪੰਜਾਬ ਮੇਲ)**- ਰਾਸ਼ਟਰਪਤੀ ਡੋਨਾਲਡ ਟਰੰਪ ਨਾਲ ਝਗੜੇ ਤੋਂ ਬਾਅਦ 6 ਮਹੀਨੇ ਪਹਿਲਾਂ ਵਾਈਟ ਹਾਊਸ ਛੱਡ ਕੇ ਗਏ ਐਲਨ ਮਸਕ ਵਾਪਸ ਪਰਤ ਆਏ ਹਨ। ਬੀਤੇ ਦਿਨੀਂ ਟੈਸਲਾ ਤੇ ਸਪੇਸ ਐਕਸ ਦੇ ਸੀ.ਈ.ਓ. ਮਸਕ ਚੁੱਪ ਚੁਪੀਤੇ ਵਾਈਟ ਹਾਊਸ ਵਿਚ ਸਾਊਦੀ ਅਰਬ ਦੇ ਕਰਾਊਨ ਪ੍ਰਿੰਸ ਮੁਹੰਮਦ ਬਿਨ ਸਲਮਾਨ ਦੇ ਮਾਣ ਵਿਚ ਰੱਖੇ ਰਾਤ ਦੇ ਖਾਣੇ ਵਿਚ 140 ਦੇ ਕਰੀਬ ਹੋਰ ਮਹਿਮਾਨਾਂ ਨਾਲ ਸ਼ਾਮਲ ਹੋਏ, ਹਾਲਾਂਕਿ ਜਦੋਂ ਉਨ੍ਹਾਂ ਨੇ ਵ੍ਹਾਈਟ ਹਾਊਸ ਛੱਡਿਆ ਸੀ, ਤਾਂ ਉਸ ਸਮੇਂ ਕਾਫੀ ਗਰਮਾ-ਗਰਮੀ ਹੋਈ ਸੀ। ਜਿਸ ਤੋਂ ਬਾਅਦ ਟਰੰਪ ਨੇ ਉਸ ਨਾਲ ਸਿੰਝ ਲੈਣ ਤੱਕ ਦੀ ਚਿਤਾਵਨੀ ਦਿੱਤੀ ਸੀ। ਟਰੰਪ ਸਰਕਾਰ ਦੇ ਸਰਕਾਰੀ ਕੁਸ਼ਲਤਾ ਵਿਭਾਗ ਦੇ ਮੁਖੀ ਵਜੋਂ ਅਹੁਦਾ ਛੱਡਣ ਤੋਂ ਬਾਅਦ ਮਸਕ ਪਹਿਲੀ ਵਾਰ ਵਾਸ਼ਿੰਗਟਨ ਵਿਚ ਜਨਤਕ ਤੌਰ 'ਤੇ ਨਜ਼ਰ ਆਏ। ਸਮਾਗਮ ਵਿਚ ਉਹ ਹੋਰ ਅਮੀਰ ਮਹਿਮਾਨਾਂ ਨਾਲ ਬੈਠੇ ਸਨ, ਜਿਨ੍ਹਾਂ ਵਿਚ ਐਪਲ ਸੀ.ਈ.ਓ. ਟਿਮ ਕੁੱਕ, ਡੈਲ ਸੀ.ਈ.ਓ. ਮਿਸ਼ੈਲ ਡੈਲ, ਗੋਲਫਰ ਬਰਾਇਸਨ ਡੀ ਚੈਂਬੂ, ਫੁੱਟਬਾਲ ਸਟਾਰ ਕ੍ਰਿਟੀਅਨ ਰੋਨਾਲਡੋ ਤੇ ਟਰੰਪ ਪਰਿਵਾਰ ਦੇ ਅਨੇਕਾਂ ਮੈਂਬਰ ਸ਼ਾਮਲ ਸਨ। ਅਜਿਹਾ ਲੱਗ ਰਿਹਾ ਸੀ ਕਿ ਜਿਵੇਂ ਉਹ ਪਿਛਲਾ ਸਾਰਾ ਕੁਝ ਭੁੱਲ ਗਏ ਹੋਣ ਤੇ ਰਾਸ਼ਟਰਪਤੀ ਨਾਲ ਉਨ੍ਹਾਂ ਦਾ ਕੋਈ ਵਿਵਾਦ ਨਹੀਂ ਰਿਹਾ।



**ਰੋਜ਼ਾਨਾਂ ਤਾਜ਼ੀਆਂ ਖਬਰਾਂ ਪੜ੍ਹਨ ਲਈ ਪੰਜਾਬ ਮੇਲ ਦੀ ਵੈੱਬਸਾਇਟ 'ਤੇ ਕਲਿੱਕ ਕਰੋ : www.punjabmailusa.com**

## ਬਰੈਂਪਟਨ 'ਚ ਪੰਜਾਬੀ ਲੜਕਾ ਆਪਣੇ ਪਿਤਾ ਦੀ ਹੱਤਿਆ ਕਰ ਕੇ ਫਰਾਰ



**ਵੈਨਕੂਵਰ, (ਪੰਜਾਬ ਮੇਲ)**- ਪੀਲ ਪੁਲਿਸ ਉਸ ਪੰਜਾਬੀ ਮੁੰਡੇ ਦੀ ਭਾਲ ਕਰ ਰਹੀ ਹੈ, ਜੋ ਸ਼ਨਿਚਰਵਾਰ ਦੀ ਸ਼ਾਮ ਨੂੰ ਬਰੈਂਪਟਨ ਵਿਚ ਆਪਣੇ ਪਿਤਾ ਦੀ ਹੱਤਿਆ ਕਰਕੇ ਫਰਾਰ ਹੋ ਗਿਆ ਸੀ। ਪੁਲਿਸ ਅਨੁਸਾਰ ਸ਼ਹਿਰ ਦੀ ਕਲੀਅਰ ਜੌਇ ਸਟਰੀਟ 'ਤੇ ਘਰ ਵਿਚ ਗੋਲੀਆਂ ਚੱਲੀਆਂ, ਜਿਸ ਤੋਂ ਬਾਅਦ ਜਦੋਂ ਪੁਲਿਸ ਉਥੇ ਪੁੱਜੀ, ਤਾਂ 50 ਸਾਲਾ ਵਿਅਕਤੀ ਗੰਭੀਰ ਜ਼ਖ਼ਮੀ ਮਿਲਿਆ, ਜਿਸ ਦੀ ਕੁਝ ਦੇਰ ਬਾਅਦ ਮੌਤ ਹੋ ਗਈ। ਪਤਾ ਲੱਗਾ ਕਿ ਉਸ ਨੂੰ ਉਸ ਦੇ ਪੁੱਤਰ ਨੇ ਹੀ ਗੋਲੀਆਂ ਮਾਰੀਆਂ ਸੀ, ਜਿਸ ਦੀ ਪਛਾਣ 25 ਸਾਲਾ ਨਿਕੋਲਸ ਜਗਲਾਲ ਵਜੋ ਕੀਤੀ ਗਈ। ਪੁਲਿਸ ਨੇ ਉਸਦੀ ਫੋਟੋ ਜਾਰੀ ਕਰਕੇ ਉਸ ਨੂੰ ਫੜਾਉਣ ਲਈ ਲੋਕਾਂ ਤੋਂ ਸਹਿਯੋਗ ਮੰਗਿਆ ਹੈ। ਘਟਨਾ ਦੇ ਕਾਰਨਾਂ ਦਾ ਅਜੇ ਪਤਾ ਨਹੀਂ ਲੱਗ ਸਕਿਆ।


Jaspreet Singh
Attorney at Law
ਅਮਰੀਕਾ ਦੀ ਇਮੀਗ੍ਰੇਸ਼ਨ
ਰਿਫਿਊਜ਼ੀ ਸਟੇਅ, ਬੱਚਾ ਗੋਦ ਲੈਣਾ, ਡਿਪੋਰਟੇਸ਼ਨ ਵਿਆਹ,
ਐਚ.1 ਵੀਜ਼ਾ, ਲੇਬਰ ਸਰਟੀਫਿਕੇਟ ਦੇ ਕੇਸਾਂ ਲਈ
ਅਟਾਰਨੀ ਐਟ ਲਾਅ, ਨਿਊਯਾਰਕ ਅਤੇ ਕੈਲੀਫੋਰਨੀਆ



ਜਸਪ੍ਰੀਤ ਸਿੰਘ ਅਟਾਰਨੀ ਐਟ ਲਾਅ

Designed By Punjab Mail USA

SACRAMENTO
5855 Auburn Blvd,
Sacramento, CA 95841,
+1-916-307-4620

FRESNO
1625 E Shaw Ave
#122, Fresno,
CA 93726
559-271-5511

FREMONT
3155 KEARNEY ST,
SUITE #248,
FREMONT, CA 94538.
+1-510-657-6444

NEWYORK
108-14 Jamaica Ave,
Richmond Hill,
NY 11418
Phone: 718-533-8444


EXPO
Furniture Gallery
We offer 0% interest financing
and carry all major brands.
ਸੈਕਰਾਮੈਂਟੋ 'ਚ ਵਧੀਆ ਫਰਨੀਚਰ ਲੈਣ ਲਈ
ਸਾਡੀ ਲੋਕੇਸ਼ਨ 'ਤੇ ਇਕ ਵਾਰੀ ਜ਼ਰੂਰ ਆਓ
In business for over 30 years
SPECIAL
SALE
Best price guaranteed.
Designed By Punjab Mail USA
7310 HOME LEISURE PLAZA, SACRAMENTO, CA 95823
(916) 392-3233
www.expofurnituregallery.com

# ਟਰੰਪ ਦੇ ਮਮਦਾਨੀ ਬਾਰੇ ਸੁਰ ਨਰਮ ਪਏ

■ **ਅਮਰੀਕੀ ਰਾਸ਼ਟਰਪਤੀ ਨੇ ਸਾਰਥਕ ਗੱਲਬਾਤ ਹੋਣ ਦਾ ਦਾਅਵਾ ਕੀਤਾ**



*ਨਿਊਯਾਰਕ ਸ਼ਹਿਰ ਦੇ ਮੇਅਰ ਜ਼ੋਹਰਾਨ ਮਮਦਾਨੀ ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਨਾਲ ਹੱਥ ਮਿਲਾਉਂਦੇ ਹੋਏ।*

**ਨਿਊਯਾਰਕ/ਵਾਸ਼ਿੰਗਟਨ, (ਪੰਜਾਬ ਮੇਲ)**- ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਨੇ ਨਿਊਯਾਰਕ ਸ਼ਹਿਰ ਦੇ ਮੇਅਰ ਚੁਣੇ ਗਏ ਜ਼ੋਹਰਾਨ ਮਮਦਾਨੀ ਨਾਲ ਪਲੇਠੀ ਮੁਲਾਕਾਤ ਨੂੰ ਬਹੁਤ ਸਾਰਥਕ ਦੱਸਿਆ। ਉਨ੍ਹਾਂ ਉਮੀਦ ਜਤਾਈ ਕਿ ਮਮਦਾਨੀ ਬਹੁਤ ਵਧੀਆ ਕੰਮ ਕਰ ਸਕਦਾ ਹੈ। ਦੋਵੇਂ ਆਗੂਆਂ ਵਿਚਾਲੇ ਖਿੱਚੋਤਾਣ ਦੇ ਕੁਝ ਮਹੀਨਿਆਂ ਬਾਅਦ ਉਨ੍ਹਾਂ ਮੀਟਿੰਗ ਦੌਰਾਨ ਇਕ-ਦੂਜੇ ਖ਼ਿਲਾਫ਼ ਨਰਮ ਸੁਰ ਅਪਣਾਏ। ਸ਼੍ਰੀ ਟਰੰਪ ਨੇ ਕਿਹਾ, "ਅਸੀਂ ਮੀਟਿੰਗ ਦਾ ਆਨੰਦ ਮਾਣਿਆ। ਅਸੀਂ ਸਾਰਥਕ ਮੀਟਿੰਗ ਕੀਤੀ ਹੈ। ਦੋਹਾਂ 'ਚ ਇਕ ਸਾਂਝੀ ਗੱਲ ਹੈ ਕਿ ਅਸੀਂ ਚਾਹੁੰਦੇ ਹਾਂ ਕਿ ਸਾਡਾ ਸ਼ਹਿਰ ਬਹੁਤ ਵਧੀਆ ਬਣੇ। ਮੈਂ ਮੇਅਰ ਨੂੰ ਵਧਾਈ ਦਿੰਦਾ ਹਾਂ, ਜਿਨ੍ਹਾਂ ਬਹੁਤ ਹੀ ਹੁਸ਼ਿਆਰ ਵਿਅਕਤੀਆਂ ਖ਼ਿਲਾਫ਼ ਜ਼ਬਰਦਸਤ ਚੋਣ ਲੜੀ ਅਤੇ ਉਨ੍ਹਾਂ ਨੂੰ ਹਰਾ ਦਿੱਤਾ।" ਜਦੋਂ ਸ਼੍ਰੀ ਟਰੰਪ ਨੂੰ ਸਵਾਲ ਕੀਤਾ ਗਿਆ ਕਿ ਉਹ ਮਮਦਾਨੀ ਦੀ ਅਗਵਾਈ ਹੇਠਲੇ ਪ੍ਰਸ਼ਾਸਨ ਤਹਿਤ ਨਿਊਯਾਰਕ ਸਿਟੀ 'ਚ ਰਹਿਣ ਨੂੰ ਤਰਜੀਹ ਦੇਣਗੇ, ਤਾਂ ਉਨ੍ਹਾਂ ਕਿਹਾ, "ਮੀਟਿੰਗ ਮਗਰੋਂ ਤਾਂ ਮੈਂ ਹੁਣ ਉਥੇ ਰਹਿਣ ਲਈ ਵੀ ਤਿਆਰ ਹਾਂ। ਅਸੀਂ ਉਸ ਨੂੰ ਪੂਰਾ ਸਹਿਯੋਗ ਦੇਵਾਂਗੇ।"

## ਮੈਕਸੀਕੋ ਦੀ ਫਾਤਿਮਾ ਬੋਸ਼ ਬਣੀ ਮਿਸ ਯੂਨੀਵਰਸ ਦੀ ਜੇਤੂ

**ਬੈਂਕਾਕ, (ਪੰਜਾਬ ਮੇਲ)**- 74ਵੇਂ ਮਿਸ ਯੂਨੀਵਰਸ ਸੁੰਦਰਤਾ ਮੁਕਾਬਲੇ 'ਚ ਮੈਕਸੀਕੋ ਦੀ ਫਾਤਿਮਾ ਬੋਸ਼ 130 ਦੇਸ਼ਾਂ ਦੀਆਂ ਸੁੰਦਰੀਆਂ ਨੂੰ ਪਛਾੜ ਕੇ 2025 ਦੀ ਜੇਤੂ ਬਣੀ। ਜਦੋਂ ਕਿ ਭਾਰਤੀ ਲੋਕ ਰਾਜਸਥਾਨ ਦੀ ਮਨਿਕਾ ਵਿਸ਼ਵਕਰਮਾ ਦਾ ਖਿਤਾਬ ਜਿੱਤਣ ਲਈ ਬੇਸਬਰੀ ਨਾਲ ਇੰਤਜ਼ਾਰ ਕਰ ਰਹੇ ਸਨ, ਪਰ ਅਜਿਹਾ ਨਹੀਂ ਹੋਇਆ। ਮਨਿਕਾ ਚੋਟੀ ਦੇ 12 'ਚ ਵੀ ਜਗ੍ਹਾ ਬਣਾਉਣ ਵਿਚ ਅਸਫਲ ਰਹੀ। ਇਸ ਨਾਲ ਭਾਰਤ ਦਾ ਚੌਥੀ ਵਾਰ ਮਿਸ ਯੂਨੀਵਰਸ ਦਾ ਖਿਤਾਬ ਜਿੱਤਣ ਦਾ ਸੁਪਨਾ ਟੁੱਟ ਗਿਆ। ਪਹਿਲੀ ਰਨਰ-ਅੱਪ ਮੇਜ਼ਬਾਨ ਦੇਸ਼ ਥਾਈਲੈਂਡ ਦੀ ਪ੍ਰਵੀਨਾ ਸਿੰਘ ਸੀ। ਦੂਜੀ ਰਨਰ-ਅੱਪ ਵੈਨੇਜ਼ੁਏਲਾ ਦੀ ਸਟੈਫਨੀ ਅਬੇਸਾਲੀ ਸੀ ਤੇ ਤੀਜੀ ਰਨਰ-ਅੱਪ ਫਿਲੀਪੀਨਜ਼ ਦੀ ਮਾ. ਏਹਤੀਸਾ ਮਨਾਲੋ ਸੀ।

## ਟਰੰਪ ਨਾਲ ਝਗੜੇ ਮਗਰੋਂ ਮਾਰਜੋਰੀ ਟੇਲਰ ਗ੍ਰੀਨ ਵੱਲੋਂ ਅਹੁਦੇ ਤੋਂ ਅਸਤੀਫ਼ਾ ਦੇਣ ਦਾ ਐਲਾਨ



**ਵਾਸ਼ਿੰਗਟਨ, (ਪੰਜਾਬ ਮੇਲ)**- ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਦੀ ਸਾਬਕਾ ਸਹਿਯੋਗੀ ਅਤੇ ਜਾਰਜੀਆ ਤੋਂ ਪ੍ਰਤੀਨਿਧੀ ਸਭਾ (ਅਮਰੀਕੀ ਕਾਂਗਰਸ ਦਾ ਹੇਠਲਾ ਸਦਨ) ਦੀ ਮੈਂਬਰ ਮਾਰਜੋਰੀ ਟੇਲਰ ਗ੍ਰੀਨ ਨੇ **ਸ਼ੁੱਕਰਵਾਰ ਨੂੰ ਐਲਾਨ ਕੀਤੀ ਕਿ ਉਹ ਰਾਸ਼ਟਰਪਤੀ ਨਾਲ ਹੋਏ ਝਗੜੇ ਦੇ ਬਾਅਦ ਆਪਣੀ ਕਾਂਗਰਸ ਸੀਟ ਤੋਂ ਅਸਤੀਫ਼ਾ ਦੇ ਰਹੀ ਹੈ। ਗ੍ਰੀਨ ਜਨਵਰੀ 'ਚ ਸੰਸਦ ਦੀ ਮੈਂਬਰਸ਼ਿਪ ਤੋਂ ਅਸਤੀਫ਼ਾ ਦੇ ਦੇਵੇਗੀ ਅਤੇ ਸੰਸਦ ਮੈਂਬਰ ਵਜੋਂ ਉਨ੍ਹਾਂ ਦਾ ਅੰਤਿਮ ਦਿਨ 5 ਜਨਵਰੀ 2026 ਹੋਵੇਗਾ। ਗ੍ਰੀਨ ਦੇ ਇਸ ਕਦਮ ਕਾਰਨ ਇਕ ਸਪੈਸ਼ਲ ਚੋਣ ਹੋਵੇਗੀ ਅਤੇ ਇਸ ਨਾਲ ਸੱਤਾਧਾਰੀ ਰਿਪਬਲਿਕਨ ਪਾਰਟੀ ਦੇ ਅੰਦਰ ਹੜਕੰਪ ਮਚ ਸਕਦਾ ਹੈ। ਅਮਰੀਕੀ ਕਾਂਗਰਸ 'ਚ ਕਿਸੇ ਸੀਟ ਨੂੰ ਕਿਸੇ ਗੈਰ-ਚੁਣੇ ਹੋਏ ਵਿਅਕਤੀ ਨਾਲ ਅਸਥਾਈ ਤੌਰ 'ਤੇ ਭਰਨ ਦਾ ਕੋਈ ਨਿਯਮ ਨਹੀਂ ਹੈ।**

**ਹਾਲ ਹੀ ਦੇ ਮਹੀਨਿਆਂ 'ਚ ਅਮਰੀਕੀ ਰਾਸ਼ਟਰਪਤੀ ਅਤੇ ਗ੍ਰੀਨ ਵਿਚਕਾਰ ਜਨਤਕ ਵਿਵਾਦ ਹੋਇਆ ਸੀ। ਇਹ ਵਿਵਾਦ ਉਦੋਂ ਸ਼ੁਰੂ ਹੋਇਆ, ਜਦੋਂ ਗ੍ਰੀਨ ਨੇ ਵਿਦੇਸ਼ ਨੀਤੀ ਅਤੇ ਸਿਹਤ ਸੰਭਾਲ ਨੂੰ ਲੈ ਕੇ ਸ਼੍ਰੀ ਟਰੰਪ ਦੀ ਆਲੋਚਨਾ ਕੀਤੀ ਸੀ, ਨਾਲ ਹੀ ਜਿਨਸੀ ਅਪਰਾਧੀ** ਜੈਫਰੀ ਐਪਸਟੀਨ ਨਾਲ ਜੁੜੀ ਫਾਈਲ 'ਤੇ ਟਰੰਪ ਦੇ ਰੁਖ਼ ਨੂੰ ਲੈ ਕੇ ਵੀ ਆਲੋਚਨਾ ਕੀਤੀ ਸੀ। ਇਸ ਦੇ ਜਵਾਬ 'ਚ ਅਮਰੀਕੀ ਰਾਸ਼ਟਰਪਤੀ ਨੇ ਗ੍ਰੀਨ ਨੂੰ 'ਗੱਦਾਰ' ਅਤੇ 'ਸਨਕੀ' ਕਿਹਾ ਸੀ। ਟਰੰਪ ਨੇ ਇਹ ਵੀ ਕਿਹਾ ਸੀ ਕਿ ਜਦੋਂ ਗ੍ਰੀਨ ਅਗਲੇ ਸਾਲ ਮੁੜ ਚੋਣ ਲੜੇਗੀ, ਤਾਂ ਉਹ ਉਨ੍ਹਾਂ ਦੇ ਵਿਰੁੱਧ ਖੜ੍ਹੇ ਹੋਣ ਵਾਲੇ ਵਿਰੋਧੀ ਦਾ ਸਮਰਥਨ ਕਰਨਗੇ।

ਗ੍ਰੀਨ ਨੇ ਸੋਸ਼ਲ ਮੀਡੀਆ ਐਕਸ (ਪਹਿਲਾਂ ਟਵਿੱਟਰ) ਪਲੇਟਫਾਰਮ 'ਤੇ ਇਕ ਬਿਆਨ 'ਚ ਅਸਤੀਫ਼ੇ ਦੀ ਐਲਾਨ ਕਰਦਿਆਂ ਕਿਹਾ ਕਿ 'ਮੇਰੇ ਕੋਲ ਬਹੁਤ ਜ਼ਿਆਦਾ ਆਤਮ-ਸਨਮਾਨ ਅਤੇ ਗਰਿਮਾ ਹੈ'। ਉਨ੍ਹਾਂ ਨੇ ਅੱਗੇ ਕਿਹਾ ਕਿ ਉਹ ਨਹੀਂ ਚਾਹੁੰਦੀ ਕਿ ਉਨ੍ਹਾਂ ਦੇ ਪਿਆਰੇ ਜ਼ਿਲ੍ਹੇ ਨੂੰ ਉਨ੍ਹਾਂ ਦੇ ਖਿਲਾਫ ਇਕ ਦਰਦਨਾਕ ਅਤੇ ਨਫ਼ਰਤ ਭਰੀ ਆਵਾਜ਼ ਝੱਲਣੀ ਪਵੇ। ਉਨ੍ਹਾਂ ਨੇ ਇਹ ਵੀ ਦੱਸਿਆ ਕਿ ਇਹ ਕਦਮ ਇਸ ਲਈ ਵੀ ਜ਼ਰੂਰੀ ਹੈ, ਕਿਉਂਕਿ ਰਿਪਬਲਿਕਨ ਸ਼ਾਇਦ ਅਗਲੀਆਂ ਮਿਡਟਰਮ ਚੋਣਾਂ ਹਾਰ ਜਾਣਗੇ। ਅਗਲੇ ਮਿਡਟਰਮ (ਜੋ ਕਿ ਹਾਊਸ ਆਫ਼ ਰਿਪ੍ਰਜ਼ੈਂਟੇਟਿਵਜ਼ ਲਈ ਨਿਯਮਤ ਦੋ-ਸਾਲਾ ਚੋਣਾਂ ਹਨ) ਨਵੰਬਰ 2026 'ਚ ਹੋਣੇ ਹਨ। ਇਸ ਦੌਰਾਨ, ਅਮਰੀਕੀ ਰਾਸ਼ਟਰਪਤੀ ਦੇ ਅਧਿਕਾਰਤ ਨਿਵਾਸ ਅਤੇ ਦਫ਼ਤਰ 'ਵ੍ਹਾਈਟ ਹਾਊਸ' ਨੇ ਗ੍ਰੀਨ ਦੀ ਇਸ ਘੋਸ਼ਣਾ 'ਤੇ ਅਜੇ ਤੱਕ ਕੋਈ ਟਿੱਪਣੀ ਨਹੀਂ ਕੀਤੀ ਹੈ।

# ਬਰਤਾਨੀਆ ਸਰਕਾਰ ਵੱਲੋਂ ਇਮੀਗ੍ਰੇਸ਼ਨ ਢਾਂਚੇ 'ਚ ਅਹਿਮ ਬਦਲਾਅ

**ਲੰਡਨ, (ਪੰਜਾਬ ਮੇਲ)**-ਬਰਤਾਨੀਆ ਸਰਕਾਰ ਵੱਲੋਂ ਕੀਤੇ ਦੇਸ਼ ਦੇ ਇਮੀਗ੍ਰੇਸ਼ਨ ਢਾਂਚੇ ਦੇ ਬਦਲਾਵਾਂ ਨੂੰ ਲਗਭਗ 50 ਸਾਲਾਂ 'ਚ ਕਾਨੂੰਨੀ ਮਾਈਗ੍ਰੇਸ਼ਨ ਢਾਂਚੇ ਵਿਚ ਸਭ ਤੋਂ ਵੱਡਾ ਤੇ ਸਭ ਤੋਂ ਅਹਿਮ ਬਦਲਾਅ ਮੰਨਿਆ ਜਾ ਰਿਹਾ ਹੈ। ਲੇਬਰ ਪਾਰਟੀ ਦੀ ਇਹ ਯੋਜਨਾ ਨਵੀਂ ਉੱਭਰ ਰਹੀ ਰਾਜਨੀਤਿਕ ਪਾਰਟੀ ਰੀਫੌਰਮ ਨੂੰ ਵੱਡੀ ਚੁਣੌਤੀ ਬਣ ਸਕਦੀ ਹੈ ਕਿਉਂਕਿ ਬੀਤੇ ਕੁਝ ਸਮੇਂ ਤੋਂ ਸਿਆਸੀ ਪਾਰਟੀਆਂ ਲਈ ਪ੍ਰਵਾਸ ਵੱਡਾ ਮੁੱਦਾ ਬਣਿਆ ਹੋਇਆ ਹੈ। ਲੇਬਰ ਸਰਕਾਰ ਦੀ ਨਵੀਂ ਨੀਤੀ ਤਹਿਤ ਪ੍ਰਵਾਸੀਆਂ ਲਈ ਬ੍ਰਿਟੇਨ 'ਚ ਪੱਕੇ ਤੌਰ 'ਤੇ ਰਹਿਣ ਲਈ ਜਾਣੀ ਅਨਿਸ਼ਚਿਤ ਸਮੇਂ ਲਈ ਰਹਿਣ ਦੀ ਇਜਾਜ਼ਤ ਜਾਂ ਸੈਟਲਮੈਂਟ ਲਈ ਅਰਜ਼ੀ ਦੇਣ ਤੋਂ ਪਹਿਲਾਂ ਲੱਗਣ ਵਾਲਾ ਸਮਾਂ 5 ਸਾਲ ਤੋਂ ਵੱਧ ਕੇ 10 ਸਾਲ ਹੋ ਜਾਵੇਗਾ।

ਗ੍ਰਹਿ ਮੰਤਰੀ ਸ਼ਬਾਨਾ ਮਹਿਮੂਦ ਨੇ ਨਵਾਂ 'ਅਰਨਡ ਸੈਟਲਮੈਂਟ ਮਾਡਲ' ਪੇਸ਼ ਕੀਤਾ ਹੈ। ਨਵੇਂ ਪ੍ਰਸਤਾਵਾਂ ਤਹਿਤ ਸਮਾਜਿਕ ਭੱਤੇ ਵੀ ਸੀਮਤ ਹੋਣਗੇ। ਜਨਤਕ ਫ਼ੰਡਾਂ ਤੱਕ ਪਹੁੰਚ ਸਿਰਫ਼ ਨਾਗਰਿਕਤਾ ਪ੍ਰਾਪਤ ਕਰਨ ਤੋਂ ਬਾਅਦ ਹੀ ਮਿਲੇਗੀ, ਜਿਸ ਲਈ ਯੂ.ਕੇ. ਲਾਈਫ਼ ਟੈਸਟ ਪਾਸ ਕਰਨ ਲਈ ਵਾਧੂ ਫ਼ੀਸ ਦੇਣੀ ਜ਼ਰੂਰੀ ਹੋਵੇਗੀ। ਸਿਹਤ ਤੇ ਸੋਸ਼ਲ ਕੇਅਰ ਵਰਕਰਾਂ ਲਈ ਸੈਟਲਮੈਂਟ ਦੀ ਮਿਆਦ 15 ਸਾਲ ਹੋਵੇਗੀ।


Dr. Sukhsimranjit Singh
LL.M., Ph.D
Mediator & Arbitrator, JAMS
Winner of SCMA Peacemaker Award.
Former: Dean of Straus Institute,
Pepperdine University; Faculty member of
Hamline University & Willamette University.
Founder of www.singhacademy.com



ARE YOU CURRENTLY FACING CIVIL, BUSINESS, FAMILY, CONTRACTUAL OR PROPERTY DISPUTES?
For Mediation Services, Contact Office Manager :
Julie McCool Email: jmccool@jamsadr.com
Call : +1 503 910 8767
SA
www.singhadr.com
Mediation - ◇ Save Money ◇ Save Time ◇ Save Your relationship
• LOS ANGELES 555 W 5th St
• SAN FRANCISCO 2 Embarcadero Center
• SACRAMENTO 2 Embarcadero 1415 L St # 700
• VISALIA 1300 W Main Street
• NEW YORK 1414 6th Ave
*863

# ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਵੱਲੋਂ ਹਿੰਦ ਦੀ ਚਾਦਰ ਸ੍ਰੀ ਗੁਰੂ ਤੇਗ ਬਹਾਦਰ ਜੀ ਅਤੇ ਹੋਰ ਸ਼ਹੀਦਾਂ ਦੀ ਸ਼ਹੀਦੀ ਨੂੰ ਸਮਰਪਿਤ 370 ਲੋੜਵੰਦਾਂ ਨੂੰ ਦਿੱਤੀ ਵਿੱਤੀ ਸਹਾਇਤਾ





ਡਾ. ਐੱਸ.ਪੀ. ਸਿੰਘ ਓਬਰਾਏ।

**ਸ੍ਰੀ ਮੁਕਤਸਰ ਸਾਹਿਬ, (ਪੰਜਾਬ ਮੇਲ)**- ਡਾਕਟਰ ਐੱਸ.ਪੀ. ਸਿੰਘ ਓਬਰਾਏ ਵੱਲੋਂ ਮਾਨਵਤਾ ਦੀ ਭਲਾਈ ਲਈ ਕੀਤੇ ਜਾ ਰਹੇ ਕਾਰਜਾਂ ਦੀ ਲੜੀ ਤਹਿਤ ਜੱਸਾ ਸਿੰਘ ਸੰਧੂ ਕੌਮੀ ਪ੍ਰਧਾਨ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਸ੍ਰੀ ਡੇਰਾ ਭਾਈ ਮਸਤਾਨ ਸਿੰਘ ਸ੍ਰੀ ਮੁਕਤਸਰ ਸਾਹਿਬ ਮੁਕਤਸਰ ਸਾਹਿਬ ਵਿਖੇ ਮਹੰਤ ਕਸ਼ਮੀਰ ਸਿੰਘ ਦੀ ਰਹਿਨੁਮਾਈ ਹੇਠ ਹਿੰਦ ਦੀ ਚਾਦਰ ਸ੍ਰੀ ਗੁਰੂ ਤੇਗ਼ ਬਹਾਦਰ ਸਾਹਿਬ ਅਤੇ ਹੋਰ ਸ਼ਹੀਦਾਂ (ਭਾਈ ਸਤੀ ਦਾਸ ਜੀ, ਭਾਈ ਮਤੀ ਦਾਸ ਜੀ, ਭਾਈ ਦਿਆਲਾ ਜੀ, ਬਾਬਾ ਜੈਤਾ ਜੀ ਅਤੇ ਹੋਰ ਸ਼ਹੀਦਾਂ) ਦੀ ਸ਼ਹਾਦਤ ਨੂੰ ਸਮਰਪਿਤ, (ਜਿਨ੍ਹਾਂ ਨੇ ਧਰਮ ਅਤੇ ਨੈਤਿਕਤਾ ਦੀ ਰੱਖਿਆ ਲਈ ਬਲੀਦਾਨ ਦਿੱਤਾ) 370 ਦੇ ਕਰੀਬ ਲੋੜਵੰਦਾਂ ਨੂੰ ਦੋ ਲੱਖ ਅੱਸੀ ਹਜ਼ਾਰ ਰੁਪਏ ਦੀ ਰਾਸ਼ੀ ਦਿੱਤੀ ਗਈ, ਤਾਂ ਜੋ ਇਹ ਆਪਣਾ ਪਾਲਣ-ਪੋਸ਼ਣ ਵਧੀਆ ਢੰਗ ਨਾਲ ਕਰ ਸਕਣ। ਅਰਵਿੰਦਰ ਪਾਲ ਸਿੰਘ ਚਾਹਲ ਬੂੜਾ ਗੁੱਜਰ ਜ਼ਿਲ੍ਹਾ ਪ੍ਰਧਾਨ ਸ੍ਰੀ ਮੁਕਤਸਰ ਸਾਹਿਬ ਨੇ ਦੱਸਿਆ ਕਿ ਇਹ ਸਹਾਇਤਾ ਰਾਸ਼ੀ ਬੇਸਹਾਰਾ ਬੱਚਿਆਂ, ਬੇਸਹਾਰਾ ਔਰਤਾਂ, ਬੇਸਹਾਰਾ ਵਿਧਵਾਵਾਂ, ਕੰਮ ਕਰਨ ਤੋਂ ਅਸਮਰਥ ਬਜ਼ੁਰਗਾਂ ਆਦਿ ਨੂੰ ਦਿੱਤੀ ਗਈ। ਸਹਾਇਤਾ ਰਾਸ਼ੀ ਲੈਣ ਉਪਰੰਤ ਲੋੜਵੰਦਾਂ ਵੱਲੋਂ ਡਾ. ਓਬਰਾਏ ਦਾ ਧੰਨਵਾਦ ਕੀਤਾ ਗਿਆ ਅਤੇ ਕਿਹਾ ਕਿ ਪ੍ਰਮਾਤਮਾ ਡਾਕਟਰ ਓਬਰਾਏ ਨੂੰ ਲੰਮੀ ਉਮਰ ਦੇਣ ਕਿਉਂਕਿ ਸਾਡੀਆਂ ਮੁੱਢਲੀਆਂ ਲੋੜਾਂ ਡਾਕਟਰ ਓਬਰਾਏ ਪੂਰੀਆਂ ਕਰ ਰਹੇ ਹਨ। ਇਸ ਮੌਕੇ ਗੁਰਬਿੰਦਰ ਸਿੰਘ ਬਰਾੜ ਇੰਚਾਰਜ ਸਾਊਥ ਵੈਸਟ ਪੰਜਾਬ, ਜਸਪਾਲ ਸਿੰਘ ਰਿਟਾ. ਲੈਕਚਰਾਰ ਸੀਨੀਅਰ ਮੀਤ ਪ੍ਰਧਾਨ ਗੁਰਪਾਲ ਸਿੰਘ ਪਾਲੀ , ਬਲਜੀਤ ਸਿੰਘ ਮਾਨ ਰਿਟਾ. ਪ੍ਰਿੰਸੀਪਲ, ਗੁਰਚਰਨ ਸਿੰਘ ਆਸਟ੍ਰੇਲੀਆ ਵਾਲੇ, ਸੋਮ ਨਾਥ, ਮਾਸਟਰ ਰਾਜਿੰਦਰ ਸਿੰਘ, ਅਸ਼ੋਕ ਕੁਮਾਰ, ਚਰਨਜੀਤ ਸਿੰਘ, ਸੁਖਬੀਰ ਸਿੰਘ ਜੈਲਦਾਰ, ਬਰਨੇਕ ਸਿੰਘ ਰਿਟਾ. ਲੈਕਚਰਾਰ, ਗੁਰਜੀਤ ਸਿੰਘ ਜੀਤਾ, ਹਰਭਗਵਾਨ ਸਿੰਘ ਖੱਪਿਆਂਵਾਲ਼ੀ ਵਾਲੀ, ਜਸਬੀਰ ਸਿੰਘ ਰਿਟਾ. ਏ.ਐੱਸ.ਆਈ., ਕਾਲਾ ਖੱਪਿਆਂਵਾਲ਼ੀ ਵਾਲੀਆ ਆਦਿ ਹਾਜ਼ਰ ਸਨ।

**ਰੋਜ਼ਾਨਾਂ ਤਾਜ਼ੀਆਂ ਖਬਰਾਂ ਪੜ੍ਹਨ ਲਈ ਪੰਜਾਬ ਮੇਲ ਦੀ ਵੈੱਬਸਾਇਟ 'ਤੇ ਕਲਿੱਕ ਕਰੋ : www.punjabmailusa.com**

# ਖੰਨਾ ਵਿਖੇ ਸੰਨੀ ਓਬਰਾਏ ਕਲੀਨਿਕਲ ਲੈਬ ਅਤੇ ਡਾਇਗਨੌਸਟਿਕ ਸੈਂਟਰ ਦਾ ਸ਼ਾਨਦਾਰ ਉਦਘਾਟਨ







**ਖੰਨਾ, (ਪੰਜਾਬ ਮੇਲ)**- ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ 350ਵੇਂ ਸ਼ਹੀਦੀ ਪੁਰਬ ਨੂੰ ਸਮਰਪਿਤ ਖੰਨਾ ਵਿਖੇ ਸੰਨੀ ਓਬਰਾਏ ਕਲੀਨਿਕਲ ਲੈਬ ਅਤੇ ਡਾਇਗਨੌਸਟਿਕ ਸੈਂਟਰ ਦਾ ਸ਼ਾਨਦਾਰ ਉਦਘਾਟਨ ਕੀਤਾ ਗਿਆ।

ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਦੇ ਮੈਨੇਜਿੰਗ ਟਰੱਸਟੀ ਡਾ. ਐੱਸ.ਪੀ. ਸਿੰਘ ਓਬਰਾਏ ਨੇ ਉਦਘਾਟਨ ਮੌਕੇ ਕਿਹਾ ਕਿ ਇੱਥੇ ਜਲਦੀ ਹੀ ਫਿਜ਼ੀਓਥੈਰੇਪੀ ਸੈਂਟਰ ਅਤੇ ਇੱਕ ਡੈਂਟਲ ਕਲੀਨਿਕ ਵੀ ਸ਼ੁਰੂ ਕੀਤਾ ਜਾਵੇਗਾ, ਤਾਂ ਜੋ ਲੋਕਾਂ ਨੂੰ ਇੱਕ ਛੱਤ ਹੇਠ ਪੂਰੀਆਂ ਸਿਹਤ ਸੇਵਾਵਾਂ ਮਿਲ ਸਕਣ।



# ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਵੱਲੋਂ ਸ੍ਰੀ ਗੁਰੂ ਤੇਗ਼ ਬਹਾਦਰ ਅਤੇ ਹੋਰ ਸ਼ਹੀਦਾਂ ਦੀ ਸ਼ਹੀਦੀ ਨੂੰ ਸਮਰਪਿਤ ਅੱਖਾਂ ਦਾ ਮੁਫ਼ਤ ਜਾਂਚ ਕੈਂਪ ਮਾਨ ਸਿੰਘ ਵਾਲਾ ਵਿਚ ਲੱਗਾ



ਡਾ. ਐੱਸ.ਪੀ. ਸਿੰਘ ਓਬਰਾਏ।

ਸ੍ਰੀ ਮੁਕਤਸਰ ਸਾਹਿਬ, (ਪੰਜਾਬ ਮੇਲ)- ਡਾਕਟਰ ਐੱਸ.ਪੀ. ਸਿੰਘ ਓਬਰਾਏ ਵਲੋਂ ਮਾਨਵਤਾ ਦੀ ਭਲਾਈ ਲਈ ਕੀਤੇ ਜਾ ਰਹੇ ਕਾਰਜਾਂ ਦੀ ਲੜੀ ਤਹਿਤ ਟਰੱਸਟ ਵੱਲੋਂ ਵੱਡੀ ਗਿਣਤੀ 'ਚ ਅੱਖਾਂ ਦੇ ਜਾਂਚ ਕੈਂਪ ਲਗਾ ਕੇ ਅੱਖਾਂ ਦੇ ਮਰੀਜ਼ਾਂ ਨੂੰ ਮੁਫ਼ਤ ਦਵਾਈਆਂ, ਐਨਕਾਂ ਦਿੱਤੀਆਂ ਗਈਆਂ ਅਤੇ ਵੱਡੇ ਪੱਧਰ 'ਤੇ ਲੋੜਵੰਦਾਂ ਦੀਆਂ ਅੱਖਾਂ ਦੇ ਲੈਂਨਜ਼ ਪਾਏ ਗਏ। ਅਰਵਿੰਦਰ ਪਾਲ ਸਿੰਘ ਚਾਹਲ ਬੂੜਾ ਗੁੱਜਰ ਜ਼ਿਲ੍ਹਾ ਪ੍ਰਧਾਨ ਸ੍ਰੀ ਮੁਕਤਸਰ ਸਾਹਿਬ ਨੇ ਦੱਸਿਆ ਕਿ ਇਸ ਲੜੀ ਤਹਿਤ ਜੱਸਾ ਸਿੰਘ ਸੰਧੂ ਕੌਮੀ ਪ੍ਰਧਾਨ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਡਾਕਟਰ ਰਾਜਿੰਦਰ ਸਿੰਘ ਅਟਵਾਲ ਦੀ ਰਹਿਨੁਮਾਈ ਹੇਠ ਸ੍ਰੀ ਗੁਰੂ ਤੇਗ਼ ਬਹਾਦਰ ਸਾਹਿਬ ਜੀ ਅਤੇ ਹੋਰ ਸ਼ਹੀਦਾਂ ਭਾਈ ਸਤੀ ਦਾਸ ਜੀ, ਭਾਈ ਦਿਆਲਾ ਜੀ, ਬਾਬਾ ਜੈਤਾ ਜੀ, ਭਾਈ ਮਤੀ ਦਾਸ ਜੀ ਆਦਿ ਸ਼ਹੀਦਾਂ ਦੀ ਸ਼ਹੀਦੀ ਨੂੰ ਸਮਰਪਿਤ (ਜਿਨ੍ਹਾਂ ਨੇ ਧਰਮ ਅਤੇ ਨੈਤਿਕਤਾ ਦੀ ਰੱਖਿਆ ਲਈ ਬਲੀਦਾਨ ਦਿੱਤਾ) ਪਿੰਡ ਮਾਨ ਸਿੰਘ ਵਾਲਾ (ਜ਼ਿਲ੍ਹਾ ਸ੍ਰੀ ਮੁਕਤਸਰ ਸਾਹਿਬ) ਦੇ ਗੁਰਦੁਆਰਾ ਸਾਹਿਬ ਵਿਖੇ 26 ਨਵੰਬਰ ਨੂੰ ਅੱਖਾਂ ਦਾ ਮੁਫ਼ਤ ਜਾਂਚ ਕੈਂਪ ਲਗਾਇਆ ਗਿਆ, ਜਿਸ ਵਿਚ ਡਾਕਟਰ ਹਰਸ਼ਪ੍ਰੀਤ ਕੌਰ ਆਈ ਸਰਜਨ ਅੱਖਾਂ ਦੀ ਜਾਂਚ ਕੀਤੀ ਅਤੇ ਦਵਾਈਆਂ ਅਤੇ ਨੇੜੇ ਦੀ ਨਿਗਾਹ ਦੀਆਂ ਐਨਕਾਂ ਟਰੱਸਟ ਵੱਲੋਂ ਮੁਫ਼ਤ ਕੀਤੀਆਂ ਗਈਆਂ ਅਤੇ ਸਿਲੈਕਟ ਕੀਤੇ ਅਪਰੇਸ਼ਨ ਵਾਲੇ ਮਰੀਜ਼ਾਂ ਦੇ ਲੋੜੀਂਦੇ ਟੈਸਟ ਕਰਨ ਉਪਰੰਤ ਅਪਰੇਸ਼ਨ ਸਿਵਲ ਹਸਪਤਾਲ ਸ੍ਰੀ ਮੁਕਤਸਰ ਸਾਹਿਬ ਵਿਖੇ ਕੀਤੇ ਜਾਣਗੇ। ਜ਼ਿਲ੍ਹਾ ਪ੍ਰਧਾਨ ਨੇ ਦੱਸਿਆ ਕਿ ਇਹ ਟਰੱਸਟ ਵੱਲੋਂ 707ਵਾਂ ਅੱਖਾਂ ਦਾ ਕੈਂਪ ਲਗਾਇਆ ਗਿਆ ਹੈ। ਇਸ ਕੈਂਪ ਦੌਰਾਨ ਗ੍ਰਾਮ ਪੰਚਾਇਤ ਅਤੇ ਸਮੂਹ ਨਗਰ ਵੱਲੋਂ ਭਰਪੂਰ ਸਹਿਯੋਗ ਦਿੱਤਾ ਗਿਆ। ਪ੍ਰੈੱਸ ਨੋਟ ਜਾਰੀ ਕਰਨ ਸਮੇਂ ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਇਕਾਈ ਸ੍ਰੀ ਮੁਕਤਸਰ ਸਾਹਿਬ ਟੀਮ ਦੇ ਸਮੂਹ ਸੇਵਾਦਾਰ ਹਾਜ਼ਰ ਸਨ।

## ਹਾਈ ਕੋਰਟ ਵੱਲੋਂ ਵਿਧਾਇਕ ਲਾਲਪੁਰਾ ਦੀ ਸਜ਼ਾ 'ਤੇ ਰੋਕ ਲਾਉਣ ਤੋਂ ਇਨਕਾਰ

**ਚੰਡੀਗੜ੍ਹ, (ਪੰਜਾਬ ਮੇਲ)-** ਪੰਜਾਬ ਤੇ ਹਰਿਆਣਾ ਹਾਈ ਕੋਰਟ ਨੇ ਖਡੂਰ ਸਾਹਿਬ ਤੋਂ 'ਆਪ' ਵਿਧਾਇਕ ਮਨਜਿੰਦਰ ਸਿੰਘ ਲਾਲਪੁਰਾ ਨੂੰ ਝਟਕਾ ਦਿੱਤਾ ਹੈ। ਹਾਈ ਕੋਰਟ ਨੇ ਹੇਠਲੀ ਅਦਾਲਤ ਵੱਲੋਂ ਸੁਣਾਈ ਸਜ਼ਾ 'ਤੇ ਰੋਕ ਲਾਉਣ ਤੋਂ ਇਨਕਾਰ ਕਰਦਿਆਂ ਲਾਲਪੁਰਾ ਦੀ ਪਟੀਸ਼ਨ ਨੂੰ ਖ਼ਾਰਜ ਕਰ ਦਿੱਤਾ ਹੈ। ਵਿਧਾਇਕ ਲਾਲਪੁਰਾ ਖ਼ਿਲਾਫ਼ ਹਾਈਕੋਰਟ ਦੇ ਆਏ ਫ਼ੈਸਲੇ ਨਾਲ ਹੁਣ ਪੰਜਾਬ 'ਚ ਇਕ ਹੋਰ ਜ਼ਿਮਨੀ ਚੋਣ ਦੇ ਆਸਾਰ ਬਣ ਗਏ ਹਨ। ਹਾਲਾਂਕਿ ਵਿਧਾਇਕ ਲਾਲਪੁਰਾ ਕੋਲ ਹਾਈ ਕੋਰਟ ਦੇ ਫ਼ੈਸਲੇ ਖ਼ਿਲਾਫ਼ ਸਿਖਰਲੀ ਅਦਾਲਤ 'ਚ ਜਾਣ ਦਾ ਇਕ ਆਖ਼ਰੀ ਮੌਕਾ ਪਿਆ ਹੈ। ਸਿਆਸੀ ਹਲਕਿਆਂ ਦੀ ਨਜ਼ਰ ਆਏ ਹਾਈ ਕੋਰਟ ਦੇ ਫ਼ੈਸਲੇ 'ਤੇ ਲੱਗੀ ਹੋਈ ਸੀ ਅਤੇ ਹੁਣ ਦੇਖਣਾ ਹੋਵੇਗਾ ਕਿ ਖਡੂਰ ਸਾਹਿਬ ਹਲਕੇ ਦੀ ਉਪ ਚੋਣ ਦਾ ਰਾਹ ਖੁੱਲ੍ਹਦਾ ਹੈ ਜਾਂ ਨਹੀਂ। ਤਰਨ ਤਾਰਨ ਦੇ ਜ਼ਿਲ੍ਹਾ ਤੇ ਸੈਸ਼ਨ ਜੱਜ ਦੀ ਅਦਾਲਤ ਨੇ 12 ਸਤੰਬਰ ਨੂੰ ਅੱਧੀ ਦਰਜਨ ਪੁਲਿਸ ਕਰਮੀਆਂ ਅਤੇ ਵਿਧਾਇਕ ਮਨਜਿੰਦਰ ਸਿੰਘ ਲਾਲਪੁਰਾ ਸਮੇਤ 12 ਜਣਿਆਂ ਨੂੰ ਚਾਰ ਸਾਲ ਦੀ ਸਜ਼ਾ ਸੁਣਾਈ ਸੀ। ਵਿਧਾਇਕ ਮਨਜਿੰਦਰ ਸਿੰਘ ਲਾਲਪੁਰਾ ਇਸ ਵੇਲੇ ਜੇਲ੍ਹ 'ਚ ਹਨ ਜਦੋਂ ਕਿ ਇਕ ਪੁਲਿਸ ਮੁਲਾਜ਼ਮ ਦੀ ਅਦਾਲਤੀ ਕਾਰਵਾਈ ਦੌਰਾਨ ਮੌਤ ਹੋ ਚੁੱਕੀ ਹੈ। ਇਹ ਕਰੀਬ ਦਹਾਕਾ ਪੁਰਾਣਾ ਕੇਸ ਹੈ, ਜਿਸ 'ਚ ਲਾਲਪੁਰਾ ਨੂੰ ਸਜ਼ਾ ਹੋਈ ਹੈ। ਵੇਰਵਿਆਂ ਅਨੁਸਾਰ ਤਰਨ ਤਾਰਨ 'ਚ ਇਕ ਪੈਲੇਸ 'ਚ ਇਕ ਔਰਤ ਦੀ ਸ਼ਰੇਆਮ ਕੁੱਟਮਾਰ ਕੀਤੀ ਗਈ ਸੀ ਅਤੇ ਉਸ ਦੇ ਕੱਪੜੇ ਵੀ ਪਾੜ ਦਿੱਤੇ ਗਏ ਸਨ। ਇਹ ਮਾਮਲਾ 2013 ਦਾ ਹੈ, ਜਦੋਂ ਮਨਜਿੰਦਰ ਸਿੰਘ ਲਾਲਪੁਰਾ ਟੈਕਸੀ ਡਰਾਈਵਰ ਸਨ, ਜਿਨ੍ਹਾਂ 'ਤੇ ਵਿਆਹ 'ਚ ਆਈ ਇਕ ਮਹਿਮਾਨ ਔਰਤ 'ਤੇ ਹਮਲਾ ਕਰਨ ਦੇ ਦੋਸ਼ ਤਹਿਤ ਕੇਸ ਦਰਜ ਹੋਇਆ ਸੀ।

# ਬਠਿੰਡਾ ਅਦਾਲਤ 'ਚ ਕੰਗਨਾ ਖਿਲਾਫ਼ ਦੋਸ਼ ਆਇਦ, -ਅਗਲੀ ਪੇਸ਼ੀ 4 ਦਸੰਬਰ ਨੂੰ



ਮਹਿੰਦਰ ਕੌਰ ਦਾ ਪਤੀ ਲਾਭ ਸਿੰਘ ਬਠਿੰਡਾ ਅਦਾਲਤੀ ਕੰਪਲੈਕਸ 'ਚ।




ਕੰਗਨਾ ਰਣੌਤ

**ਬਠਿੰਡਾ, (ਪੰਜਾਬ ਮੇਲ)-** ਹਿਮਾਚਲ ਪ੍ਰਦੇਸ਼ ਦੇ ਲੋਕ ਸਭਾ ਹਲਕਾ ਮੰਡੀ ਤੋਂ ਲੋਕ ਸਭਾ ਮੈਂਬਰ ਅਤੇ ਫ਼ਿਲਮੀ ਅਦਾਕਾਰਾ ਕੰਗਨਾ ਰਣੌਤ ਦੀ ਇੱਥੇ ਅਦਾਲਤ ਵਿਚ ਪੇਸ਼ੀ ਸੀ। ਉਹ ਖੁਦ ਤਾਂ ਪੇਸ਼ ਨਹੀਂ ਹੋਏ ਪਰ ਉਨ੍ਹਾਂ ਦੇ ਵਕੀਲ ਨੇ ਹਾਜ਼ਰੀ ਭਰੀ।

ਜਾਣਕਾਰੀ ਅਨੁਸਾਰ ਅਦਾਲਤ ਨੇ ਕੰਗਨਾ ਰਣੌਤ ਖ਼ਿਲਾਫ਼ ਚਾਰਜ ਫਰੇਮ ਕਰ ਦਿੱਤੇ ਹਨ। ਸੁਣਵਾਈ ਦੌਰਾਨ ਮੁਦੱਈ ਧਿਰ ਦੇ ਵਕੀਲ ਰਘਬੀਰ ਸਿੰਘ ਵੈਹਣੀਵਾਲ ਨੇ ਅਦਾਲਤ 'ਚ ਆਪਣੇ ਮੁਵੱਕਲ ਦਾ ਪੱਖ ਪੇਸ਼ ਕੀਤਾ। ਸ੍ਰੀ ਵੈਹਣੀਵਾਲ ਨੇ ਦੱਸਿਆ ਕਿ ਬੀਤੀ 27 ਅਕਤੂਬਰ ਨੂੰ ਨਿੱਜੀ ਪੇਸ਼ੀ ਤੋਂ ਬਾਅਦ ਕੰਗਨਾ ਦੇ ਵਕੀਲਾਂ ਨੇ ਅਗਲੀਆਂ ਸੁਣਵਾਈਆਂ ਮੌਕੇ ਵੀਡੀਓ ਕਾਨਫਰੰਸਿੰਗ (ਵੀ.ਸੀ.) ਰਾਹੀਂ ਪੇਸ਼ ਹੋਣ ਦੀ ਇਜਾਜ਼ਤ ਮੰਗੀ ਸੀ। ਕੰਗਨਾ ਦੇ ਵਕੀਲਾਂ ਨੇ ਸੁਰੱਖਿਆ ਦੇ ਲਿਹਾਜ਼ ਨਾਲ ਕੰਗਨਾ ਨੂੰ ਅਦਾਲਤੀ ਪੇਸ਼ੀ ਤੋਂ ਛੋਟ ਦੇਣ ਬਾਰੇ ਫਿਰ ਅਰਜ਼ੀ ਦਾਇਰ ਕੀਤੀ। ਅਰਜ਼ੀ 'ਚ ਏਅਰਪੋਰਟ 'ਤੇ ਕੰਗਨਾ 'ਤੇ ਹੋਏ ਹਮਲੇ ਅਤੇ ਕੁੱਝ ਐੱਫ.ਆਈ.ਆਰ. ਨੂੰ ਹਵਾਲਾ ਬਣਾਇਆ ਗਿਆ।

ਦੱਸਿਆ ਗਿਆ ਕਿ ਹੁਣ ਕੰਗਨਾ ਦੇ ਵਕੀਲ 4 ਦਸੰਬਰ ਨੂੰ ਅਗਲੀ ਪੇਸ਼ੀ ਮੌਕੇ ਆਪਣਾ ਜਵਾਬ ਦਾਇਰ ਕਰਨਗੇ। ਪਿਛਲੀ ਸੁਣਵਾਈ ਸਮੇਂ ਕੰਗਨਾ ਰਣੌਤ ਨੇ ਮਹਿਲਾ ਕਿਸਾਨਾਂ ਬਾਰੇ ਟਵੀਟ ਕੀਤੇ ਆਪਣੇ ਟਵੀਟ ਲਈ ਅਦਾਲਤ ਵਿਚ ਮੁਆਫ਼ੀ ਮੰਗੀ ਸੀ। ਆਪਣੀ ਪੇਸ਼ੀ ਤੋਂ ਬਾਅਦ ਮੀਡੀਆ ਨਾਲ ਗੱਲ ਕਰਦਿਆਂ ਉਨ੍ਹਾਂ ਨੇ ਕਿਹਾ ਸੀ ਕਿ 'ਇਹ ਇੱਕ ਗ਼ਲਤਫ਼ਹਿਮੀ ਸੀ। ਮੈਂ ਮਾਤਾ ਨੂੰ ਸੁਨੇਹਾ ਭੇਜਿਆ ਹੈ ਕਿ ਉਹ ਗ਼ਲਤਫ਼ਹਿਮੀ ਦਾ ਸ਼ਿਕਾਰ ਹੋਈ ਹੈ। ਇਹ ਮੇਰਾ ਇਰਾਦਾ ਨਹੀਂ ਸੀ।' ਗੌਰਤਲਬ ਹੈ ਕਿ ਮਾਮਲਾ 2021 ਵਿਚ ਹੋਏ ਕਿਸਾਨਾਂ ਅੰਦੋਲਨ ਦਾ ਹੈ। ਉਦੋਂ ਕੰਗਨਾ ਰਣੌਤ ਨੇ ਬਠਿੰਡਾ ਜ਼ਿਲ੍ਹੇ ਦੇ ਪਿੰਡ ਬਹਾਦਰਗੜ੍ਹ ਜੰਡੀਆ ਦੀ 87 ਸਾਲਾ ਬਿਰਧ ਮਹਿਲਾ ਮਹਿੰਦਰ ਕੌਰ ਬਾਰੇ ਟਵੀਟ ਕਰਦਿਆਂ 100-100 ਰੁਪਏ ਲੈ ਕੇ ਧਰਨੇ ਵਿਚ ਸ਼ਾਮਲ ਹੋਣ ਵਾਲੀ ਔਰਤ ਦੱਸਿਆ ਸੀ। ਮਹਿੰਦਰ ਕੌਰ ਨੇ ਇਸ ਟਵੀਟ ਨੂੰ ਲੈ ਕੇ ਕੰਗਨਾ ਵਿਰੁੱਧ ਮਾਣਹਾਨੀ ਦਾ ਕੇਸ ਦਾਇਰ ਕੀਤਾ ਸੀ।

# ਮੁਅੱਤਲ ਡੀ.ਆਈ.ਜੀ. ਭੁੱਲਰ ਵੱਲੋਂ ਗ੍ਰਿਫ਼ਤਾਰੀ ਨੂੰ ਹਾਈਕੋਰਟ 'ਚ ਚੁਣੌਤੀ



**ਚੰਡੀਗੜ੍ਹ, (ਪੰਜਾਬ ਮੇਲ)-** ਪੰਜਾਬ ਦੇ ਮੁਅੱਤਲ ਡੀ.ਆਈ.ਜੀ. ਹਰਚਰਨ ਸਿੰਘ ਭੁੱਲਰ ਨੇ ਸੀ.ਬੀ.ਆਈ. ਵੱਲੋਂ ਉਨ੍ਹਾਂ ਖ਼ਿਲਾਫ਼ ਦਰਜ ਕਥਿਤ ਭ੍ਰਿਸ਼ਟਾਚਾਰ ਅਤੇ ਆਮਦਨ ਤੋਂ ਵੱਧ ਜਾਇਦਾਦ ਦੇ ਮਾਮਲਿਆਂ ਨੂੰ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਵਿਚ ਚੁਣੌਤੀ ਦਿੱਤੀ ਹੈ।

ਕੇਂਦਰੀ ਜਾਂਚ ਬਿਊਰੋ (ਸੀ.ਬੀ.ਆਈ.) ਨੇ ਭੁੱਲਰ ਤੇ ਉਸ ਦੇ ਕਥਿਤ ਸਹਿਯੋਗੀ ਕ੍ਰਿਸ਼ਨੂੰ ਸ਼ਾਰਦਾ ਨੂੰ ਇੱਕ ਕਬਾੜੀਏ ਤੋਂ ਰਿਸ਼ਵਤ ਮੰਗਣ ਦੇ ਦੋਸ਼ ਹੇਠ 16 ਅਕਤੂਬਰ ਨੂੰ ਗ੍ਰਿਫ਼ਤਾਰ ਕੀਤਾ ਸੀ। ਭੁੱਲਰ ਨੇ ਸੀ.ਬੀ.ਆਈ. ਦੇ ਕੇਸ ਦਰਜ ਕਰਨ ਦੇ ਅਧਿਕਾਰ ਖੇਤਰ ਨੂੰ ਚੁਣੌਤੀ ਦਿੰਦਿਆਂ ਦਾਅਵਾ ਕੀਤਾ ਹੈ ਕਿ ਉਸ ਦੀ ਗ੍ਰਿਫ਼ਤਾਰੀ ਨੇਮਾਂ ਮੁਤਾਬਕ ਨਹੀਂ ਕੀਤੀ ਗਈ। ਉਨ੍ਹਾਂ ਕਿਹਾ ਕਿ ਕਿਉਂਕਿ ਉਹ ਪੰਜਾਬ 'ਚ ਸੇਵਾਵਾਂ ਨਿਭਾਅ ਰਹੇ ਸਨ, ਇਸ ਕਰਕੇ ਸੀ.ਬੀ.ਆਈ. ਨੂੰ ਦਿੱਲੀ ਸਪੈਸ਼ਲ ਪੁਲਿਸ ਅਸਟੈਬਲਿਸ਼ਮੈਂਟ ਐਕਟ (ਡੀ.ਐੱਸ.ਬੀ.ਈ.)-1946 ਦੀ ਧਾਰਾ 6 ਤਹਿਤ ਪੰਜਾਬ ਸਰਕਾਰ ਤੋਂ ਆਗਿਆ ਲੈਣੀ ਜ਼ਰੂਰੀ ਸੀ, ਜੋ ਨਹੀਂ ਲਈ ਗਈ। ਉਨ੍ਹਾਂ ਦਾਅਵਾ ਕੀਤਾ ਕਿ ਸੀ.ਬੀ.ਆਈ. ਚੰਡੀਗੜ੍ਹ ਕੇਸ ਦਰਜ ਨਹੀਂ ਕਰ ਸਕਦੀ ਸੀ ਕਿਉਂਕਿ ਕਥਿਤ ਅਪਰਾਧ ਇਸ ਸ਼ਹਿਰ 'ਚ ਨਹੀਂ ਹੋਇਆ ਸੀ ਤੇ ਪੰਜਾਬ ਸਰਕਾਰ ਤੋਂ ਅਗਾਊਂ ਮਨਜ਼ੂਰੀ ਲਏ ਬਿਨਾਂ ਉਨ੍ਹਾਂ ਨੂੰ ਗ੍ਰਿਫ਼ਤਾਰ ਨਹੀਂ ਕੀਤਾ ਜਾ ਸਕਦਾ। ਪਟੀਸ਼ਨ 'ਚ ਕਿਹਾ ਗਿਆ ਕਿ ਕਥਿਤ ਰਿਸ਼ਵਤ ਮੰਗਣ ਦਾ ਮਾਮਲਾ ਪੰਜਾਬ ਦੇ ਸਰਹੰਦ ਥਾਣੇ 'ਚ ਦਰਜ ਐੱਫ.ਆਈ.ਆਰ. 155/2023 ਨਾਲ ਸਬੰਧਤ ਸੀ। ਉਨ੍ਹਾਂ ਇਹ ਦਲੀਲ ਵੀ ਦਿੱਤੀ ਕਿ ਉਨ੍ਹਾਂ ਕੋਲੋਂ ਕੋਈ ਰਿਕਵਰੀ ਨਹੀਂ ਹੋਈ ਸੀ ਅਤੇ ਪੰਜਾਬ ਨੇ ਸੀ.ਬੀ.ਆਈ. ਨੂੰ ਸਹਿਮਤੀ ਦੇਣ ਵਾਲਾ ਨੋਟੀਫਿਕੇਸ਼ਨ ਵੀ ਵਾਪਸ ਲੈ ਲਿਆ ਹੈ।

ਰੋਜ਼ਾਨਾਂ ਤਾਜ਼ੀਆਂ ਖ਼ਬਰਾਂ ਪੜ੍ਹਨ ਲਈ ਪੰਜਾਬ ਮੇਲ ਦੀ ਵੈੱਬਸਾਇਟ 'ਤੇ ਕਲਿੱਕ ਕਰੋ :
www.punjabmailusa.com

## ਮਜੀਠੀਆ ਦੇ ਨਜ਼ਦੀਕੀ ਰਿਸ਼ਤੇਦਾਰ ਦੇ ਗ੍ਰਿਫ਼ਤਾਰੀ ਵਾਰੰਟ ਜਾਰੀ

**ਐੱਸ.ਏ.ਐੱਸ. ਨਗਰ, (ਪੰਜਾਬ ਮੇਲ)-** ਸ਼੍ਰੋਮਣੀ ਅਕਾਲੀ ਦਲ ਦੇ ਸੀਨੀਅਰ ਆਗੂ ਅਤੇ ਸਾਬਕਾ ਮੰਤਰੀ ਬਿਕਰਮ ਸਿੰਘ ਮਜੀਠੀਆ ਵਿਰੁੱਧ ਦਰਜ ਆਮਦਨ ਤੋਂ ਵੱਧ ਜਾਇਦਾਦ ਦੇ ਮਾਮਲੇ 'ਚ ਨਵਾਂ ਮੋੜ ਆ ਗਿਆ ਹੈ। ਹੁਣ ਪੰਜਾਬ ਵਿਜੀਲੈਂਸ ਬਿਊਰੋ ਨੇ ਮਜੀਠੀਆ ਦੇ ਨਜ਼ਦੀਕੀ ਰਿਸ਼ਤੇਦਾਰ ਗਜਪਤ ਸਿੰਘ ਗਰੇਵਾਲ ਨੂੰ ਆਪਣੀ ਰਡਾਰ 'ਤੇ ਲੈ ਲਿਆ ਹੈ। ਪ੍ਰਾਪਤ ਜਾਣਕਾਰੀ ਅਨੁਸਾਰ ਮੋਹਾਲੀ ਅਦਾਲਤ ਨੇ ਵਿਜੀਲੈਂਸ ਬਿਊਰੋ ਵੱਲੋਂ ਦਾਇਰ ਅਰਜ਼ੀ 'ਤੇ ਗਜਪਤ ਸਿੰਘ ਗਰੇਵਾਲ ਵਿਰੁੱਧ ਗ੍ਰਿਫ਼ਤਾਰੀ ਵਾਰੰਟ ਜਾਰੀ ਕੀਤੇ ਹਨ, ਜਿਸ ਦੀ ਮਿਆਦ 29 ਨਵੰਬਰ ਤੱਕ ਹੈ।

ਸੂਤਰਾਂ ਅਨੁਸਾਰ ਬਿਕਰਮ ਸਿੰਘ ਮਜੀਠੀਆ ਵੱਲੋਂ ਉਨ੍ਹਾਂ ਦੇ ਮੰਤਰੀ ਰਹਿੰਦਿਆਂ ਹਾਸਲ ਕੀਤੇ ਗਏ ਗ਼ੈਰਕਾਨੂੰਨੀ ਵਿੱਤੀ ਲਾਭ ਨੂੰ ਗਜਪਤ ਸਿੰਘ ਗਰੇਵਾਲ ਦੇ ਨਾਂ 'ਤੇ ਚੱਲ ਰਹੇ ਕਾਰੋਬਾਰਾਂ ਵਿਚ ਨਿਵੇਸ਼ ਕੀਤਾ ਗਿਆ ਸੀ, ਜਿਸ ਕਾਰਨ ਹੁਣ ਵਿਜੀਲੈਂਸ ਬਿਊਰੋ ਗਜਪਤ ਸਿੰਘ ਨੂੰ ਗ੍ਰਿਫ਼ਤਾਰ ਕਰਨ ਲਈ ਉਸ ਦੀ ਭਾਲ ਕਰ ਰਹੀ ਹੈ। ਦੱਸ ਦੇਈਏ ਕਿ ਇਸ ਤੋਂ ਪਹਿਲਾਂ ਗਜਪਤ ਸਿੰਘ ਗਰੇਵਾਲ ਮਾਮਲੇ ਦੀ ਜਾਂਚ ਵਿਚ ਸਹਿਯੋਗ ਦੇਣ ਲਈ ਵਿਜੀਲੈਂਸ ਦੇ ਅਧਿਕਾਰੀਆਂ ਅੱਗੇ ਦੋ ਵਾਰ ਪੇਸ਼ ਹੋ ਚੁੱਕੇ ਹਨ, ਪ੍ਰੰਤੂ ਜਦੋਂ ਉਨ੍ਹਾਂ ਨੂੰ ਮੁੜ ਵਿਜੀਲੈਂਸ ਅੱਗੇ ਪੇਸ਼ ਹੋਣ ਲਈ ਕਿਹਾ ਗਿਆ ਤਾਂ ਉਹ ਨਹੀਂ ਆਏ।

# ਜਸਟਿਸ ਸੂਰਿਆ ਕਾਂਤ ਨੇ 53ਵੇਂ ਸੀ.ਜੇ.ਆਈ. ਵਜੋਂ ਚੁੱਕੀ ਸਹੁੰ



ਰਾਸ਼ਟਰਪਤੀ ਦਰੋਪਦੀ ਮੁਰਮੂ ਨੇ ਸੋਮਵਾਰ ਨੂੰ ਨਵੀਂ ਦਿੱਲੀ ਦੇ ਰਾਸ਼ਟਰਪਤੀ ਭਵਨ ਵਿਖੇ ਜਸਟਿਸ ਸੂਰਿਆ ਕਾਂਤ ਨੂੰ 53ਵੇਂ ਸੀ.ਜੇ.ਆਈ. ਵਜੋਂ ਅਹੁਦੇ ਦੀ ਸਹੁੰ ਚੁਕਾਈ।

**ਨਵੀਂ ਦਿੱਲੀ, (ਪੰਜਾਬ ਮੇਲ)-** ਜਸਟਿਸ ਸੂਰਿਆ ਕਾਂਤ ਨੇ ਸੋਮਵਾਰ ਨੂੰ ਭਾਰਤ ਦੇ 53ਵੇਂ ਚੀਫ ਜਸਟਿਸ ਵਜੋਂ ਹਲਫ਼ ਲਿਆ। ਜਸਟਿਸ ਸੂਰਿਆ ਕਾਂਤ ਜੰਮੂ ਕਸ਼ਮੀਰ ਨੂੰ ਧਾਰਾ 370 ਤਹਿਤ ਮਿਲਿਆ ਵਿਸ਼ੇਸ਼ ਰੁਤਬਾ ਮਨਸੂਖ ਕਰਨ ਸਣੇ ਕਈ ਮੀਲਪੱਥਰ ਫੈਸਲਿਆਂ ਦਾ ਹਿੱਸਾ ਰਹੇ ਹਨ। ਉਨ੍ਹਾਂ ਜਸਟਿਸ ਬੀ.ਆਰ. ਗਵਈ ਦੀ ਥਾਂ ਲਈ ਹੈ।

ਰਾਸ਼ਟਰਪਤੀ ਦਰੋਪਦੀ ਮੁਰਮੂ ਨੇ ਰਾਸ਼ਟਰਪਤੀ ਭਵਨ 'ਚ ਰੱਖੇ ਸੰਖੇਪ ਸਮਾਗਮ ਦੌਰਾਨ ਜਸਟਿਸ ਕਾਂਤ ਨੂੰ ਅਹੁਦੇ ਦਾ ਹਲਫ਼ ਦਿਵਾਇਆ। ਜਸਟਿਸ ਕਾਂਤ ਨੇ ਭਗਵਾਨ ਦੇ ਨਾਮ 'ਤੇ ਹਿੰਦੀ ਵਿਚ ਸਹੁੰ ਚੁੱਕੀ। ਜਸਟਿਸ ਕਾਂਤ ਨੂੰ 30 ਅਕਤੂਬਰ ਨੂੰ ਦੇਸ਼ ਦਾ ਅਗਲਾ ਚੀਫ ਜਸਟਿਸ ਨਿਯੁਕਤ ਕੀਤਾ ਗਿਆ ਸੀ ਤੇ ਉਹ ਇਸ ਅਹੁਦੇ 'ਤੇ ਕਰੀਬ 15 ਮਹੀਨਿਆਂ ਲਈ ਰਹਿਣਗੇ। ਉਹ 9 ਫਰਵਰੀ 2027 ਨੂੰ 65 ਸਾਲ ਦੀ ਉਮਰ ਦੇ ਹੋਣ ਮੌਕੇ ਅਹੁਦਾ ਛੱਡਣਗੇ। ਹਲਫ਼ਦਾਰੀ ਸਮਾਗਮ ਵਿਚ ਉਪ ਰਾਸ਼ਟਰਪਤੀ ਸੀਪੀ ਰਾਧਾਕ੍ਰਿਸ਼ਨਨ ਤੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਸਣੇ ਹੋਰ ਸੀਨੀਅਰ ਆਗੂ ਮੌਜੂਦ ਸਨ।

Editorial Board

Chief Editor
Gurjatinder S. Randhawa

Distributor
Jai Singh

Website
Madhu Shardha

Sub Editors
Sandeep Kumar
Amit
Ishu Hallan
Vijay
Surbhi Sharma
Ranjit Singh

Punjab Mail USA
9883 Novara Way,
Elk Grove, CA 95757
Ph: 916-320-9444
Email : punjabmailusa@yahoo.com
Web : www.punjabmailusa.com
App : Punjab Mail USA
Youtube : Punjab Mail USA
Facebook : Punjab Mail USA

Punjab Mail USA News Paper and Staff Associated with. it are not responsible for any claims made by the advertisers and do not endorse any product or advertised in the Punjab Mail. All concerns are advised to Consult the Attorney at Law. All Disputes to Sacramento Jurisdiction. ਲੇਖਕ ਦੇ ਵਿਚਾਰਾਂ ਨਾਲ ਪੰਜਾਬ ਮੇਲ ਦੇ ਸੰਪਾਦਕ ਅਤੇ ਇਸ ਦੇ ਸਟਾਫ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।

# ਚੰਡੀਗੜ੍ਹ 'ਚ ਉਪ ਰਾਜਪਾਲ ਲਾਉਣ ਲਈ ਚਾਰਾਜੋਈ ਸ਼ੁਰੂ !

**ਚੰਡੀਗੜ੍ਹ, (ਪੰਜਾਬ ਮੇਲ)**- ਕੇਂਦਰ ਸਰਕਾਰ ਨੇ ਪੰਜਾਬ ਦੇ ਹੱਕਾਂ 'ਤੇ ਇੱਕ ਹੋਰ ਡਾਕਾ ਮਾਰਦਿਆਂ ਕੇਂਦਰ ਸ਼ਾਸਿਤ ਪ੍ਰਦੇਸ਼ ਚੰਡੀਗੜ੍ਹ ਵਿਚ ਉਪ ਰਾਜਪਾਲ ਲਾਉਣ ਲਈ ਚਾਰਾਜੋਈ ਸ਼ੁਰੂ ਕਰ ਦਿੱਤੀ ਹੈ। ਕੇਂਦਰ ਸ਼ਾਸਿਤ ਪ੍ਰਦੇਸ਼ (ਯੂ.ਟੀ.) ਨੂੰ ਚਲਾਉਣ ਲਈ ਉਪ ਰਾਜਪਾਲ ਦੀ ਨਿਯੁਕਤੀ ਲਈ ਇਕ ਬਿੱਲ ਅਗਾਮੀ ਸਰਦ ਰੁੱਤ ਇਜਲਾਸ ਵਿਚ ਪੇਸ਼ ਕਰਨ ਲਈ ਸੂਚੀਬੰਦ ਕੀਤਾ ਹੈ। ਮੋਦੀ ਸਰਕਾਰ ਦੀ ਇਸ ਪੇਸ਼ਕਦਮੀ ਦਾ ਪੰਜਾਬ ਦੇ ਦਾਅਵੇ 'ਤੇ ਰਾਜਧਾਨੀ ਚੰਡੀਗੜ੍ਹ ਨਾਲ ਸਾਂਝ 'ਤੇ ਵੱਡਾ ਅਸਰ ਪੈ ਸਕਦਾ ਹੈ।



ਰਾਜ ਸਭਾ ਦੀ ਵੈੱਬਸਾਈਟ 'ਤੇ ਜਾਰੀ ਬੁਲਿਟਨ ਵਿਚ ਸੂਚੀਬੰਦ ਸੰਵਿਧਾਨ (131ਵੀਂ ਸੋਧ) ਬਿੱਲ 2025 ਕੇਂਦਰ ਸ਼ਾਸਿਤ ਪ੍ਰਦੇਸ਼ ਚੰਡੀਗੜ੍ਹ ਨੂੰ ਭਾਰਤ ਦੇ ਸੰਵਿਧਾਨ ਦੀ ਧਾਰਾ 240 ਵਿਚ ਸ਼ਾਮਲ ਕਰਨ ਦੀ ਕੋਸ਼ਿਸ਼ ਕਰਦਾ ਹੈ। ਇਸ ਧਾਰਾ ਤਹਿਤ ਕੇਂਦਰ ਸ਼ਾਸਿਤ ਪ੍ਰਦੇਸ਼ਾਂ ਜਿਵੇਂ ਕਿ ਅੰਡੇਮਾਨ ਅਤੇ ਨਿਕੋਬਾਰ ਟਾਪੂ, ਲਕਸ਼ਦੀਪ, ਦਾਦਰਾ ਅਤੇ ਨਗਰ ਹਵੇਲੀ ਅਤੇ ਦਮਨ ਅਤੇ ਦੀਉ, ਅਤੇ ਪੁਡੂਚੇਰੀ, ਜਿੱਥੇ ਵਿਧਾਨ ਸਭਾਵਾਂ ਨਹੀਂ ਹਨ, ਦਾ ਕੰਟਰੋਲ ਉਪ ਰਾਜਪਾਲਾਂ ਕੋਲ ਹੈ।

ਪੰਜਾਬ ਤੋਂ ਰਾਜ ਸਭਾ ਮੈਂਬਰ ਵਿਕਰਮਜੀਤ ਸਿੰਘ ਸਾਹਨੀ ਸੂਬੇ ਦੇ ਪਹਿਲੇ ਸਿਆਸਤਦਾਨ ਸਨ, ਜਿਨ੍ਹਾਂ ਨੇ ਬਿੱਲ ਨੂੰ ਲਾਲ ਝੰਡੀ ਦੇ ਦਿੱਤੀ। ਸਾਹਨੀ ਨੇ ਪੰਜਾਬ ਦੇ ਸਾਰੇ ਪਾਰਟੀਆਂ ਨਾਲ ਸਬੰਧਤ ਸੰਸਦ ਮੈਂਬਰਾਂ (ਐੱਮ.ਪੀਜ਼) ਨੂੰ ਅਪੀਲ ਕੀਤੀ ਕਿ ਉਹ ਤੁਰੰਤ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨੂੰ ਮਿਲਣ।

ਉਨ੍ਹਾਂ ਕਿਹਾ ਕਿ ਸਾਰੇ ਐੱਮ.ਪੀਜ਼ ਨੂੰ ਮਿਲ ਕੇ ਇਸ ਬਿੱਲ ਵਿਰੁੱਧ ਆਵਾਜ਼ ਉਠਾਉਣੀ ਚਾਹੀਦੀ ਹੈ, ਕਿਉਂਕਿ ਇਹ ਬਿੱਲ ਚੰਡੀਗੜ੍ਹ 'ਤੇ ਪੰਜਾਬ ਦੇ ਦਾਅਵੇ ਨੂੰ ਕਮਜ਼ੋਰ ਕਰਨ ਦੀ ਤਜਵੀਜ਼ ਰੱਖਦਾ ਹੈ।

ਸਾਹਨੀ ਨੇ ਕਿਹਾ, "ਚੰਡੀਗੜ੍ਹ ਦਾ ਪ੍ਰਸ਼ਾਸਨ ਫਿਲਹਾਲ ਪੰਜਾਬ ਦੇ ਰਾਜਪਾਲ ਦੁਆਰਾ ਚਲਾਇਆ ਜਾਂਦਾ ਹੈ। ਪਰ ਇਸ ਨਵੇਂ ਕਾਨੂੰਨ ਨਾਲ, ਇਸ ਨੂੰ ਇੱਕ ਆਜ਼ਾਦ ਪ੍ਰਸ਼ਾਸਕ ਦੁਆਰਾ ਚਲਾਏ ਜਾਣ ਦੀ ਸੰਭਾਵਨਾ ਹੈ। ਨਵੇਂ ਕਾਨੂੰਨ ਦੇ ਨਾਲ, ਇਸ ਵਿਚ ਲਕਸ਼ਦੀਪ ਅਤੇ ਹੋਰਾਂ ਵਾਂਗ ਹੀ ਪ੍ਰਸ਼ਾਸਨ ਨਿਯਮ ਹੋਣਗੇ ਅਤੇ ਇੱਕ ਸੁਤੰਤਰ ਪ੍ਰਸ਼ਾਸਕ ਹੋ ਸਕਦਾ ਹੈ। ਚੰਡੀਗੜ੍ਹ 'ਤੇ ਪੰਜਾਬ ਦੇ ਦਾਅਵਿਆਂ ਦਾ ਇਤਿਹਾਸਕ ਮਹੱਤਵ ਹੈ। ਵੰਡ ਤੋਂ ਬਾਅਦ ਚੰਡੀਗੜ੍ਹ ਨੂੰ ਪੰਜਾਬ ਦੀ ਰਾਜਧਾਨੀ ਬਣਾਇਆ ਗਿਆ ਸੀ ਕਿਉਂਕਿ ਲਾਹੌਰ ਪਾਕਿਸਤਾਨ ਵਿਚ ਚਲਾ ਗਿਆ ਸੀ।" ਉਨ੍ਹਾਂ ਕਿਹਾ ਕਿ ਨਵੇਂ ਕਾਨੂੰਨ ਨਾਲ, ਚੰਡੀਗੜ੍ਹ ਦੇ ਪ੍ਰਸ਼ਾਸਨ ਦੇ ਨਿਯਮ ਲਕਸ਼ਦੀਪ ਅਤੇ ਹੋਰ ਕੇਂਦਰ ਸ਼ਾਸਿਤ ਪ੍ਰਦੇਸ਼ਾਂ ਵਾਂਗ ਹੋ ਸਕਦੇ ਹਨ।

### ਸਰਕਾਰ ਦੀ ਪੇਸ਼ਕਦਮੀ ਪੰਜਾਬ ਦੇ ਅਧਿਕਾਰਾਂ 'ਤੇ ਸਿੱਧਾ ਹਮਲਾ: ਸ਼੍ਰੋਮਣੀ ਅਕਾਲੀ ਦਲ

ਸ਼੍ਰੋਮਣੀ ਅਕਾਲੀ ਦਲ ਨੇ ਅਗਾਮੀ ਸਰਦ ਰੁੱਤ ਇਜਲਾਸ 'ਚ ਕੇਂਦਰ ਸਰਕਾਰ ਵੱਲੋਂ ਲਿਆਂਦੇ ਜਾ ਰਹੇ ਤਜਵੀਜ਼ਤ ਸੰਵਿਧਾਨ (131ਵੇਂ ਸੋਧ) ਬਿੱਲ ਦਾ ਸਖ਼ਤ ਵਿਰੋਧ ਕੀਤਾ ਹੈ। ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਬਾਦਲ ਨੇ ਕਿਹਾ ਕਿ ਇਹ ਸੋਧ ਪੰਜਾਬ ਦੇ ਹਿੱਤਾਂ ਦੇ ਵਿਰੁੱਧ ਹੈ ਅਤੇ ਇਹ ਚੰਡੀਗੜ੍ਹ ਨੂੰ ਸੂਬੇ ਵਿਚ ਤਬਦੀਲ ਕਰਨ ਸਬੰਧੀ ਭਾਰਤ ਸਰਕਾਰ ਵੱਲੋਂ ਪੰਜਾਬ ਨਾਲ ਕੀਤੇ ਗਏ ਸਾਰੇ ਵਾਅਦਿਆਂ ਤੋਂ ਮੁਕਰਨ ਦੇ ਬਰਾਬਰ ਹੈ।

ਉਨ੍ਹਾਂ ਕਿਹਾ ਕਿ ਦਿੱਲੀ ਵਿਚ ਪਿਛਲੀਆਂ ਕਾਂਗਰਸ ਸਰਕਾਰਾਂ ਨੇ ਪੰਜਾਬ ਨਾਲ ਵਿਤਕਰਾ ਕੀਤਾ ਹੈ ਅਤੇ ਸਾਨੂੰ ਸਾਡੀ ਰਾਜਧਾਨੀ ਤੋਂ ਵਾਂਝਾ ਕੀਤਾ ਹੈ। ਉਨ੍ਹਾਂ ਕਿਹਾ ਕਿ ਇਹ ਬਿੱਲ, ਪੰਜਾਬ ਦੇ ਚੰਡੀਗੜ੍ਹ ਉੱਤੇ ਜੋ ਵੀ ਥੋੜ੍ਹਾ ਬਹੁਤਾ ਪ੍ਰਸ਼ਾਸਕੀ ਅਤੇ ਰਾਜਨੀਤਕ ਕੰਟਰੋਲ ਹੈ, ਉਸ ਨੂੰ ਹਟਾਉਣ ਦੀ ਕੋਸ਼ਿਸ਼ ਕਰਦਾ ਹੈ। ਉਨ੍ਹਾਂ ਕਿਹਾ ਕਿ ਕੇਂਦਰ ਸਰਕਾਰ ਦੀ ਇਹ ਪੇਸ਼ਕਦਮੀ ਚੰਡੀਗੜ੍ਹ 'ਤੇ ਪੰਜਾਬ ਦੇ ਦਾਅਵੇ ਨੂੰ ਸਥਾਈ ਤੌਰ 'ਤੇ ਖਤਮ ਕਰ ਦੇਵੇਗੀ। ਉਨ੍ਹਾਂ ਕਿਹਾ, "ਇਹ ਬਿੱਲ ਪੰਜਾਬ ਦੇ ਅਧਿਕਾਰਾਂ 'ਤੇ ਸਿੱਧਾ ਹਮਲਾ ਹੈ ਅਤੇ ਸੰਘਵਾਦ ਦੇ ਮੂਲ ਸਿਧਾਂਤਾਂ ਦੀ ਉਲੰਘਣਾ ਕਰਦਾ ਹੈ। ਅਸੀਂ ਇਸ ਨੂੰ ਕਦੇ ਵੀ ਸਵੀਕਾਰ ਨਹੀਂ ਕਰਾਂਗੇ ਅਤੇ ਇਸ ਪੇਸ਼ਕਦਮੀ ਦਾ ਸਖ਼ਤੀ ਨਾਲ ਵਿਰੋਧ ਕਰਾਂਗੇ।"

### ਚੰਡੀਗੜ੍ਹ ਦੀ ਮੌਜੂਦਾ ਸਥਿਤੀ ਬਦਲਣ ਦੀ ਕਿਸੇ ਵੀ ਕੋਸ਼ਿਸ਼ ਦਾ ਪੁਰਜ਼ੋਰ ਵਿਰੋਧ ਕਰਾਂਗੇ: ਰਾਜਾ ਵੜਿੰਗ

ਪੰਜਾਬ ਕਾਂਗਰਸ ਦੇ ਪ੍ਰਧਾਨ ਅਮਰਿੰਦਰ ਰਾਜਾ ਵੜਿੰਗ ਨੇ ਕਿਹਾ ਕਿ ਭਾਰਤ ਦੇ ਸੰਵਿਧਾਨ 'ਚ ਤਜਵੀਜ਼ਤ 131ਵੀਂ ਸੋਧ, ਜਿਸ ਵਿਚ ਚੰਡੀਗੜ੍ਹ ਨੂੰ ਪੰਜਾਬ ਤੋਂ ਵੱਖ ਕਰਨ ਦੀ ਕਲਪਨਾ ਕੀਤੀ ਗਈ ਹੈ, ਕਾਫ਼ੀ ਚਿੰਤਾਜਨਕ ਹੈ। ਉਨ੍ਹਾਂ ਕਿਹਾ ਕਿ ਜੇਕਰ ਇਹ ਕਾਨੂੰਨ ਬਣਾਇਆ ਜਾਂਦਾ ਹੈ, ਤਾਂ ਇਸ ਦਾ ਪੰਜਾਬ ਵਿਚ ਗੰਭੀਰ ਨਤੀਜਾ ਨਿਕਲੇਗਾ।

ਉਨ੍ਹਾਂ ਕਿਹਾ, "ਮੈਂ ਭਾਰਤ ਸਰਕਾਰ ਨੂੰ ਅਪੀਲ ਕਰਦਾ ਹਾਂ ਕਿ ਇਸ ਮਾਮਲੇ ਬਾਰੇ ਸਪਸ਼ਟ ਕੀਤਾ ਜਾਵੇ, ਕਿਉਂਕਿ ਇਸ ਨਾਲ ਪੰਜਾਬ ਭਰ ਵਿਚ ਬਹੁਤ ਚਿੰਤਾ ਪੈਦਾ ਹੋਈ ਹੈ। ਇਸ ਗ਼ਲਤ ਪੇਸ਼ਕਦਮੀ ਦੇ ਗੰਭੀਰ ਸਿੱਟੇ ਨਿਕਲਣਗੇ। ਚੰਡੀਗੜ੍ਹ ਪੰਜਾਬ ਦਾ ਹੈ। ਇਸ ਦੀ ਸਥਿਤੀ ਨੂੰ ਬਦਲਣ ਦੀ ਕਿਸੇ ਵੀ ਕੋਸ਼ਿਸ਼ ਦਾ ਪੁਰਜ਼ੋਰ ਵਿਰੋਧ ਕੀਤਾ ਜਾਵੇਗਾ।"

# ਕੀ ਸੰਸਦ ਮੈਂਬਰ ਅੰਮ੍ਰਿਤਪਾਲ ਸਿੰਘ ਵਰਤ ਸਕੇਗਾ ਸੰਸਦੀ ਕੋਟੇ ਦੇ ਕਰੋੜਾਂ ਰੁਪਏ ਦੇ ਫੰਡ !

**ਚੰਡੀਗੜ੍ਹ, (ਪੰਜਾਬ ਮੇਲ)**-ਕੀ ਸੰਸਦ ਮੈਂਬਰ ਅੰਮ੍ਰਿਤਪਾਲ ਸਿੰਘ ਆਪਣੇ ਸੰਸਦੀ ਕੋਟੇ ਦੇ ਕਰੋੜਾਂ ਰੁਪਏ ਦੇ ਫੰਡ ਵਰਤ ਸਕੇਗਾ? ਹਾਲੇ ਤੱਕ ਇਸ ਸਵਾਲ ਦੇ ਜਵਾਬ ਦਾ ਭੇਤ ਬਣਿਆ ਹੋਇਆ ਹੈ। ਡਿਬਰੂਗੜ੍ਹ ਜੇਲ੍ਹ 'ਚ ਨਜ਼ਰਬੰਦ ਸੰਸਦ ਮੈਂਬਰ ਆਪਣੇ ਸੰਸਦੀ ਕੋਟੇ ਦੇ ਫੰਡ ਆਪਣੇ ਅਧਿਕਾਰਤ ਪੀ.ਏ. ਜ਼ਰੀਏ ਵਰਤਣਾ ਚਾਹੁੰਦੇ ਹਨ ਪਰ ਕੇਂਦਰ ਸਰਕਾਰ ਨੇ ਹਾਲੇ ਤੱਕ ਕੋਈ ਹੁੰਗਾਰਾ ਨਹੀਂ ਭਰਿਆ। ਪੰਜਾਬ ਦੇ 13 ਲੋਕ ਸਭਾ ਮੈਂਬਰਾਂ 'ਚੋਂ ਇਕੱਲੇ ਅੰਮ੍ਰਿਤਪਾਲ ਸਿੰਘ ਹਨ, ਜਿਨ੍ਹਾਂ ਦੇ ਸੰਸਦੀ ਕੋਟੇ ਦੇ ਫੰਡਾਂ ਦੀ ਵਰਤੋਂ ਦੇ ਰਾਹ 'ਚ ਕਾਨੂੰਨੀ ਅੜਿੱਕੇ ਬਣੇ ਹੋਏ ਹਨ।



ਲੋਕ ਸਭਾ ਚੋਣਾਂ ਦੇ ਨਤੀਜੇ 4 ਜੂਨ 2024 ਨੂੰ ਆਏ ਸਨ। ਕੇਂਦਰ ਸਰਕਾਰ ਨੇ ਕਰੀਬ 16 ਮਹੀਨੇ ਮਗਰੋਂ ਵੀ ਅੰਮ੍ਰਿਤਪਾਲ ਸਿੰਘ ਦੇ ਸੰਸਦੀ ਕੋਟੇ ਦੇ ਫੰਡਾਂ ਦੀ ਵਰਤੋਂ ਬਾਰੇ ਕੋਈ ਰਾਹ ਪੱਧਰਾ ਨਹੀਂ ਕੀਤਾ। ਪਤਾ ਲੱਗਿਆ ਹੈ ਕਿ ਜ਼ਿਲ੍ਹਾ ਪ੍ਰਸ਼ਾਸਨ ਤਰਨ ਤਾਰਨ ਰਾਹੀਂ ਕੇਂਦਰ ਸਰਕਾਰ ਨੂੰ ਇਹ ਪੱਤਰ ਭੇਜਿਆ ਗਿਆ ਸੀ ਕਿ ਅੰਮ੍ਰਿਤਪਾਲ ਸਿੰਘ ਦੇ ਪੀ.ਏ. ਨੂੰ ਸੰਸਦੀ ਕੋਟੇ ਦੇ ਫ਼ੰਡਾਂ ਦੀ ਸਿਫ਼ਾਰਸ਼ ਕਰਨ ਲਈ ਇਜਾਜ਼ਤ ਦਿੱਤੀ ਜਾਵੇ। ਸੂਤਰ ਦੱਸਦੇ ਹਨ ਕਿ ਇਸ ਪੱਤਰ ਦਾ ਕੋਈ ਜਵਾਬ ਨਹੀਂ ਆਇਆ।

### ■ ਕੇਂਦਰ ਨੇ ਫੰਡਾਂ ਦੀ ਵਰਤੋਂ ਬਾਰੇ ਹੁੰਗਾਰਾ ਨਹੀਂ ਭਰਿਆ

ਸੰਸਦ ਮੈਂਬਰ ਦੇ ਨੇੜਲੇ ਆਖਦੇ ਹਨ ਕਿ ਹਲਕੇ ਦੇ ਵਿਕਾਸ ਕੰਮ ਪ੍ਰਭਾਵਿਤ ਹੋ ਰਹੇ ਹਨ ਅਤੇ ਸੰਸਦ ਮੈਂਬਰ ਨੂੰ ਵਿਕਾਸ ਕਰਨ ਦੇ ਹੱਕ ਤੋਂ ਕੇਂਦਰ ਵਾਂਝਾ ਕਰ ਰਿਹਾ ਹੈ। ਵੇਰਵਿਆਂ ਅਨੁਸਾਰ ਅੰਮ੍ਰਿਤਸਰ ਦੇ ਸੰਸਦ ਮੈਂਬਰ ਵੱਲੋਂ ਹੁਣ ਤੱਕ 2.82 ਕਰੋੜ, ਗੁਰਦਾਸਪੁਰ ਦੇ ਸੰਸਦ ਮੈਂਬਰ ਵੱਲੋਂ 1.79 ਕਰੋੜ, ਹੁਸ਼ਿਆਰਪੁਰ ਦੇ ਸੰਸਦ ਮੈਂਬਰ ਵੱਲੋਂ 3.31 ਕਰੋੜ ਤੇ ਫ਼ਿਰੋਜ਼ਪੁਰ ਦੇ ਸੰਸਦ ਮੈਂਬਰ ਵੱਲੋਂ 5.64 ਕਰੋੜ ਰੁਪਏ ਸੰਸਦੀ ਕੋਟੇ ਦੇ ਫੰਡਾਂ 'ਚੋਂ ਖ਼ਰਚ ਕੀਤੇ ਜਾ ਚੁੱਕੇ ਹਨ, ਜਦੋਂ ਕਿ ਖਡੂਰ ਸਾਹਿਬ ਹਲਕੇ ਦੇ ਵਿਕਾਸ ਕੰਮਾਂ ਲਈ ਫੰਡਾਂ ਦੀ ਵਰਤੋਂ ਦੇ ਰਾਹ ਵਿਚਲੇ ਅੜਿੱਕੇ ਹਾਲੇ ਦੂਰ ਨਹੀਂ ਹੋਏ। ਪੰਜਾਬ ਦੇ ਲੋਕ ਸਭਾ ਮੈਂਬਰਾਂ ਨੂੰ 118.53 ਕਰੋੜ ਦੇ ਫੰਡਾਂ ਦੀ ਐਲੋਕੇਸ਼ਨ ਹੋਈ ਹੈ, ਜਿਸ 'ਚੋਂ 30.71 ਕਰੋੜ ਖ਼ਰਚੇ ਜਾ ਚੁੱਕੇ ਹਨ। ਸੰਸਦ ਮੈਂਬਰ ਨੂੰ ਸਾਲਾਨਾ ਪੰਜ ਕਰੋੜ ਰੁਪਏ ਦੇ ਸੰਸਦੀ ਕੋਟੇ ਦੇ ਫੰਡ ਮਿਲਦੇ ਹਨ। ਅੰਮ੍ਰਿਤਪਾਲ ਸਿੰਘ ਕੌਮੀ ਸੁਰੱਖਿਆ ਐਕਟ ਤਹਿਤ ਅਪ੍ਰੈਲ 2023 ਤੋਂ ਡਿਬਰੂਗੜ੍ਹ ਜੇਲ੍ਹ 'ਚ ਬੰਦ ਹੈ। ਪਾਰਲੀਮੈਂਟ ਦੇ ਸੈਸ਼ਨ 'ਚ ਹਿੱਸਾ ਲੈਣ ਦੀ ਪ੍ਰਵਾਨਗੀ ਵੀ ਉਨ੍ਹਾਂ ਨੂੰ ਨਹੀਂ ਮਿਲੀ ਹੈ।




# ਏਅਰ ਇੰਡੀਆ ਅਤੇ ਏਅਰ ਕੈਨੇਡਾ ਦੀ ਮੁੜ ਸਾਂਝੇਦਾਰੀ !



**ਨਵੀਂ ਦਿੱਲੀ, (ਪੰਜਾਬ ਮੇਲ)**- ਏਅਰ ਇੰਡੀਆ ਨੇ ਏਅਰ ਕੈਨੇਡਾ ਨਾਲ ਆਪਣੀ ਕੋਡਸ਼ੇਅਰ ਸਾਂਝੇਦਾਰੀ ਨੂੰ ਦੁਬਾਰਾ ਸ਼ੁਰੂ ਕਰਨ ਦਾ ਐਲਾਨ ਕੀਤਾ ਹੈ। ਇਹ ਸਾਂਝੇਦਾਰੀ ਪੰਜ ਸਾਲ ਤੋਂ ਵੱਧ ਸਮੇਂ ਤੋਂ ਕੋਰੋਨਾ ਮਹਾਂਮਾਰੀ ਕਾਰਨ ਬੰਦ ਸੀ।

ਹੁਣ ਏਅਰ ਇੰਡੀਆ ਦੇ ਯਾਤਰੀ ਵੈਨਕੂਵਰ ਅਤੇ ਲੰਡਨ ਹੀਥਰੋ ਰਾਹੀਂ ਕੈਨੇਡਾ ਦੇ ਛੇ ਹੋਰ ਸ਼ਹਿਰਾਂ ਤੱਕ ਜਾ ਸਕਣਗੇ। ਏਅਰ ਇੰਡੀਆ ਇਨ੍ਹਾਂ ਰੂਟਾਂ 'ਤੇ ਏਅਰ ਕੈਨੇਡਾ ਦੁਆਰਾ ਸੰਚਾਲਿਤ ਉਡਾਣਾਂ 'ਤੇ ਆਪਣਾ ਏ.ਆਈ. ਕੋਡ ਲਗਾਏਗਾ।

ਏਅਰ ਕੈਨੇਡਾ ਦੇ ਯਾਤਰੀਆਂ ਨੂੰ ਦਿੱਲੀ ਰਾਹੀਂ ਅੰਮ੍ਰਿਤਸਰ, ਅਹਿਮਦਾਬਾਦ, ਮੁੰਬਈ, ਹੈਦਰਾਬਾਦ ਅਤੇ ਕੋਚੀ ਅਤੇ ਲੰਡਨ ਰਾਹੀਂ ਦਿੱਲੀ ਅਤੇ ਮੁੰਬਈ ਵਰਗੇ ਭਾਰਤੀ ਸ਼ਹਿਰਾਂ ਤੱਕ ਆਸਾਨੀ ਨਾਲ ਕਨੈਕਟੀਵਿਟੀ ਮਿਲੇਗੀ। ਇਸ ਨਾਲ ਯਾਤਰੀ ਵੱਖ-ਵੱਖ ਉਡਾਣਾਂ 'ਤੇ ਵੀ ਇੱਕ ਹੀ ਟਿਕਟ 'ਤੇ ਸਫ਼ਰ ਕਰ ਸਕਦੇ ਹਨ।

ਜ਼ਿਕਰਯੋਗ ਹੈ ਕਿ ਇਸ ਸਮੇਂ, ਇਹ ਏਅਰ ਇੰਡੀਆ ਦੀ ਕਿਸੇ ਉੱਤਰੀ ਅਮਰੀਕੀ ਕੈਰੀਅਰ ਨਾਲ ਇਕਲੌਤੀ ਕੋਡਸ਼ੇਅਰ ਸਾਂਝੇਦਾਰੀ ਹੈ। ਮਹਾਂਮਾਰੀ ਦੌਰਾਨ, ਸਰਕਾਰੀ ਮਲਕੀਅਤ ਵਾਲੀ ਏਅਰ ਇੰਡੀਆ ਨੇ ਸਾਰੀਆਂ ਕੋਡਸ਼ੇਅਰ ਸਾਂਝੇਦਾਰੀਆਂ ਬੰਦ ਕਰ ਦਿੱਤੀਆਂ ਸਨ। ਹੁਣ ਏਅਰ ਇੰਡੀਆ ਦੇ ਕੁੱਲ 23 ਕੋਡਸ਼ੇਅਰ ਅਤੇ 96 ਇੰਟਰਲਾਈਨ ਸਾਂਝੇਦਾਰ ਹਨ।

# ਭਾਰਤ ਵੱਲੋਂ ਚੀਨੀ ਨਾਗਰਿਕਾਂ ਲਈ ਟੂਰਿਸਟ ਵੀਜ਼ਾ ਸਹੂਲਤਾਂ ਦਾ ਵਿਸਥਾਰ

**ਨਵੀਂ ਦਿੱਲੀ, (ਪੰਜਾਬ ਮੇਲ)**- ਪੂਰਬੀ ਲੱਦਾਖ ਵਿਚ ਫੌਜੀ ਟਕਰਾਅ ਦੇ ਹੱਲ ਤੋਂ ਬਾਅਦ ਦੋਵਾਂ ਦੇਸ਼ਾਂ ਦੇ ਸਬੰਧਾਂ ਨੂੰ ਮੁੜ ਬਣਾਉਣ ਲਈ ਯਤਨ ਤੇਜ਼ ਹੋਣ ਕਾਰਨ, ਚੀਨੀ ਨਾਗਰਿਕ ਹੁਣ ਦੁਨੀਆਂ ਭਰ ਵਿਚ ਭਾਰਤੀ ਮਿਸ਼ਨਾਂ ਅਤੇ ਕੌਂਸਲੇਟਾਂ ਰਾਹੀਂ ਭਾਰਤ ਲਈ ਟੂਰਿਸਟ ਵੀਜ਼ਾ ਲਈ ਅਰਜ਼ੀ ਦੇ ਸਕਣਗੇ।

ਮਈ 2020 ਵਿਚ ਪੂਰਬੀ ਲੱਦਾਖ ਵਿਚ ਕੰਟਰੋਲ ਰੇਖਾ ਐੱਲ.ਏ.ਸੀ. ਦੇ ਨਾਲ ਫੌਜੀ ਟਕਰਾਅ ਸ਼ੁਰੂ ਹੋਣ ਤੋਂ ਬਾਅਦ ਚੀਨੀ ਨਾਗਰਿਕਾਂ ਨੂੰ ਵੀਜ਼ਾ ਜਾਰੀ ਕਰਨਾ ਮੁਅੱਤਲ ਕਰ ਦਿੱਤਾ ਗਿਆ ਸੀ। ਭਾਰਤ ਨੇ ਜੁਲਾਈ ਵਿਚ ਚੀਨੀ ਨਾਗਰਿਕਾਂ ਲਈ ਟੂਰਿਸਟ ਵੀਜ਼ਾ ਮੁੜ ਸ਼ੁਰੂ ਕੀਤਾ ਸੀ।

ਮਾਮਲੇ ਤੋਂ ਜਾਣੂ ਲੋਕਾਂ ਨੇ ਦੱਸਿਆ ਕਿ ਇਸ ਹਫ਼ਤੇ ਦੀ ਸ਼ੁਰੂਆਤ ਵਿਚ ਦੁਨੀਆਂ ਭਰ ਦੀਆਂ ਭਾਰਤੀ ਅੰਬੈਸੀਆਂ ਅਤੇ ਕੌਂਸਲੇਟਾਂ ਵਿਚ ਚੀਨੀ ਨਾਗਰਿਕਾਂ ਲਈ ਟੂਰਿਸਟ ਵੀਜ਼ੇ ਖੋਲ੍ਹ ਦਿੱਤੇ ਗਏ। ਮੁੜ ਸ਼ੁਰੂਆਤ ਤੋਂ ਬਾਅਦ, ਅਰਜ਼ੀਆਂ ਭਾਰਤੀ ਦੂਤਾਵਾਸ ਬੀਜਿੰਗ ਅਤੇ ਸ਼ੰਘਾਈ, ਗੁਆਂਗਜ਼ੂ ਅਤੇ ਹਾਂਗਕਾਂਗ ਵਿਚ ਕੌਂਸਲੇਟਾਂ ਵਿਚ ਪ੍ਰਾਪਤ ਹੋ ਰਹੀਆਂ ਸਨ।

ਹਾਲ ਹੀ ਦੇ ਮਹੀਨਿਆਂ ਵਿਚ, ਭਾਰਤ ਅਤੇ ਚੀਨ ਨੇ ਸਬੰਧਾਂ ਨੂੰ ਸਥਿਰ ਕਰਨ ਅਤੇ ਮੁੜ ਬਣਾਉਣ ਲਈ ਕਈ ਲੋਕ-ਕੇਂਦ੍ਰਿਤ ਕਦਮਾਂ 'ਤੇ ਸਹਿਮਤੀ ਪ੍ਰਗਟਾਈ ਹੈ। ਇਨ੍ਹਾਂ ਵਿਚ ਕੈਲਾਸ਼ ਮਾਨਸਰੋਵਰ ਯਾਤਰਾ ਮੁੜ ਸ਼ੁਰੂ ਕਰਨਾ, ਸਿੱਧੀਆਂ ਉਡਾਣਾਂ ਦੀ ਮੁੜ ਸ਼ੁਰੂਆਤ (ਇਹ ਅਕਤੂਬਰ ਵਿਚ ਮੁੜ ਸ਼ੁਰੂ ਹੋਈਆਂ), ਕੂਟਨੀਤਿਕ ਸਬੰਧਾਂ ਦੀ 75ਵੀਂ ਵਰ੍ਹੇਗੰਢ ਮਨਾਉਣਾ, ਵੀਜ਼ਾ ਸਹੂਲਤਾਂ ਪ੍ਰਦਾਨ ਕਰਨਾ ਸ਼ਾਮਲ ਹਨ।

ਇਹ ਕਦਮ ਦੋਵਾਂ ਦੇਸ਼ਾਂ ਦੇ ਨੇਤਾਵਾਂ ਦੇ ਮਾਰਗਦਰਸ਼ਨ ਅਨੁਸਾਰ, ਲੋਕਾਂ ਦੇ ਆਪਸੀ ਅਦਾਨ-ਪ੍ਰਦਾਨ ਨੂੰ ਸੁਵਿਧਾਜਨਕ ਬਣਾਉਣ ਦੇ ਉਦੇਸ਼ ਨਾਲ ਚੁੱਕੇ ਗਏ ਹਨ।

# ਸ੍ਰੀ ਦਰਬਾਰ ਸਾਹਿਬ ਦੇ ਹੈੱਡ ਗ੍ਰੰਥੀ ਗਿਆਨੀ ਰਘਬੀਰ ਸਿੰਘ ਨੂੰ ਲੰਬੀ ਛੁੱਟੀ 'ਤੇ ਭੇਜਿਆ ਗਿਆ !

**ਅੰਮ੍ਰਿਤਸਰ, (ਪੰਜਾਬ ਮੇਲ)**- ਸ੍ਰੀ ਦਰਬਾਰ ਸਾਹਿਬ ਦੇ ਹੈੱਡ ਗ੍ਰੰਥੀ ਗਿਆਨੀ ਰਘਬੀਰ ਸਿੰਘ ਨੂੰ ਡਿਊਟੀ ਤੋਂ ਲਾਂਭੇ ਕਰ ਦਿੱਤੇ ਜਾਣ ਦਾ ਸਮਾਚਾਰ ਪ੍ਰਾਪਤ ਹੋਇਆ ਹੈ। ਮਿਲੀ ਜਾਣਕਾਰੀ ਦੇ ਅਨੁਸਾਰ ਗਿਆਨੀ ਰਘਬੀਰ ਸਿੰਘ ਨੂੰ ਕਈ ਮਹੀਨਿਆਂ ਦੀ ਲੰਮੀ ਛੁੱਟੀ 'ਤੇ ਭੇਜਿਆ ਗਿਆ ਹੈ। ਗਿਆਨੀ ਰਘਬੀਰ ਸਿੰਘ ਦੀ ਥਾਂ ਗਿਆਨੀ ਅਮਰਜੀਤ ਸਿੰਘ ਸ੍ਰੀ ਦਰਬਾਰ ਸਾਹਿਬ 'ਤੇ ਹੈੱਡ ਗ੍ਰੰਥੀ ਵਜੋਂ ਸੇਵਾ ਨਿਭਾਉਣਗੇ। 350 ਸਾਲਾ ਸ਼ਹੀਦੀ ਸ਼ਤਾਬਦੀ ਮੌਕੇ ਸ੍ਰੀ ਦਰਬਾਰ ਸਾਹਿਬ ਦੇ ਹੈੱਡ ਗ੍ਰੰਥੀ ਦਾ ਲੰਮੀ ਛੁੱਟੀ 'ਤੇ ਜਾਣਾ ਪੰਥਕ ਹਲਕਿਆਂ ਵਿਚ ਵੱਡੀ ਚਰਚਾ ਦਾ ਵਿਸ਼ਾ ਬਣ ਗਿਆ ਹੈ।

ਸੂਤਰਾਂ ਅਨੁਸਾਰ ਉਨ੍ਹਾਂ ਨੂੰ ਜਬਰੀ ਲੰਬੀ ਛੁੱਟੀ 'ਤੇ ਭੇਜਿਆ ਗਿਆ ਹੈ। 27 ਨਵੰਬਰ ਨੂੰ ਸ਼੍ਰੋਮਣੀ ਕਮੇਟੀ ਦੀ ਅੰਤਰਿੰਗ ਕਮੇਟੀ ਵਿਚ ਗਿਆਨੀ ਰਘਬੀਰ ਸਿੰਘ ਬਾਰੇ ਵੱਡਾ ਫੈਸਲਾ ਆ ਸਕਦਾ ਹੈ। ਜਿਸ ਵਿਚ ਉਨ੍ਹਾਂ ਦੀਆਂ ਸੇਵਾਵਾਂ ਖਤਮ ਕੀਤੀਆਂ ਜਾ ਸਕਦੀਆਂ ਹਨ। ਗਿਆਨੀ ਰਘਬੀਰ ਸਿੰਘ ਸ੍ਰੀ ਅਕਾਲ ਤਖਤ ਸਾਹਿਬ 'ਤੇ ਜਥੇਦਾਰ ਰਹਿੰਦਿਆਂ 2 ਦਸੰਬਰ ਵਾਲੇ ਸੁਣਾਏ ਫੈਸਲੇ ਤੋਂ ਬਾਅਦ ਕਾਫੀ ਚਰਚਾ ਵਿਚ ਆਏ ਸਨ। ਗਿਆਨੀ ਰਘਬੀਰ ਕਈ ਵਾਰ ਮੀਡੀਆ ਅੱਗੇ ਇਹ ਵੀ ਕਹਿੰਦੇ ਨਜ਼ਰ ਆਏ ਕਿ ਮੇਰਾ ਬੈਗ ਤਿਆਰ ਹੈ। ਬਾਦਲ ਅਤੇ ਸ਼੍ਰੋਮਣੀ ਅਕਾਲੀ ਦਲ ਦੇ ਸਾਬਕਾ ਵਜ਼ੀਰਾਂ ਨੂੰ ਫਸੀਲ ਤੋਂ ਹੁਕਮ ਸੁਣਾਏ ਜਾਣ ਮਗਰੋਂ ਲਗਾਤਾਰ ਉਨ੍ਹਾਂ ਦੀ ਸੇਵਾਵਾਂ ਖਤਮ ਕਰਨ ਦੀਆਂ ਚਰਚਾਵਾਂ ਚੱਲ ਰਹੀਆਂ ਹਨ।

ਇੱਥੇ ਇਹ ਵੀ ਦੱਸਣਯੋਗ ਹੈ ਕਿ ਮਾਰਚ 2025 ਵਿਚ, ਸ਼੍ਰੋਮਣੀ ਕਮੇਟੀ ਨੇ ਗਿਆਨੀ ਰਘਬੀਰ ਸਿੰਘ ਨੂੰ ਅਕਾਲ ਤਖ਼ਤ ਦੇ ਜਥੇਦਾਰ ਦੇ ਅਹੁਦੇ ਤੋਂ ਹਟਾ ਦਿੱਤਾ ਸੀ ਅਤੇ ਉਨ੍ਹਾਂ ਦੀ ਜਗ੍ਹਾ ਗਿਆਨੀ ਕੁਲਦੀਪ ਸਿੰਘ ਗੜਗੱਜ ਨੂੰ ਕਾਰਜਕਾਰੀ ਜਥੇਦਾਰ ਨਿਯੁਕਤ ਕੀਤਾ ਗਿਆ। ਸ਼੍ਰੋਮਣੀ ਕਮੇਟੀ ਨੇ ਕਿਹਾ ਕਿ ਇਹ ਕਦਮ ਧਾਰਮਿਕ ਮਰਿਆਦਾ ਬਣਾਈ ਰੱਖਣ ਤੇ ਸੰਗਠਨਾਤਮਕ ਸਮੀਖਿਆ ਦੇ ਅਨੁਸਾਰ ਚੁੱਕਿਆ ਗਿਆ ਸੀ। ਹਾਲਾਂਕਿ, ਰਾਜਨੀਤਿਕ ਅਤੇ ਧਾਰਮਿਕ ਸਮੂਹਾਂ ਨੇ ਇਸ ਫੈਸਲੇ ਦੀ ਆਲੋਚਨਾ ਕੀਤੀ, ਇਸਨੂੰ ਸੰਗਤ ਦੀਆਂ ਭਾਵਨਾਵਾਂ ਦੇ ਵਿਰੁੱਧ ਅਤੇ ਰਾਜਨੀਤਿਕ ਦਬਾਅ ਤੋਂ ਪ੍ਰੇਰਿਤ ਦੱਸਿਆ। ਇਸ ਵਿਵਾਦ ਨੇ ਮੀਡੀਆ ਅਤੇ ਸੋਸ਼ਲ ਮੀਡੀਆ ਵਿਚ ਕਾਫ਼ੀ ਚਰਚਾ ਪੈਦਾ ਕੀਤੀ ਹੈ। ਧਾਰਮਿਕ ਸੰਗਠਨਾਂ ਅਤੇ ਸ਼੍ਰੋਮਣੀ ਕਮੇਟੀ ਵਿਚਕਾਰ ਤਣਾਅਪੂਰਨ ਸਥਿਤੀ ਪੈਦਾ ਹੋ ਗਈ ਅਤੇ ਲੀਡਰਸ਼ਿਪ ਦੇ ਭਵਿੱਖ ਬਾਰੇ ਅਨਿਸ਼ਚਿਤਤਾ ਵਧ ਗਈ ਹੈ।

ਇਸ ਸਬੰਧੀ ਜਦੋਂ ਗਿਆਨੀ ਰਘਬੀਰ ਸਿੰਘ ਨਾਲ ਫੋਨ 'ਤੇ ਗੱਲਬਾਤ ਕਰਨੀ ਚਾਹੀ ਤਾਂ ਉਨ੍ਹਾਂ ਦਾ ਫੋਨ ਨਹੀਂ ਮਿਲਿਆ ਪਰ ਉਨ੍ਹਾਂ ਦੇ ਨਿੱਜੀ ਸਹਾਇਕ ਨੇ ਦੱਸਿਆ ਕਿ ਇਸ ਤਰ੍ਹਾਂ ਦੀ ਕੋਈ ਗੱਲ ਨਹੀਂ ਹੈ, ਸਿੰਘ ਸਾਹਿਬ ਨੂੰ ਟਾਈਫਾਈਡ ਹੋਇਆ ਹੈ ਜਿਸ ਵਾਸਤੇ ਡਾਕਟਰਾਂ ਨੇ ਬੈਡ ਰੈਸਟ ਦੱਸੀ ਹੈ। ਇਸ ਵਾਸਤੇ ਚਾਰ, ਪੰਜ ਦਿਨ ਦੀ ਛੁੱਟੀ ਲਈ ਹੈ। ਬਾਕੀ ਕੰਮ ਉਸੇ ਤਰ੍ਹਾਂ ਚੱਲਣਗੇ।

# ਹਾਈਕੋਰਟ ਵੱਲੋਂ ਅੰਮ੍ਰਿਤਪਾਲ ਸਿੰਘ ਦੀ ਪੈਰੋਲ ਮਾਮਲੇ 'ਚ ਪੰਜਾਬ ਸਰਕਾਰ ਨੂੰ ਇਕ ਹਫਤੇ 'ਚ ਫੈਸਲਾ ਲੈਣ ਦੇ ਨਿਰਦੇਸ਼



ਚੰਡੀਗੜ੍ਹ, (ਪੰਜਾਬ ਮੇਲ)- ਪੰਜਾਬ-ਹਰਿਆਣਾ ਹਾਈ ਕੋਰਟ ਨੇ ਸੰਸਦ ਮੈਂਬਰ ਅੰਮ੍ਰਿਤਪਾਲ ਸਿੰਘ ਦੀ ਪੈਰੋਲ ਦੇ ਮਾਮਲੇ ਵਿਚ ਪੰਜਾਬ ਸਰਕਾਰ ਨੂੰ ਇਕ ਹਫਤੇ ਵਿਚ ਫੈਸਲਾ ਲੈਣ ਲਈ ਆਖਿਆ ਹੈ। ਹਲਕਾ ਖਡੂਰ ਸਾਹਿਬ ਤੋਂ ਸੰਸਦ ਮੈਂਬਰ ਅੰਮ੍ਰਿਤਪਾਲ ਨੇ ਸੰਸਦ ਦੇ ਸੈਸ਼ਨ 'ਚ ਸ਼ਾਮਲ ਹੋਣ ਲਈ ਪੈਰੋਲ ਮੰਗੀ ਹੈ। ਦੱਸਣਾ ਬਣਦਾ ਹੈ ਕਿ ਅੰਮ੍ਰਿਤਪਾਲ ਇਸ ਵੇਲੇ ਆਸਾਮ ਦੀ ਡਿਬਰੂਗੜ੍ਹ ਜੇਲ੍ਹ ਵਿਚ ਐੱਨ.ਐੱਸ.ਏ. ਤਹਿਤ ਨਜ਼ਰਬੰਦ ਹੈ। ਇਸ ਤੋਂ ਪਹਿਲਾਂ ਉਸ ਨੇ ਸੁਪਰੀਮ ਕੋਰਟ ਦਾ ਰੁਖ਼ ਕੀਤਾ ਸੀ ਪਰ ਦੇਸ਼ ਦੀ ਸਰਵਉੱਚ ਅਦਾਲਤ ਨੇ ਉਸ ਨੂੰ ਹਾਈ ਕੋਰਟ ਜਾਣ ਲਈ ਕਿਹਾ ਸੀ। ਹਾਈ ਕੋਰਟ 'ਚ ਚੀਫ ਜਸਟਿਸ ਸ਼ੀਲ ਨਾਗੂ ਤੇ ਜਸਟਿਸ ਸੰਜੀਵ ਬੇਰੀ ਦੇ ਬੈਂਚ ਨੇ ਫੈਸਲਾ ਸੁਣਾਇਆ। ਇਸ ਮੌਕੇ ਬੈਂਚ ਨੇ ਅੰਮ੍ਰਿਤਪਾਲ ਦੇ ਵਕੀਲ ਨੂੰ ਵੀ ਸਵਾਲ ਕੀਤਾ ਕਿ ਇਸ ਸੈਸ਼ਨ ਵਿਚ ਅੰਮ੍ਰਿਤਪਾਲ ਕਿਹੜੇ ਮੁੱਦੇ ਚੁੱਕਣਗੇ। ਇਸ ਤੋਂ ਬਾਅਦ ਵਕੀਲ ਨੇ ਕਿਹਾ ਕਿ ਅੰਮ੍ਰਿਤਪਾਲ ਪੰਜਾਬ ਦੇ ਹੜ੍ਹ ਮਾਰੇ ਖੇਤਰਾਂ ਵਿਚ ਰਾਹਤ ਪ੍ਰਬੰਧਨ ਬਾਰੇ ਗੱਲ ਕਰਨਗੇ।




FOR SALE & PURCHASE OF ANY KIND OF PROPERTY




RE/MAX
Outstanding Agents
Outstanding Results
DRE Lic. # 01215931 (Broker)

Gurjatinder S. Randhawa
REALTOR CA DRE licence # 01490567
916-320-9444

# ਪੰਜਾਬ ਦੇ ਤਿੱਖੇ ਰੋਹ ਪਿੱਛੋਂ ਕੇਂਦਰ ਨੇ ਚੰਡੀਗੜ੍ਹ ਨੂੰ ਸਿੱਧੇ ਕੰਟਰੋਲ ਹੇਠ ਲਿਆਉਣ ਦੇ ਪ੍ਰਸਤਾਵ ਤੋਂ ਪੈਰ ਪਿੱਛੇ ਖਿੱਚੇ

**ਚੰਡੀਗੜ੍ਹ, (ਪੰਜਾਬ ਮੇਲ)**- ਕੇਂਦਰ ਸਰਕਾਰ ਨੇ ਪੰਜਾਬ ਦਾ ਰੋਹ ਦੇਖਦਿਆਂ ਚੰਡੀਗੜ੍ਹ ਨੂੰ ਰਾਸ਼ਟਰਪਤੀ ਦੇ ਸਿੱਧੇ ਕੰਟਰੋਲ ਹੇਠ ਲਿਆਉਣ ਦੇ ਪ੍ਰਸਤਾਵ ਤੋਂ ਪੈਰ ਪਿੱਛੇ ਖਿੱਚ ਲਏ ਹਨ। ਕੇਂਦਰੀ ਗ੍ਰਹਿ ਮੰਤਰਾਲੇ ਨੇ ਸਪੱਸ਼ਟ ਕੀਤਾ ਕਿ ਸਰਕਾਰ ਦਾ ਪਹਿਲੀ ਦਸੰਬਰ ਤੋਂ ਸ਼ੁਰੂ ਹੋ ਰਹੇ ਸੰਸਦ ਦੇ ਸਰਦ ਰੁੱਤ ਇਜਲਾਸ ਵਿਚ ਇਸ ਸਬੰਧੀ ਬਿੱਲ ਪੇਸ਼ ਕਰਨ ਦਾ ਕੋਈ ਇਰਾਦਾ ਨਹੀਂ ਹੈ। ਮੰਤਰਾਲੇ ਨੇ ਕਿਹਾ ਕਿ ਇਸ ਪ੍ਰਸਤਾਵ 'ਤੇ ਹਾਲੇ ਕੋਈ ਅੰਤਿਮ ਫ਼ੈਸਲਾ ਨਹੀਂ ਕੀਤਾ ਗਿਆ, ਇਸ ਲਈ ਕਿਸੇ ਵੀ ਧਿਰ ਨੂੰ ਚਿੰਤਾ ਕਰਨ ਦੀ ਲੋੜ ਨਹੀਂ ਹੈ।

■ **ਸਰਦ ਰੁੱਤ ਸੈਸ਼ਨ 'ਚ ਬਿੱਲ ਪੇਸ਼ ਕਰਨ ਦਾ ਕੋਈ ਇਰਾਦਾ ਨਹੀਂ: ਗ੍ਰਹਿ ਮੰਤਰਾਲਾ**



ਜ਼ਿਕਰਯੋਗ ਹੈ ਕਿ ਸਰਕਾਰ ਨੇ ਸਰਦ ਰੁੱਤ ਇਜਲਾਸ ਵਿਚ ਸੰਵਿਧਾਨ (131ਵੀਂ ਸੋਧ) ਬਿੱਲ ਪੇਸ਼ ਕਰਨ ਲਈ ਸੂਚੀਬੱਧ ਕੀਤਾ ਸੀ, ਜਿਸ ਤਹਿਤ ਚੰਡੀਗੜ੍ਹ ਨੂੰ ਧਾਰਾ 240 ਵਿਚ ਸ਼ਾਮਲ ਕਰਕੇ ਬਾਕੀ ਕੇਂਦਰ ਸ਼ਾਸਿਤ ਪ੍ਰਦੇਸ਼ਾਂ ਵਾਂਗ ਸਿੱਧਾ ਰਾਸ਼ਟਰਪਤੀ ਦੇ ਅਧੀਨ ਕੀਤਾ ਜਾਣਾ ਸੀ। ਇਸ ਨਾਲ ਚੰਡੀਗੜ੍ਹ ਵਿਚ ਉਪ ਰਾਜਪਾਲ ਦੀ ਤਾਇਨਾਤੀ ਦਾ ਰਾਹ ਖੁੱਲ੍ਹ ਸਕਦਾ ਸੀ। ਮੌਜੂਦਾ ਸਮੇਂ ਪੰਜਾਬ ਦਾ ਰਾਜਪਾਲ ਹੀ ਚੰਡੀਗੜ੍ਹ ਦਾ ਪ੍ਰਸ਼ਾਸਕ ਹੁੰਦਾ ਹੈ।

ਪੰਜਾਬ ਤਾਂ ਪੰਜਾਬ ਯੂਨੀਵਰਸਿਟੀ ਦੀ ਸੈਨੇਟ ਦੇ ਪੁਨਰਗਠਨ ਦੇ ਮਾਮਲੇ 'ਤੇ ਪਹਿਲਾਂ ਹੀ ਉੱਬਲ ਰਿਹਾ ਸੀ। ਉੱਪਰੋਂ ਕੇਂਦਰ ਸਰਕਾਰ ਨੇ ਪੰਜਾਬ ਦਾ ਚੰਡੀਗੜ੍ਹ ਤੋਂ ਹੱਕ ਖੋਹਣ ਲਈ ਨਵੀਂ ਤੰਦ ਬੁਣਨੀ ਸ਼ੁਰੂ ਕਰ ਦਿੱਤੀ। ਪੰਜਾਬ ਦੀਆਂ ਸਾਰੀਆਂ ਸਿਆਸੀ ਧਿਰਾਂ ਨੇ ਕੇਂਦਰ ਸਰਕਾਰ ਦੀ ਇਸ ਸਾਜ਼ਿਸ਼ ਖ਼ਿਲਾਫ਼ ਭਾਜਪਾ ਨੂੰ ਨਿਸ਼ਾਨੇ 'ਤੇ ਲਿਆ। ਸੂਤਰ ਦੱਸਦੇ ਹਨ ਕਿ ਕੇਂਦਰ ਸਰਕਾਰ ਤਿੰਨ ਖੇਤੀ ਕਾਨੂੰਨਾਂ ਸਮੇਂ ਦਿੱਲੀ 'ਚ ਚੱਲੇ ਸੰਘਰਸ਼ ਦੌਰਾਨ ਪੰਜਾਬ ਦੀ ਨਬਜ਼ ਟੋਹ ਚੁੱਕਾ ਹੈ। ਇਸ ਲਈ ਕੇਂਦਰੀ ਗ੍ਰਹਿ ਮੰਤਰਾਲੇ ਨੇ ਬਿਨਾਂ ਕਿਸੇ ਦੇਰੀ ਤੋਂ ਪੈਂਤੜਾ ਬਦਲ ਲਿਆ ਹੈ। ਪੰਜਾਬ ਭਾਜਪਾ ਨੇ ਵੀ ਅੰਦਰੋਂ-ਅੰਦਰੀਂ ਕੇਂਦਰ ਨੂੰ ਨਵੇਂ ਬਣਨ ਵਾਲੇ ਹਾਲਾਤ ਤੋਂ ਜਾਣੂ ਕਰਾ ਦਿੱਤਾ ਸੀ।

ਕੇਂਦਰੀ ਗ੍ਰਹਿ ਮੰਤਰਾਲੇ ਨੇ ਕਿਹਾ ਕਿ ਕੇਂਦਰ ਸ਼ਾਸਿਤ ਪ੍ਰਦੇਸ਼ ਚੰਡੀਗੜ੍ਹ ਲਈ ਕਾਨੂੰਨ ਬਣਾਉਣ ਦੀ ਪ੍ਰਕਿਰਿਆ ਨੂੰ ਸੌਖਾ ਬਣਾਉਣ ਦਾ ਪ੍ਰਸਤਾਵ ਇਸ ਵੇਲੇ ਕੇਂਦਰ ਸਰਕਾਰ ਦੇ ਪੱਧਰ 'ਤੇ ਵਿਚਾਰ ਅਧੀਨ ਹੈ ਅਤੇ ਕੋਈ ਆਖ਼ਰੀ ਫ਼ੈਸਲਾ ਨਹੀਂ ਲਿਆ ਗਿਆ। ਗ੍ਰਹਿ ਮੰਤਰਾਲੇ ਨੇ ਕਿਹਾ ਕਿ ਕੋਈ ਵੀ ਫ਼ੈਸਲਾ ਸਾਰੀਆਂ ਭਾਈਵਾਲ ਧਿਰਾਂ ਨਾਲ ਸਲਾਹ-ਮਸ਼ਵਰਾ ਕਰਕੇ ਚੰਡੀਗੜ੍ਹ ਦੇ ਹਿੱਤਾਂ ਨੂੰ ਧਿਆਨ ਵਿਚ ਰੱਖ ਕੇ ਹੀ ਲਿਆ ਜਾਵੇਗਾ। ਇਸ ਦੇ ਨਾਲ ਹੀ ਗ੍ਰਹਿ ਮੰਤਰਾਲੇ ਨੇ ਕਿਹਾ ਹੈ ਕਿ ਇਹ ਪ੍ਰਸਤਾਵ ਕਿਸੇ ਵੀ ਤਰ੍ਹਾਂ ਚੰਡੀਗੜ੍ਹ ਦੀ ਸ਼ਾਸਨ ਪ੍ਰਣਾਲੀ ਜਾਂ ਪੰਜਾਬ, ਹਰਿਆਣਾ ਦੇ ਚੰਡੀਗੜ੍ਹ ਨਾਲ ਰਵਾਇਤੀ ਸਬੰਧਾਂ 'ਤੇ ਕੋਈ ਅਸਰ ਪਾਉਣ ਵਾਲਾ ਨਹੀਂ ਹੈ।


## ਮੈਟਰੀਮੋਨੀਅਲ

ਜੱਟ ਸਿੱਖ ਗਰੇਵਾਲ ਲੜਕਾ, ਜਨਮ 1998, ਕੱਦ 6 ਫ਼ੁੱਟ 1 ਇੰਚ, Diploma in Designing Drafting, ਵਿਜ਼ਟਰ 'ਤੇ ਅਮਰੀਕਾ ਰਹਿ ਰਹੇ, ਸੋਹਣੇ-ਸੁਨੱਖੇ, ਨਸ਼ਿਆਂ ਤੋਂ ਰਹਿਤ ਲਈ ਅਮਰੀਕੀ ਜਾਂ ਕੈਨੇਡੀਅਨ ਇਮੀਗ੍ਰੈਂਟ ਜਾਂ ਸਿਟੀਜ਼ਨ, ਪਰਿਵਾਰਕ ਲੜਕੀ ਦੀ ਲੋੜ ਹੈ। ਤਲਾਕਸ਼ੁਦਾ (ਬਿਨਾਂ ਬੱਚੇ ਤੋਂ) ਲੜਕੀ 'ਤੇ ਵੀ ਵਿਚਾਰ ਕੀਤਾ ਜਾਵੇਗਾ। ਜਾਣਕਾਰੀ ਲਈ : +1-604-749-2805 (whatsapp) 'ਤੇ ਸੰਪਰਕ ਕਰੋ। 871


# ਸ਼੍ਰੋਮਣੀ ਅਕਾਲੀ ਦਲ ਆਗੂ ਨੂੰ ਹਾਈਕੋਰਟ ਤੋਂ ਮਿਲੀ ਅੰਤਰਿਮ ਜ਼ਮਾਨਤ

**ਅੰਮ੍ਰਿਤਸਰ/ਚੰਡੀਗੜ੍ਹ, (ਪੰਜਾਬ ਮੇਲ)**- ਪੰਜਾਬ ਅਤੇ ਹਰਿਆਣਾ ਹਾਈਕੋਰਟ ਨੇ ਸ਼੍ਰੋਮਣੀ ਅਕਾਲੀ ਦਲ ਦੀ ਆਈ.ਟੀ. ਸੈੱਲ ਦੇ ਪ੍ਰਧਾਨ ਨਛੱਤਰ ਸਿੰਘ ਗਿੱਲ ਨੂੰ ਅੰਤਰਿਮ ਜ਼ਮਾਨਤ ਦੇ ਦਿੱਤੀ ਹੈ। ਕੋਰਟ ਦੇ ਇਸ ਫੈਸਲੇ ਤੋਂ ਬਾਅਦ ਅਕਾਲੀ ਦਲ ਨੂੰ ਵੱਡੀ ਰਾਹਤ ਮਿਲੀ ਹੈ। ਤਰਨਤਾਰਨ ਪੁਲਿਸ ਨੇ ਨਛੱਤਰ ਸਿੰਘ ਗਿੱਲ ਨੂੰ 15 ਨਵੰਬਰ ਨੂੰ ਹਿਰਾਸਤ ਵਿਚ ਲਿਆ ਸੀ। ਉਨ੍ਹਾਂ ਨੂੰ ਅੰਮ੍ਰਿਤਸਰ ਦੇ ਰਣਜੀਤ ਐਵੇਨਿਊ ਸਥਿਤ ਇਕ ਕੈਫੇ ਵਿਚੋਂ ਫੜਿਆ ਗਿਆ ਸੀ, ਜਦੋਂ ਉਹ ਆਪਣੇ ਦੋਸਤਾਂ ਨਾਲ ਬੈਠੇ ਹੋਏ ਸਨ। ਇਹ ਕਾਰਵਾਈ ਤਰਨਤਾਰਨ ਪੁਲਿਸ ਦੇ ਡੀ.ਐੱਸ.ਪੀ. ਅਤੁਲ ਸੋਨੀ, ਜੋ ਇਸ ਸਮੇਂ ਗੋਇੰਦਵਾਲ ਸਾਹਿਬ ਵਿਚ ਤਾਇਨਾਤ ਹਨ, ਦੀ ਅਗਵਾਈ ਹੇਠ ਕੀਤੀ ਗਈ ਸੀ। ਪੁਲਿਸ ਟੀਮ ਕੈਫੇ ਦਾ ਡੀ.ਵੀ.ਆਰ. ਵੀ ਨਾਲ ਲੈ ਗਈ ਸੀ।



ਪੁਲਿਸ ਦਾ ਕਹਿਣਾ ਹੈ ਕਿ ਨਛੱਤਰ ਸਿੰਘ ਅਤੇ ਉਨ੍ਹਾਂ ਦੇ 20-25 ਸਾਥੀਆਂ ਨੇ 5 ਨਵੰਬਰ ਨੂੰ ਅੰਮ੍ਰਿਤਸਰ ਦੇ ਝੱਬਾਲ ਚੌਕ 'ਤੇ ਡਿਊਟੀ ਤੋਂ ਪਰਤ ਰਹੀ ਸੀ.ਆਈ.ਏ. ਟੀਮ ਨੂੰ ਜ਼ਬਰਦਸਤੀ ਰੋਕ ਕੇ ਸਰਕਾਰੀ ਕੰਮ ਵਿਚ ਅੜਿੱਕਾ ਪਾਇਆ ਸੀ। ਇਹ ਐੱਫ.ਆਈ.ਆਰ. ਸੀ.ਆਈ.ਏ. ਇੰਚਾਰਜ ਇੰਸਪੈਕਟਰ ਪ੍ਰਭਜੀਤ ਸਿੰਘ ਦੀ ਸ਼ਿਕਾਇਤ 'ਤੇ ਥਾਣਾ ਸਿਟੀ ਤਰਨਤਾਰਨ ਵਿਚ ਦਰਜ ਕੀਤੀ ਗਈ ਸੀ।

ਇਸ ਕਾਰਵਾਈ ਨੂੰ ਲੈ ਕੇ ਸਿਆਸੀ ਤਣਾਅ ਬਣਿਆ ਹੋਇਆ ਸੀ। ਤਰਨਤਾਰਨ ਵਿਧਾਨ ਸਭਾ ਜ਼ਿਮਨੀ ਚੋਣ ਤੋਂ ਪਹਿਲਾਂ ਵੀ, ਅਕਾਲੀ ਦਲ ਨੇ ਆਪਣੇ ਨੇਤਾਵਾਂ 'ਤੇ ਹੋ ਰਹੀ ਕਥਿਤ ਕਾਰਵਾਈ 'ਤੇ ਇਤਰਾਜ਼ ਜਤਾਇਆ ਸੀ। ਪਾਰਟੀ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਚੋਣ ਨਿਗਰਾਨਾਂ ਨੂੰ ਸ਼ਿਕਾਇਤ ਕੀਤੀ ਸੀ ਕਿ ਜ਼ਿਲ੍ਹੇ ਵਿਚ ਕੁਝ ਅਧਿਕਾਰੀਆਂ ਦੀ ਸਰਪ੍ਰਸਤੀ ਹੇਠ ਵਿਰੋਧੀ ਨੇਤਾਵਾਂ ਨੂੰ ਡਰਾਇਆ-ਧਮਕਾਇਆ ਜਾ ਰਿਹਾ ਹੈ। ਪਾਰਟੀ ਉਮੀਦਵਾਰ ਸੁਖਵਿੰਦਰ ਕੌਰ ਰੰਧਾਵਾ ਨੇ ਵੀ ਦੋਸ਼ ਲਾਇਆ ਸੀ ਕਿ ਅਕਾਲੀ ਵਰਕਰਾਂ ਨੂੰ ਗੈਰ-ਕਾਨੂੰਨੀ ਹਿਰਾਸਤ ਵਿਚ ਲੈ ਕੇ ਝੂਠੇ ਕੇਸਾਂ ਦੀ ਧਮਕੀ ਦਿੱਤੀ ਗਈ ਸੀ।


ਰੋਜ਼ਾਨਾਂ ਤਾਜ਼ੀਆਂ ਖ਼ਬਰਾਂ ਪੜ੍ਹਨ ਲਈ ਪੰਜਾਬ ਮੇਲ ਦੀ ਵੈੱਬਸਾਇਟ 'ਤੇ ਕਲਿੱਕ ਕਰੋ : www.punjabmailusa.com








# ਦਿੱਲੀ ਅਦਾਲਤ ਨੇ ਅਨਮੋਲ ਬਿਸ਼ਨੋਈ ਨੂੰ 11 ਦਿਨਾਂ ਦੇ ਰਿਮਾਂਡ 'ਤੇ ਭੇਜਿਆ

**■ ਅਮਰੀਕਾ ਨੇ ਕੀਤਾ ਸੀ ਡਿਪੋਰਟ; 29 ਨਵੰਬਰ ਨੂੰ ਪਟਿਆਲਾ ਹਾਊਸ ਅਦਾਲਤ 'ਚ ਦੁਬਾਰਾ ਕੀਤਾ ਜਾਵੇਗਾ ਪੇਸ਼**

**ਨਵੀਂ ਦਿੱਲੀ, (ਪੰਜਾਬ ਮੇਲ)**– ਦਿੱਲੀ ਦੀ ਪਟਿਆਲਾ ਹਾਊਸ ਅਦਾਲਤ ਨੇ ਐੱਨ.ਸੀ.ਪੀ. ਆਗੂ ਬਾਬਾ ਸਿੱਦੀਕੀ ਦੇ ਕਤਲ ਦੇ ਮੁਲਜ਼ਮ ਅਨਮੋਲ ਬਿਸ਼ਨੋਈ ਨੂੰ 11 ਦਿਨਾਂ ਲਈ ਨੈਸ਼ਨਲ ਇਨਵੈਸਟੀਗੇਸ਼ਨ ਏਜੰਸੀ (ਐੱਨ.ਆਈ.ਏ.) ਦੀ ਹਿਰਾਸਤ ਵਿਚ ਭੇਜ ਦਿੱਤਾ ਹੈ।

ਐੱਨ.ਆਈ.ਏ. ਨੇ ਗੈਂਗਸਟਰ ਲਾਰੈਂਸ ਬਿਸ਼ਨੋਈ ਦੇ ਭਰਾ ਅਤੇ ਕਰੀਬੀ ਸਾਥੀ ਅਨਮੋਲ ਨੂੰ ਅਮਰੀਕਾ ਤੋਂ ਡਿਪੋਰਟ ਹੋਣ ਤੋਂ ਬਾਅਦ ਗ੍ਰਿਫ਼ਤਾਰ ਕਰਕੇ ਸਖ਼ਤ ਸੁਰੱਖਿਆ ਹੇਠ ਪਟਿਆਲਾ ਹਾਊਸ ਕੋਰਟ ਵਿਚ ਪੇਸ਼ ਕੀਤਾ।

ਵਿਸ਼ੇਸ਼ ਜੱਜ ਪ੍ਰਸ਼ਾਂਤ ਸ਼ਰਮਾ ਨੇ ਏਜੰਸੀ ਦੀ 15 ਦਿਨਾਂ ਦੇ ਰਿਮਾਂਡ ਦੀ ਅਪੀਲ 'ਤੇ ਸੁਣਵਾਈ ਕਰਦਿਆਂ ਅਨਮੋਲ ਨੂੰ 11 ਦਿਨਾਂ ਦੀ ਐੱਨ.ਆਈ.ਏ. ਹਿਰਾਸਤ ਵਿਚ ਭੇਜ ਦਿੱਤਾ। ਹੁਣ ਉਸ ਨੂੰ 29 ਨਵੰਬਰ ਨੂੰ ਅਦਾਲਤ ਵਿਚ ਦੁਬਾਰਾ ਪੇਸ਼ ਕੀਤਾ ਜਾਵੇਗਾ।

ਅਦਾਲਤ ਦੇ ਬਾਹਰ ਪੱਤਰਕਾਰਾਂ ਨਾਲ ਗੱਲ ਕਰਦਿਆਂ ਐੱਸ.ਪੀ.ਪੀ. ਰਾਹੁਲ ਤਿਆਗੀ ਨੇ ਕਿਹਾ, "ਉਹ ਅੱਤਵਾਦੀ–ਗੈਂਗਸਟਰ ਸਿੰਡੀਕੇਟ ਦਾ ਬਹੁਤ ਮਹੱਤਵਪੂਰਨ ਮੈਂਬਰ ਹੈ। ਉਸ ਕੋਲ ਕੁਝ ਬਹੁਤ ਜ਼ਰੂਰੀ ਜਾਣਕਾਰੀ ਹੈ। ਉਹ ਸਿੰਡੀਕੇਟ ਨੂੰ ਚਲਾ ਰਿਹਾ ਸੀ ਅਤੇ ਇਕ ਮੁੱਖ ਮੈਂਬਰ ਸੀ।"



ਐੱਨ.ਆਈ.ਏ. ਨੇ ਉਸਦੇ ਕੰਮ ਕਰਨ ਦੇ ਢੰਗ, ਫੰਡਾਂ ਦੇ ਸਰੋਤ, ਹੋਰ ਲੋਕਾਂ ਦੀ ਸ਼ਮੂਲੀਅਤ ਅਤੇ ਸਿੰਡੀਕੇਟ ਦੇ ਸੰਚਾਲਨ ਦਾ ਪਤਾ ਲਗਾਉਣ ਲਈ ਉਸ ਦਾ ਰਿਮਾਂਡ ਮੰਗਿਆ ਸੀ। ਉਨ੍ਹਾਂ ਕਿਹਾ, "ਅਸੀਂ ਇਹ ਪਤਾ ਲਗਾਉਣ ਦੀ ਕੋਸ਼ਿਸ਼ ਕਰ ਰਹੇ ਹਾਂ ਕਿ ਉਹ ਭਾਰਤ ਤੋਂ ਕਿਵੇਂ ਭੱਜਿਆ ਸੀ।"

ਇਸ ਤੋਂ ਪਹਿਲਾਂ ਰਾਸ਼ਟਰੀ ਜਾਂਚ ਏਜੰਸੀ (ਐੱਨ.ਆਈ.ਏ.) ਨੇ ਗੈਂਗਸਟਰ ਲਾਰੈਂਸ ਬਿਸ਼ਨੋਈ ਦੇ ਛੋਟੇ ਭਰਾ ਅਤੇ ਕਰੀਬੀ ਸਾਥੀ ਅਨਮੋਲ ਬਿਸ਼ਨੋਈ ਨੂੰ ਅਮਰੀਕਾ ਤੋਂ ਡਿਪੋਰਟ ਹੁੰਦੇ ਹੀ ਗ੍ਰਿਫ਼ਤਾਰ ਕਰ ਲਿਆ ਸੀ। ਐੱਨ.ਆਈ.ਏ. ਨੇ ਇਕ ਤਸਵੀਰ ਜਾਰੀ ਕਰਕੇ ਇਸਦੀ ਪੁਸ਼ਟੀ ਕੀਤੀ ਸੀ। ਗੈਂਗਸਟਰ ਅਨਮੋਲ ਬਿਸ਼ਨੋਈ ਨੂੰ ਲੈ ਕੇ ਜਾਣ ਵਾਲੀ ਉਡਾਣ ਇੰਦਰਾ ਗਾਂਧੀ ਕੌਮਾਂਤਰੀ ਹਵਾਈ ਅੱਡੇ (ਆਈ.ਜੀ.ਆਈ.) 'ਤੇ ਉਤਰੀ।

ਦੱਸ ਦਈਏ ਕਿ ਅਨਮੋਲ ਬਿਸ਼ਨੋਈ 2022 ਤੋਂ ਫਰਾਰ ਸੀ ਅਤੇ ਐੱਨ.ਆਈ.ਏ. ਦੀ ਚੱਲ ਰਹੀ ਜਾਂਚ ਵਿਚ ਗ੍ਰਿਫ਼ਤਾਰ ਕੀਤਾ ਗਿਆ 19ਵਾਂ ਮੁਲਜ਼ਮ ਹੈ। ਮਾਰਚ 2023 ਵਿਚ, ਐੱਨ.ਆਈ.ਏ. ਨੇ ਇਸ ਮਾਮਲੇ ਵਿਚ ਇਕ ਚਾਰਜਸ਼ੀਟ ਦਾਇਰ ਕੀਤੀ, ਜਿਸ ਵਿਚ ਸਪੱਸ਼ਟ ਤੌਰ 'ਤੇ ਕਿਹਾ ਗਿਆ ਸੀ ਕਿ ਅਨਮੋਲ ਨੇ 2020 ਅਤੇ 2023 ਦੇ ਵਿਚਕਾਰ ਦੇਸ਼ ਭਰ ਵਿਚ ਕਈ ਵੱਡੇ ਅਪਰਾਧਾਂ ਵਿਚ ਗੋਲਡੀ ਬਰਾੜ ਅਤੇ ਲਾਰੈਂਸ ਬਿਸ਼ਨੋਈ ਦੀ ਸਹਾਇਤਾ ਕੀਤੀ ਸੀ।

ਜਾਂਚ ਅਨੁਸਾਰ, ਅਨਮੋਲ ਅਮਰੀਕਾ ਤੋਂ ਲਾਰੈਂਸ ਬਿਸ਼ਨੋਈ ਗੈਂਗ ਲਈ ਇਕ ਅੱਤਵਾਦੀ ਸਿੰਡੀਕੇਟ ਚਲਾਉਂਦਾ ਸੀ। ਉਸਨੇ ਗੈਂਗ ਦੇ ਮੈਂਬਰਾਂ ਨੂੰ ਪਨਾਹ, ਪੈਸਾ ਅਤੇ ਲੌਜਿਸਟਿਕਲ ਸਹਾਇਤਾ ਪ੍ਰਦਾਨ ਕੀਤੀ। ਉਹ ਵਿਦੇਸ਼ੀ ਧਰਤੀ ਤੋਂ ਭਾਰਤ ਵਿਚ ਧਮਕੀਆਂ ਅਤੇ ਜਬਰੀ ਵਸੂਲੀ ਵਿਚ ਵੀ ਸ਼ਾਮਲ ਸੀ।

ਅਨਮੋਲ ਬਿਸ਼ਨੋਈ ਕਈ ਹਾਈ–ਪ੍ਰੋਫਾਈਲ ਮਾਮਲਿਆਂ ਵਿਚ ਦੋਸ਼ੀ ਹੈ, ਜਿਸ ਵਿਚ ਪੰਜਾਬੀ ਗਾਇਕ ਸਿੱਧੂ ਮੂਸੇਵਾਲਾ ਦੀ ਹੱਤਿਆ, ਮੁੰਬਈ ਵਿਚ ਬਾਬਾ ਸਿੱਦੀਕੀ ਕਤਲ ਕੇਸ ਦੀ ਸਾਜ਼ਿਸ਼ ਅਤੇ ਸਲਮਾਨ ਖਾਨ ਦੇ ਗਲੈਕਸੀ ਅਪਾਰਟਮੈਂਟਸ ਵਿਚ ਗੋਲੀਬਾਰੀ ਸ਼ਾਮਲ ਹੈ। ਉਸ ਖਿਲਾਫ ਰਾਜਸਥਾਨ ਦੇ ਜੈਪੁਰ, ਜੋਧਪੁਰ, ਹਨੂੰਮਾਨਗੜ੍ਹ ਅਤੇ ਸ਼੍ਰੀਗੰਗਾਨਗਰ ਜ਼ਿਲ੍ਹਿਆਂ ਵਿਚ ਜਬਰੀ ਵਸੂਲੀ ਅਤੇ ਕਤਲ ਦੀ ਕੋਸ਼ਿਸ਼ ਦੇ 21 ਤੋਂ ਵੱਧ ਮਾਮਲੇ ਦਰਜ ਹਨ।

## 'ਅਨਮੋਲ ਬਿਸ਼ਨੋਈ ਨੂੰ ਭਾਰਤ 'ਚ ਨਿਸ਼ਾਨਾ ਬਣਾ ਸਕਦੇ ਹਨ ਵਿਰੋਧੀ'

ਗੈਂਗਸਟਰ ਅਨਮੋਲ ਬਿਸ਼ਨੋਈ ਨੂੰ ਅਮਰੀਕਾ ਤੋਂ ਡਿਪੋਰਟ ਕਰਨ ਤੋਂ ਬਾਅਦ ਉਸ ਦੇ ਚਚੇਰੇ ਭਰਾ ਰਮੇਸ਼ ਬਿਸ਼ਨੋਈ ਨੇ ਕੇਂਦਰ ਸਰਕਾਰ ਨੂੰ ਅਨਮੋਲ ਦੀ ਸੁਰੱਖਿਆ ਯਕੀਨੀ ਬਣਾਉਣ ਦੀ ਅਪੀਲ ਕੀਤੀ ਹੈ। ਲਾਰੈਂਸ ਬਿਸ਼ਨੋਈ ਦੇ ਪਰਿਵਾਰ ਨੇ ਕਿਹਾ ਕਿ ਉਹ ਕਈ ਵਿਰੋਧੀਆਂ ਤੇ ਗੈਂਗਸਟਰਾਂ ਦੇ ਨਿਸ਼ਾਨੇ 'ਤੇ ਹੋ ਸਕਦਾ ਹੈ। ਇਸ ਕਰ ਕੇ ਉਸ ਦੀ ਸੁਰੱਖਿਆ ਦੇ ਬਣਦੇ ਇੰਤਜ਼ਾਮ ਕੀਤੇ ਜਾਣ। ਰਮੇਸ਼ ਨੇ ਕਿਹਾ ਕਿ ਉਨ੍ਹਾਂ ਨੂੰ ਮੀਡੀਆ ਸੂਤਰਾਂ ਤੋਂ ਪਤਾ ਲੱਗਾ ਹੈ ਕਿ ਵਿਰੋਧੀ ਗਰੋਹ ਦੇ ਮੈਂਬਰ ਉਨ੍ਹਾਂ ਨੂੰ ਨੁਕਸਾਨ ਪਹੁੰਚਾ ਸਕਦੇ ਹਨ।

# ਕੈਲਗਰੀ ਦੇ ਹਸਪਤਾਲ 'ਚ ਜ਼ੇਰੇ ਇਲਾਜ ਗੈਂਗਸਟਰ ਫ਼ਰਾਰ

**ਵੈਨਕੂਵਰ, (ਪੰਜਾਬ ਮੇਲ)**– ਕੈਨੇਡਾ ਸਰਹੱਦੀ ਸੁਰੱਖਿਆ ਏਜੰਸੀ ਵਲੋਂ ਵੱਡਾ ਤਰੱਦਦ ਕਰਕੇ ਵੱਖ–ਵੱਖ ਅਪਰਾਧਾਂ ਹੇਠ ਗ੍ਰਿਫਤਾਰ ਕੀਤਾ ਗਿਆ ਕਥਿਤ ਗੈਂਗਸਟਰ ਜਗਦੀਪ ਸਿੰਘ ਕੈਲਗਰੀ ਦੇ ਰੌਕੀਵਿਊ ਹਸਪਤਾਲ 'ਚੋਂ ਫ਼ਰਾਰ ਹੋ ਗਿਆ। ਅਜੇ ਉਸ ਤੋਂ ਫਿਰੌਤੀਆਂ ਨਾਲ ਸਬੰਧਤ ਗੈਂਗਸਟਰ ਸਰਗਰਮੀਆਂ ਬਾਰੇ ਜਾਂਚ ਆਰੰਭੀ ਹੀ ਜਾਣ ਲੱਗੀ ਸੀ, ਪਰ ਉਸ ਨੇ ਬਿਮਾਰੀ ਦਾ ਬਹਾਨਾ ਬਣਾਇਆ, ਜਿਸ ਕਾਰਨ ਉਸ ਨੂੰ ਹਸਪਤਾਲ ਦਾਖਲ ਕਰਵਾਇਆ ਸੀ। ਸੀ.ਬੀ.ਐੱਸ.ਏ. ਵਲੋਂ ਵੱਖ–ਵੱਖ ਪੁਲਿਸ ਬਲਾਂ ਦੇ ਸਹਿਯੋਗ ਨਾਲ ਉਸ ਦੀ ਭਾਲ ਵਿਚ ਤੇਜ਼ੀ ਲਿਆਂਦੀ ਗਈ ਹੈ। ਏਜੰਸੀ ਵਲੋਂ ਗੈਰਕਾਨੂੰਨੀ ਢੰਗ ਨਾ ਰਹਿ ਰਹੇ ਲੋਕਾਂ ਦੀ ਫੜੋ ਫੜਾਈ ਮੌਕੇ ਅਚਾਨਕ ਜਗਦੀਪ ਕਾਬੂ ਆ ਗਿਆ ਸੀ। ਬੇਸ਼ੱਕ ਏਜੰਸੀ ਵਲੋਂ ਵਧੇਰੇ ਜਾਣਕਾਰੀ ਦੇਣ ਤੋਂ ਟਾਲਾ ਵੱਟਿਆ ਗਿਆ ਹੈ, ਪਰ ਸੂਤਰਾਂ ਅਨੁਸਾਰ ਏਜੰਸੀ ਨੂੰ ਉਸ ਦੀ ਪੁੱਛਗਿੱਛ ਦੌਰਾਨ ਵੱਡੇ ਅਪਰਾਧਾਂ ਬਾਰੇ ਖੁਲਾਸੇ ਹੋਣ ਦਾ ਵਿਸ਼ਵਾਸ ਹੈ।



*ਹਸਪਤਾਲ 'ਚੋਂ ਫਰਾਰ ਹੋਏ ਜਗਦੀਪ ਦੀ ਏਜੰਸੀ ਵਲੋਂ ਜਾਰੀ ਫਾਈਲ ਫੋਟੋ।*

## '84 ਸਿੱਖ ਕਤਲੇਆਮ ਮਾਮਲਾ : ਅਦਾਲਤ ਵੱਲੋਂ ਸੱਜਣ ਕੁਮਾਰ ਦੀ ਅਪੀਲ ਮਨਜ਼ੂਰ

**ਨਵੀਂ ਦਿੱਲੀ, (ਪੰਜਾਬ ਮੇਲ)**– ਦਿੱਲੀ ਹਾਈ ਕੋਰਟ ਨੇ 1984 ਸਿੱਖ ਕਤਲੇਆਮ ਦੇ ਕੇਸ 'ਚ ਉਮਰ ਕੈਦ ਦੀ ਸਜ਼ਾ ਕੱਟ ਰਹੇ ਸਾਬਕਾ ਕਾਂਗਰਸੀ ਆਗੂ ਸੱਜਣ ਕੁਮਾਰ ਦੀ ਅਪੀਲ ਸੁਣਵਾਈ ਲਈ ਮਨਜ਼ੂਰ ਕਰ ਲਈ ਹੈ। ਇਹ ਕੇਸ ਪਹਿਲੀ ਨਵੰਬਰ 1984 ਨੂੰ ਸਰਸਵਤੀ ਵਿਹਾਰ ਇਲਾਕੇ ਵਿਚ ਜਸਵੰਤ ਸਿੰਘ ਅਤੇ ਉਸ ਦੇ ਪੁੱਤਰ ਤਰੁਣਦੀਪ ਸਿੰਘ ਦੀ ਹੱਤਿਆ ਨਾਲ ਸਬੰਧਤ ਹੈ। ਜਸਟਿਸ ਵਿਵੇਕ ਚੌਧਰੀ ਅਤੇ ਜਸਟਿਸ ਮਨੋਜ ਜੈਨ ਦੇ ਬੈਂਚ ਨੇ ਸਜ਼ਾ ਮੁਅੱਤਲ ਕਰਨ ਦੀ ਅਰਜ਼ੀ 'ਤੇ ਜਾਂਚ ਏਜੰਸੀ ਤੋਂ ਜਵਾਬ ਮੰਗਿਆ ਹੈ।

## ਹਰਿਆਣਾ ਦਾ ਗੈਂਗਸਟਰ ਨੋਨੀ ਰਾਣਾ ਅਮਰੀਕਾ 'ਚ ਗ੍ਰਿਫਤਾਰ

**ਯਮੁਨਾਨਗਰ, (ਪੰਜਾਬ ਮੇਲ)**– ਹਰਿਆਣਾ ਦਾ ਬਦਨਾਮ ਅਤੇ ਮੋਸਟ ਵਾਂਟਿਡ ਗੈਂਗਸਟਰ ਨੋਨੀ ਰਾਣਾ ਆਖ਼ਿਰਕਾਰ ਅਮਰੀਕਾ 'ਚ ਪੁਲਿਸ ਦੇ ਹੱਥੇ ਚੜ੍ਹ ਗਿਆ ਹੈ। ਸ਼ੁਰੂਆਤੀ ਰਿਪੋਰਟਾਂ ਅਨੁਸਾਰ ਨੋਨੀ ਰਾਣਾ ਨੂੰ ਅਮਰੀਕਾ, ਕੈਨੇਡਾ ਦੇ ਨਾਇਗਰਾ ਬਾਰਡਰ ਤੋਂ ਹਿਰਾਸਤ 'ਚ ਲਿਆ ਗਿਆ, ਜਿੱਥੇ ਉਹ ਜਾਅਲੀ ਪਾਸਪੋਰਟ ਦੀ ਵਰਤੋਂ ਕਰ ਕੇ ਕੈਨੇਡਾ ਭੱਜਣ ਦੀ ਕੋਸ਼ਿਸ਼ 'ਚ ਸੀ। ਸੂਤਰਾਂ ਮੁਤਾਬਕ ਅਮਰੀਕੀ ਇਮੀਗ੍ਰੇਸ਼ਨ ਅਧਿਕਾਰੀਆਂ ਨੂੰ ਉਸ ਦੇ ਯਾਤਰਾ ਦਸਤਾਵੇਜ਼ਾਂ 'ਤੇ ਸ਼ੱਕ ਹੋਇਆ। ਪੁੱਛਗਿੱਛ ਦੌਰਾਨ ਉਸ ਨੇ ਪਛਾਣ ਲੁਕਾਉਣ ਦੀ ਕੋਸ਼ਿਸ਼ ਕੀਤੀ ਪਰ ਡੂੰਘਾਈ ਨਾਲ ਜਾਂਚ ਤੋਂ ਬਾਅਦ ਉਸ ਦੀ ਸਹੀ ਪਛਾਣ ਦੀ ਪੁਸ਼ਟੀ ਹੋਈ ਅਤੇ ਉਸ ਨੂੰ ਤੁਰੰਤ ਹਿਰਾਸਤ 'ਚ ਲੈ ਲਿਆ ਗਿਆ। ਹਰਿਆਣਾ ਪੁਲਿਸ ਦੀ ਸੀ.ਆਈ.ਏ. ਟੀਮ ਨੇ ਵੀ ਉਸ ਦੀ ਗ੍ਰਿਫਤਾਰੀ ਦੀ ਪੁਸ਼ਟੀ ਕੀਤੀ ਹੈ। ਹੁਣ ਅਮਰੀਕੀ ਅਧਿਕਾਰੀਆਂ ਨਾਲ ਗੱਲਬਾਤ ਤੋਂ ਬਾਅਦ ਭਾਰਤ ਵੱਲੋਂ ਉਸ ਦੀ ਕਸਟਡੀ ਲੈਣ ਦੀ ਪ੍ਰਕਿਰਿਆ ਸ਼ੁਰੂ ਹੋ ਚੁੱਕੀ ਹੈ। ਮੰਨਿਆ ਜਾ ਰਿਹਾ ਹੈ ਕਿ ਛੇਤੀ ਹੀ ਉਸ ਦੇ ਦੇਸ਼–ਨਿਕਾਲੇ ਜਾਂ ਹਵਾਲਗੀ 'ਤੇ ਫੈਸਲਾ ਹੋ ਸਕਦਾ ਹੈ। ਨੋਨੀ ਰਾਣਾ 'ਤੇ ਹੱਤਿਆ, ਹੱਤਿਆ ਦੀ ਕੋਸ਼ਿਸ਼, ਫਿਰੌਤੀ, ਗੈਂਗਵਾਰ ਸਮੇਤ ਲਗਭਗ 30 ਗੰਭੀਰ ਮਾਮਲੇ ਹਰਿਆਣਾ 'ਚ ਦਰਜ ਹਨ। ਪੁਲਿਸ ਰਿਕਾਰਡ ਅਨੁਸਾਰ ਉਹ ਵਿਦੇਸ਼ 'ਚ ਬੈਠ ਕੇ ਹਰਿਆਣਾ ਦੇ ਯਮੁਨਾਨਗਰ ਸਮੇਤ ਕਈ ਜ਼ਿਲ੍ਹਿਆਂ 'ਚ ਕਾਰੋਬਾਰੀਆਂ ਅਤੇ ਸ਼ਰਾਬ ਠੇਕੇਦਾਰਾਂ ਤੋਂ ਵ੍ਹਟਸਐਪ ਕਾਲ ਅਤੇ ਵ੍ਹਾਇਸ ਮੈਸੇਜ ਰਾਹੀਂ ਫਿਰੌਤੀ ਮੰਗਦਾ ਸੀ। ਇਸ ਗਰੋਹ ਨੇ ਪਿਛਲੇ ਸਾਲ ਰਾਦੌਰ ਦੇ ਖੇੜੀ ਲੱਖਾ ਸਿੰਘ ਤੀਹਰਾ ਹੱਤਿਆਕਾਂਡ ਨੂੰ ਵੀ ਅੰਜਾਮ ਦਿੱਤਾ ਸੀ, ਪੁਲਸ ਮੁਤਾਬਕ ਜਿਸ ਦਾ ਮਾਸਟਰਮਾਈਂਡ ਨੋਨੀ ਰਾਣਾ ਹੀ ਸੀ।

# ਬਿਸ਼ਨੋਈ ਗਿਰੋਹ ਦਾ ਸਾਬਕਾ ਮੈਂਬਰ ਜਗਦੀਪ ਸਿੰਘ ਉਰਫ਼ ਜੱਗਾ ਅਮਰੀਕਾ 'ਚ ਗ੍ਰਿਫ਼ਤਾਰ

**ਅਬੋਹਰ/ਸ੍ਰੀਗੰਗਾਨਗਰ, (ਪੰਜਾਬ ਮੇਲ)**– ਇਮੀਗ੍ਰੇਸ਼ਨ ਤੇ ਕਸਟਮਜ਼ ਐਨਫੋਰਸਮੈਂਟ ਨੇ ਲਾਰੈਂਸ ਬਿਸ਼ਨੋਈ ਗਿਰੋਹ ਦੇ ਸਾਬਕਾ ਸਰਗਰਮ ਮੈਂਬਰ ਤੇ ਮੌਜੂਦਾ ਸਮੇਂ ਰੋਹਿਤ ਗੋਦਾਰਾ ਗਿਰੋਹ ਲਈ ਕੰਮ ਕਰਦੇ ਗੈਂਗਸਟਰ ਜਗਦੀਪ ਸਿੰਘ ਉਰਫ਼ ਜੱਗਾ ਨੂੰ ਅਮਰੀਕਾ ਵਿਚ ਕੈਨੇਡਾ ਨਾਲ ਲੱਗਦੀ ਸਰਹੱਦ ਤੋਂ ਗ੍ਰਿਫਤਾਰ ਕੀਤਾ ਹੈ। ਜੱਗਾ ਦੀ ਗ੍ਰਿਫ਼ਤਾਰੀ ਵਿਚ ਰਾਜਸਥਾਨ ਪੁਲਿਸ ਦੀ ਐਂਟੀ–ਗੈਂਗਸਟਰ ਟਾਸਕ ਫੋਰਸ ਦੀ ਅਹਿਮ ਭੂਮਿਕਾ ਰਹੀ ਹੈ। ਏ.ਜੀ.ਟੀ.ਐੱਫ. ਨੇ ਗ੍ਰਿਫ਼ਤਾਰੀ ਦੀ ਪੁਸ਼ਟੀ ਕਰਦਿਆਂ ਕਿਹਾ ਕਿ ਜੱਗਾ ਨੂੰ ਭਾਰਤ ਵਾਪਸ ਲਿਆਉਣ ਲਈ ਕਾਨੂੰਨੀ ਚਾਰਾਜੋਈ ਸ਼ੁਰੂ ਕਰ ਦਿੱਤੀ ਗਈ ਹੈ। ਅਧਿਕਾਰਤ ਸੂਤਰਾਂ ਨੇ ਕਿਹਾ ਕਿ ਜੱਗਾ, ਜੋ ਧੂਰਕੋਟ ਪੰਜਾਬ ਦਾ ਵਸਨੀਕ ਹੈ, ਲੰਮੇ ਸਮੇਂ ਤੋਂ ਭਗੌੜਾ ਸੀ ਤੇ ਏ.ਜੀ.ਟੀ.ਐੱਫ. ਦੀਆਂ ਟੀਮਾਂ ਪੂਰੀ ਸਰਗਰਮੀ ਨਾਲ ਉਸ ਦੀ ਭਾਲ ਕਰ ਰਹੀਆਂ ਸਨ।



ਜੱਗੇ ਦਾ ਗਿਰੋਹ ਮੁੱਖ ਤੌਰ 'ਤੇ ਪੰਜਾਬ ਅਤੇ ਰਾਜਸਥਾਨ ਵਿਚ ਸਰਗਰਮ ਹੈ। ਉਸ ਖਿਲਾਫ ਪੰਜਾਬ ਵਿਚ ਇਕ ਦਰਜਨ ਤੋਂ ਵੱਧ ਮਾਮਲੇ ਦਰਜ ਹਨ ਅਤੇ ਅਦਾਲਤ ਨੇ ਉਸ ਨੂੰ ਭਗੌੜਾ ਭਗੌੜਾ ਅਪਰਾਧੀ ਐਲਾਨਿਆ ਹੋਇਆ ਹੈ। ਮਾਰਚ 2017 'ਚ ਜੱਗਾ ਨੂੰ ਜੋਧਪੁਰ ਦੇ ਪ੍ਰਤਾਪ ਨਗਰ ਥਾਣਾ ਖੇਤਰ 'ਚ ਡਾ. ਸੁਨੀਲ ਚੰਦਕ 'ਤੇ ਫਾਇਰਿੰਗ ਅਤੇ ਜਾਨੋਂ ਮਾਰਨ ਦੀਆਂ ਧਮਕੀਆਂ ਦੇਣ ਦੇ ਮਾਮਲੇ ਵਿਚ ਲਾਰੈਂਸ ਬਿਸ਼ਨੋਈ ਅਤੇ ਅਨਮੋਲ ਬਿਸ਼ਨੋਈ ਨਾਲ ਜੇਲ੍ਹ ਭੇਜਿਆ ਗਿਆ ਸੀ। ਉਹ ਸਤੰਬਰ 2017 ਵਿਚ ਜੋਧਪੁਰ ਦੇ ਸਰਦਾਰਪੁਰਾ ਥਾਣਾ ਖੇਤਰ ਵਿਚ ਵਾਸੂਦੇਵ ਅਸਰਾਨੀ ਦੇ ਕਤਲ ਵਿਚ ਵੀ ਸ਼ਾਮਲ ਸੀ। ਜ਼ਮਾਨਤ ਮਿਲਣ ਤੋਂ ਬਾਅਦ, ਉਹ ਕਰੀਬ ਤਿੰਨ ਸਾਲ ਪਹਿਲਾਂ ਦੁਬਈ ਭੱਜ ਗਿਆ ਸੀ ਅਤੇ ਉਥੋਂ ਗੈਰਕਾਨੂੰਨੀ ਤਰੀਕੇ ਨਾਲ ਅਮਰੀਕਾ ਚਲਾ ਗਿਆ ਸੀ।

ਇਸ ਮਹੀਨੇ ਦੌਰਾਨ ਰਾਜਸਥਾਨ ਏ.ਜੀ.ਟੀ.ਐੱਫ. ਦੀ ਇਹ ਦੂਜੀ ਵੱਡੀ ਪ੍ਰਾਪਤੀ ਹੈ। ਇਸ ਤੋਂ ਪਹਿਲਾਂ ਏ.ਜੀ.ਟੀ.ਐੱਫ. ਅਤੇ ਐੱਨ.ਆਈ.ਏ. ਦੀ ਇੰਟਰਪੋਲ ਸ਼ਾਖਾ ਵੱਲੋਂ ਸਾਂਝੇ ਰੂਪ 'ਚ ਚਲਾਏ ਇਕ ਕੌਮਾਂਤਰੀ ਆਪ੍ਰੇਸ਼ਨ ਤੋਂ ਬਾਅਦ ਲਾਰੈਂਸ ਬਿਸ਼ਨੋਈ–ਰੋਹਿਤ ਗੋਦਾਰਾ–ਗੋਲਡੀ ਬਰਾੜ ਗੈਂਗ ਨੈੱਟਵਰਕ ਦੇ ਇਕ ਮੁੱਖ ਮੈਂਬਰ ਅਮਿਤ ਸ਼ਰਮਾ ਉਰਫ਼ ਜੈਕ ਪੰਡਿਤ ਨੂੰ ਅਮਰੀਕਾ ਵਿਚ ਹਿਰਾਸਤ 'ਚ ਲਿਆ ਗਿਆ ਸੀ।

# ਕੈਨੇਡਾ ਅੰਬੈਸੀ ਵੱਲੋਂ ਆਪਣੇ ਨਾਗਰਿਕਾਂ ਨੂੰ ਅਟਾਰੀ ਬਾਰਡਰ ਨਾ ਜਾਣ ਲਈ ਅਲਰਟ ਜਾਰੀ

**ਅੰਮ੍ਰਿਤਸਰ, (ਪੰਜਾਬ ਮੇਲ)**– ਆਪ੍ਰੇਸ਼ਨ ਸਿੰਧੂਰ ਅਤੇ ਦਿੱਲੀ ਬੰਬ ਧਮਾਕਿਆਂ ਦੀ ਘਟਨਾ ਤੋਂ ਬਾਅਦ ਕੈਨੇਡਾ ਦੀ ਅੰਬੈਸੀ ਆਪਣੇ ਨਾਗਰਿਕਾਂ ਨੂੰ ਜੇ.ਸੀ.ਪੀ. ਅਟਾਰੀ ਬਾਰਡਰ ਪਰੇਡ ਸਥਾਨ 'ਤੇ ਨਾ ਜਾਣ ਦੇ ਨਿਰਦੇਸ਼ ਦੇ ਰਹੀ ਹੈ। ਜਾਣਕਾਰੀ ਅਨੁਸਾਰ ਕੈਨੇਡਾ ਤੋਂ ਭਾਰਤ ਵਿਚ ਆ ਕੇ ਜੇ.ਸੀ.ਪੀ. ਅਟਾਰੀ ਸਰਹੱਦ 'ਤੇ ਬੀ.ਐੱਸ.ਐੱਫ. ਦੀ ਰੀਟ੍ਰੀਟ ਸੈਰਾਮਨੀ ਪਰੇਡ ਦੇਖਣ ਲਈ ਆਏ ਸੈਲਾਨੀਆਂ ਨੂੰ ਅੰਬੈਸੀ ਵੱਲੋਂ ਈਮੇਲ ਅਤੇ ਹੋਰਨਾਂ ਰਾਹੀਂ ਮੈਸੇਜ ਭੇਜੇ ਜਾ ਰਹੇ ਹਨ, ਜਿਸ ਨਾਲ ਕਈ ਵਿਦੇਸ਼ੀ ਸੈਲਾਨੀ ਅੰਮ੍ਰਿਤਸਰ ਆ ਕੇ ਪਰੇਡ ਸਥਾਨ ਵੱਲ ਨਹੀਂ ਜਾਂਦੇ ਹਨ, ਜਦਕਿ ਰੀਟ੍ਰੀਟ ਸੈਰਾਮਨੀ ਪਰੇਡ ਸਥਾਨ 'ਤੇ ਕੋਈ ਤਣਾਅਪੂਰਨ ਹਾਲਾਤ ਨਹੀਂ ਹਨ।

ਕੁਝ ਸੈਲਾਨੀ ਤਾਂ ਅਜਿਹੇ ਹੁੰਦੇ ਹਨ, ਜੋ ਭਾਰਤੀ ਮੂਲ ਦੇ ਹੁੰਦੇ ਹਨ ਪਰ ਇੰਨੀ ਦੂਰ ਅੰਮ੍ਰਿਤਸਰ ਆਉਣ 'ਤੇ ਉਨ੍ਹਾਂ ਨੂੰ ਨਿਰਾਸ਼ ਹੋ ਕੇ ਵਾਪਸ ਪਰਤਣਾ ਪੈਂਦਾ ਹੈ। ਰੀਟ੍ਰੀਟ ਸੈਰਾਮਨੀ ਪਰੇਡ ਦੀ ਗੱਲ ਕਰੀਏ, ਤਾਂ ਆਪ੍ਰੇਸ਼ਨ ਸਿੰਧੂਰ ਦੌਰਾਨ ਟੂਰਿਸਟ ਗੈਲਰੀ ਨੂੰ ਦਰਸ਼ਕਾਂ ਲਈ ਬੰਦ ਕਰ ਦਿੱਤਾ ਗਿਆ ਸੀ, ਕੋਵਿਡ ਦੇ ਸਮੇਂ ਵੀ ਟੂਰਿਸਟ ਗੈਲਰੀ ਬੰਦ ਕੀਤੀ ਗਈ ਸੀ। ਹਾਲਾਂਕਿ, ਆਪ੍ਰੇਸ਼ਨ ਸਿੰਧੂਰ ਤੋਂ ਬਾਅਦ ਅਜੇ ਵੀ ਬੀ.ਐੱਸ.ਐੱਫ. ਵਲੋਂ ਜ਼ੀਰੋ ਲਾਈਨ ਵਾਲੇ ਗੇਟ ਨਹੀਂ ਖੋਲ੍ਹੇ ਜਾਂਦੇ ਹਨ ਅਤੇ ਪਾਕਿਸਤਾਨ ਰੇਂਜਰਾਂ ਨਾਲ ਹੱਥ ਨਹੀਂ ਮਿਲਾਇਆ ਜਾਂਦਾ ਹੈ।






# ਨਵੀਆਂ ਅਮਰੀਕੀ ਪਾਬੰਦੀਆਂ ਲਾਗੂ ਹੋਣ ਨਾਲ ਭਾਰਤ 'ਚ ਰੂਸੀ ਤੇਲ ਦੀ ਦਰਾਮਦ ਤੇਜ਼ੀ ਹੋਵੇਗੀ ਪ੍ਰਭਾਵਿਤ!

**ਨਵੀਂ ਦਿੱਲੀ, (ਪੰਜਾਬ ਮੇਲ)**- ਰੂਸੀ ਕੱਚੇ ਤੇਲ ਦੇ ਪ੍ਰਮੁੱਖ ਬਰਾਮਦਕਾਰਾਂ 'ਤੇ ਅਮਰੀਕਾ ਦੀਆਂ ਨਵੀਆਂ ਪਾਬੰਦੀਆਂ ਪੂਰੀ ਤਰ੍ਹਾਂ ਲਾਗੂ ਹੋਣ ਤੋਂ ਬਾਅਦ ਊਰਜਾ ਬਾਜ਼ਾਰ ਨਾਲ ਜੁੜੇ ਵਿਸ਼ਲੇਸ਼ਕਾਂ ਦਾ ਮੰਨਣਾ ਹੈ ਕਿ ਭਾਰਤ 'ਚ ਰੂਸੀ ਤੇਲ ਦੀ ਦਰਾਮਦ ਨਜ਼ਦੀਕੀ ਭਵਿੱਖ 'ਚ ਤੇਜ਼ੀ ਨਾਲ ਘਟੇਗੀ, ਹਾਲਾਂਕਿ ਇਹ ਪੂਰੀ ਤਰ੍ਹਾਂ ਬੰਦ ਨਹੀਂ ਹੋਵੇਗੀ।

ਰਾਸਨੈਫਟ ਅਤੇ ਲੁਕੋਇਲ ਅਤੇ ਉਨ੍ਹਾਂ ਦੀ ਬਹੁਮਤ ਮਾਲਕੀ ਵਾਲੀਆਂ ਸਹਾਇਕ ਕੰਪਨੀਆਂ 'ਤੇ ਅਮਰੀਕੀ ਪਾਬੰਦੀ 21 ਨਵੰਬਰ ਤੋਂ ਲਾਗੂ ਹੋ ਗਈ। ਇਸ ਨਾਲ ਹੁਣ ਇਨ੍ਹਾਂ ਕੰਪਨੀਆਂ ਦਾ ਕੱਚਾ ਤੇਲ ਖਰੀਦਣਾ ਜਾਂ ਵੇਚਣਾ ਲਗਭਗ ਨਾ-ਮੁਮਕਿਨ ਹੋ ਗਿਆ ਹੈ। ਭਾਰਤ ਨੇ ਇਸ ਸਾਲ ਔਸਤਨ 17 ਲੱਖ ਬੈਰਲ ਰੋਜ਼ਾਨਾ ਰੂਸੀ ਤੇਲ ਦੀ ਦਰਾਮਦ ਕੀਤੀ ਅਤੇ ਪਾਬੰਦੀਆਂ ਤੋਂ ਪਹਿਲਾਂ ਇਹ ਮਜ਼ਬੂਤ ਬਣਿਆ ਰਿਹਾ। ਨਵੰਬਰ 'ਚ ਦਰਾਮਦ 18-19 ਲੱਖ ਬੈਰਲ ਰੋਜ਼ਾਨਾ ਰਹਿਣ ਦਾ ਅੰਦਾਜ਼ਾ ਹੈ ਕਿਉਂਕਿ ਰਿਫਾਇਨਰੀਆਂ ਸਸਤੇ ਤੇਲ ਦੀ ਆਪਣੀ ਖਰੀਦ ਨੂੰ ਵੱਧ ਤੋਂ ਵੱਧ ਕਰ ਰਹੀਆਂ ਹਨ। ਅੱਗੇ ਚੱਲ ਕੇ ਦਸੰਬਰ ਅਤੇ ਜਨਵਰੀ 'ਚ ਸਪਲਾਈ 'ਚ ਸਪੱਸ਼ਟ ਗਿਰਾਵਟ ਆਉਣ ਦੀ ਉਮੀਦ ਹੈ।

ਵਿਸ਼ਲੇਸ਼ਕਾਂ ਅਨੁਸਾਰ ਇਹ ਘੱਟ ਕੇ ਲਗਭਗ 4 ਲੱਖ ਬੈਰਲ ਰੋਜ਼ਾਨਾ ਤੱਕ ਰਹਿ ਸਕਦੀ ਹੈ। ਰਵਾਇਤੀ ਤੌਰ 'ਤੇ ਪੱਛਮੀ ਏਸ਼ੀਆਈ ਤੇਲ 'ਤੇ ਨਿਰਭਰ ਭਾਰਤ ਨੇ ਫਰਵਰੀ 2022 'ਚ ਯੂਕਰੇਨ 'ਤੇ ਹਮਲੇ ਤੋਂ ਬਾਅਦ ਰੂਸ ਤੋਂ ਆਪਣੀ ਤੇਲ ਦਰਾਮਦ 'ਚ ਕਾਫੀ ਵਾਧਾ ਕੀਤਾ। ਪੱਛਮੀ ਪਾਬੰਦੀ ਅਤੇ ਯੂਰਪੀ ਮੰਗ 'ਚ ਕਮੀ ਕਾਰਨ ਰੂਸ ਤੋਂ ਤੇਲ ਭਾਰੀ ਛੋਟ 'ਤੇ ਉਪਲੱਬਧ ਹੋਇਆ।

ਨਤੀਜੇ ਵਜੋਂ ਭਾਰਤ ਦੀ ਰੂਸੀ ਕੱਚੇ ਤੇਲ ਦੀ ਦਰਾਮਦ ਕੁਲ ਦਰਾਮਦ ਦਾ ਇਕ ਫੀਸਦੀ ਤੋਂ ਵਧ ਕੇ ਲਗਭਗ 40 ਫੀਸਦੀ ਤੱਕ ਪਹੁੰਚ ਗਿਆ। ਨਵੰਬਰ 'ਚ ਵੀ ਰੂਸ ਭਾਰਤ ਦਾ ਸਭ ਤੋਂ ਵੱਡਾ ਸਪਲਾਇਰ ਬਣਿਆ ਰਿਹਾ, ਜੋ ਕੁੱਲ ਦਰਾਮਦ ਦਾ ਲਗਭਗ ਇਕ ਤਿਹਾਈ ਹੈ।

ਰੋਜ਼ਾਨਾਂ ਤਾਜ਼ੀਆਂ ਖਬਰਾਂ ਪੜ੍ਹਨ ਲਈ ਪੰਜਾਬ ਮੇਲ ਦੀ ਵੈੱਬਸਾਇਟ 'ਤੇ ਕਲਿੱਕ ਕਰੋ : www.punjabmailusa.com

## ਸਾਬਕਾ ਬ੍ਰਿਟਿਸ਼ ਪ੍ਰਧਾਨ ਮੰਤਰੀ ਜੌਨਸਨ ਦੀ ਲਾਪ੍ਰਵਾਹੀ ਕਾਰਨ ਕੋਵਿਡ 'ਚ ਹੋਈਆਂ 23,000 ਮੌਤਾਂ

**ਲੰਡਨ, (ਪੰਜਾਬ ਮੇਲ)**- ਬ੍ਰਿਟੇਨ ਦੀ ਕੋਵਿਡ ਜਾਂਚ ਰਿਪੋਰਟ 'ਚ ਖੁਲਾਸਾ ਹੋਇਆ ਹੈ ਕਿ ਸਾਬਕਾ ਪ੍ਰਧਾਨ ਮੰਤਰੀ ਬੋਰਿਸ ਜੌਨਸਨ ਦੇ ਦੇਰੀ ਨਾਲ ਲਏ ਗਏ ਫੈਸਲਿਆਂ ਕਾਰਨ ਦੇਸ਼ 'ਚ 23,000 ਤੋਂ ਵੱਧ ਮੌਤਾਂ ਹੋਈਆਂ। ਰਿਪੋਰਟ ਅਨੁਸਾਰ ਜੌਨਸਨ ਸ਼ੁਰੂ 'ਚ ਵਾਇਰਸ ਦੀ ਗੰਭੀਰਤਾ ਨੂੰ ਸਮਝ ਹੀ ਨਹੀਂ ਸਕੇ ਅਤੇ ਲਾਕਡਾਊਨ ਲਾਉਣ 'ਚ ਦੇਰੀ ਕਰਦੇ ਰਹੇ। ਰਿਪੋਰਟ ਦੀ ਚੇਅਰਪਰਸਨ, ਸਾਬਕਾ ਜੱਜ ਹੀਥਰ ਹੈਲੇਟ ਨੇ ਕਿਹਾ ਕਿ ਮਹਾਮਾਰੀ ਦੌਰਾਨ ਜੌਨਸਨ ਲਗਾਤਾਰ ਫੈਸਲੇ ਬਦਲਦੇ ਸਨ ਅਤੇ ਕਈ ਅਹਿਮ ਸੁਝਾਅ ਨਜ਼ਰਅੰਦਾਜ਼ ਕੀਤੇ ਗਏ।

## ਮਹਿਲਾ ਵਿਸ਼ਵ ਕਬੱਡੀ ਕੱਪ: ਭਾਰਤ ਨੇ ਚੀਨੀ ਤੈਪੇਈ ਨੂੰ ਹਰਾ ਕੇ ਜਿੱਤਿਆ ਖਿਤਾਬ



**ਢਾਕਾ, (ਪੰਜਾਬ ਮੇਲ)**- ਇੱਥੇ ਮਹਿਲਾ ਵਿਸ਼ਵ ਕਬੱਡੀ ਕੱਪ ਦੇ ਫਾਈਨਲ ਮੈਚ 'ਚ ਭਾਰਤੀ ਟੀਮ ਨੇ ਚੀਨੀ ਤੈਪੇਈ ਨੂੰ 35-28 ਨਾਲ ਹਰਾਇਆ। ਭਾਰਤੀ ਟੀਮ ਨੇ ਵਿਸ਼ਵ ਕੱਪ ਦਾ ਖਿਤਾਬ ਲਗਾਤਾਰ ਦੂਜੀ ਵਾਰ ਹਾਸਲ ਕੀਤਾ ਹੈ। ਭਾਰਤੀ ਟੀਮ ਨੇ ਇਸ ਮੌਕੇ ਚੀਨੀ ਤੈਪੇਈ ਨੂੰ 35-28 ਨਾਲ ਹਰਾਇਆ। ਇਸ ਟੂਰਨਾਮੈਂਟ ਵਿਚ ਕੁੱਲ 11 ਦੇਸ਼ਾਂ ਨੇ ਹਿੱਸਾ ਲਿਆ ਸੀ। ਭਾਰਤ ਨੇ ਲੀਗ ਮੁਕਾਬਲੇ 'ਚ ਥਾਈਲੈਂਡ, ਬੰਗਲਾਦੇਸ਼, ਜਰਮਨੀ ਤੇ ਯੂਗਾਂਡਾ ਨੂੰ ਹਰਾਇਆ। ਭਾਰਤੀ ਟੀਮ ਨੇ ਮਾਰਚ ਵਿਚ ਏਸ਼ਿਆਈ ਚੈਂਪੀਅਨਸ਼ਿਪ ਜਿੱਤੀ ਸੀ ਤੇ ਇਹ ਭਾਰਤ ਦਾ ਦੂਜਾ ਵੱਡਾ ਖਿਤਾਬ ਹੈ।

ਪਹਿਲਾਂ ਇਸ ਮੁਕਾਬਲੇ ਵਿਚ ਘੱਟ ਟੀਮਾਂ ਹਿੱਸਾ ਲੈਂਦੀਆਂ ਸਨ ਪਰ ਮਹਿਲਾ ਕਬੱਡੀ ਵਿਚ ਖਿਡਾਰੀਆਂ ਦੀ ਰੁਚੀ ਦਿਨੋਂ-ਦਿਨ ਵਧ ਰਹੀ ਹੈ।

ਦੂਜੇ ਪਾਸੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਐਕਸ 'ਤੇ ਪੋਸਟ ਪਾਉਂਦਿਆਂ ਭਾਰਤੀ ਟੀਮ ਨੂੰ ਵਧਾਈ ਦਿੱਤੀ ਹੈ। ਉਨ੍ਹਾਂ ਲਿਖਿਆ, 'ਭਾਰਤੀ ਮਹਿਲਾ ਕਬੱਡੀ ਟੀਮ ਨੇ ਵਿਸ਼ਵ ਕੱਪ 2025 ਜਿੱਤ ਕੇ ਦੇਸ਼ ਦਾ ਮਾਣ ਵਧਾਇਆ ਹੈ। ਭਾਰਤੀ ਟੀਮ ਨੇ ਜ਼ਬਰਦਸਤ ਖੇਡ ਦਿਖਾਈ ਤੇ ਉਨ੍ਹਾਂ ਦੀ ਜਿੱਤ ਨਾਲ ਨੌਜਵਾਨ ਖਿਡਾਰੀਆਂ ਨੂੰ ਕਬੱਡੀ ਖੇਡਣ ਤੇ ਵੱਡੇ ਸੁਫਨੇ ਦੇਖਣ ਤੇ ਵੱਡੇ ਟੀਚੇ ਹਾਸਲ ਕਰਨ ਦੀ ਪ੍ਰੇਰਨਾ ਮਿਲੇਗੀ।

ਉਨ੍ਹਾਂ ਤੋਂ ਇਲਾਵਾ ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਵੀ ਟੀਮ ਨੂੰ ਵਧਾਈ ਦਿੱਤੀ ਹੈ। ਉਨ੍ਹਾਂ ਕਿਹਾ ਕਿ ਭਾਰਤੀ ਟੀਮ ਨੇ ਦਿਖਾ ਦਿੱਤਾ ਹੈ ਕਿ ਭਾਰਤ ਵਾਸੀਆਂ ਵਿਚ ਖੇਡਾਂ ਪ੍ਰਤੀ ਜਨੂੰਨ ਸਿਖਰ 'ਤੇ ਹੈ। ਭਾਰਤੀ ਟੀਮ ਨੂੰ ਵਧਾਈਆਂ।

# ਬੰਗਲਾਦੇਸ਼ ਨੇ ਭਾਰਤ ਤੋਂ ਮੁੜ ਸ਼ੇਖ ਹਸੀਨਾ ਦੀ ਹਵਾਲਗੀ ਮੰਗੀ



**ਢਾਕਾ, (ਪੰਜਾਬ ਮੇਲ)**- ਬੰਗਲਾਦੇਸ਼ ਦੀ ਕੌਮਾਂਤਰੀ ਅਪਰਾਧ ਟ੍ਰਿਬਿਊਨਲ ਵੱਲੋਂ ਗੱਦੀਓਂ ਲਾਹੀ ਪ੍ਰਧਾਨ ਮੰਤਰੀ ਸ਼ੇਖ ਹਸੀਨਾ ਨੂੰ ਮੌਤ ਦੀ ਸਜ਼ਾ ਸੁਣਾਏ ਜਾਣ ਤੋਂ ਕੁਝ ਦਿਨ ਬਾਅਦ ਮੁਲਕ ਦੀ ਅੰਤਰਿਮ ਸਰਕਾਰ ਨੇ ਭਾਰਤੀ ਵਿਦੇਸ਼ ਮੰਤਰਾਲੇ ਨੂੰ ਲਿਖੇ ਪੱਤਰ ਵਿਚ ਹਸੀਨਾ ਦੀ ਹਵਾਲਗੀ ਦੀ ਮੰਗ ਕੀਤੀ ਹੈ।

ਰਿਪੋਰਟ ਅਨੁਸਾਰ ਅਧਿਕਾਰੀਆਂ ਨੇ ਪੁਸ਼ਟੀ ਕੀਤੀ ਕਿ ਰੋਹਿੰਗਿਆ ਮੁੱਦੇ ਲਈ ਉੱਚ ਪ੍ਰਤੀਨਿਧੀ ਖਲੀਲੁਰ ਰਹਿਮਾਨ ਦੇ ਨਵੀਂ ਦਿੱਲੀ ਵਿਚ ਇੱਕ ਸਮਾਗਮ ਤੋਂ ਵਾਪਸ ਆਉਣ ਤੋਂ ਥੋੜ੍ਹੀ ਦੇਰ ਬਾਅਦ ਭਾਰਤ ਨੂੰ ਇੱਕ ਨਵਾਂ ਕੂਟਨੀਤਕ ਨੋਟ ਭੇਜਿਆ ਗਿਆ ਸੀ। ਵਿਦੇਸ਼ ਮਾਮਲਿਆਂ ਦੇ ਸਲਾਹਕਾਰ ਤੌਹੀਦ ਹੁਸੈਨ ਨੇ ਐਤਵਾਰ ਨੂੰ ਪੱਤਰਕਾਰਾਂ ਨੂੰ ਦੱਸਿਆ ਕਿ ਢਾਕਾ ਨੇ ਹਸੀਨਾ ਦੀ ਵਾਪਸੀ ਬਾਰੇ ਭਾਰਤ ਨਾਲ ਰਸਮੀ ਤੌਰ 'ਤੇ ਮੁੜ ਗੱਲਬਾਤ ਕੀਤੀ ਹੈ, ਪਰ ਹੋਰ ਵੇਰਵਿਆਂ ਦਾ ਖੁਲਾਸਾ ਨਹੀਂ ਕੀਤਾ। ਨਵੀਂ ਦਿੱਲੀ ਵਿਚ ਇੱਕ ਕੂਟਨੀਤਕ ਸੂਤਰ ਨੇ ਯੂਨਾਈਟਿਡ ਨਿਊਜ਼ ਆਫ਼ ਬੰਗਲਾਦੇਸ਼ ਨੂੰ ਦੱਸਿਆ ਕਿ ਉਪਰੋਕਤ ਨੋਟ ਵਰਬਲ ਕੋਲੰਬੋ ਸੁਰੱਖਿਆ ਸੰਮੇਲਨ ਦੀ 7ਵੀਂ ਰਾਸ਼ਟਰੀ ਸੁਰੱਖਿਆ ਸਲਾਹਕਾਰਾਂ ਦੀ ਮੀਟਿੰਗ ਤੋਂ ਫੌਰੀ ਮਗਰੋਂ ਭੇਜਿਆ ਗਿਆ ਸੀ। ਇਸ ਸਮਾਗਮ ਵਿਚ ਖਲੀਲੁਰ ਰਹਿਮਾਨ ਨੇ ਵੀਰਵਾਰ ਨੂੰ ਸ਼ਿਰਕਤ ਕੀਤੀ ਸੀ। ਯਾਦ ਰਹੇ ਕਿ ਇਸ ਹਫ਼ਤੇ ਦੀ ਸ਼ੁਰੂਆਤ ਵਿਚ ਕੌਮੀ ਅਪਰਾਧ ਟ੍ਰਿਬਿਊਨਲ ਨੇ ਹਸੀਨਾ ਅਤੇ ਦੇਸ਼ ਦੇ ਸਾਬਕਾ ਗ੍ਰਹਿ ਮੰਤਰੀ ਅਸਦੁਜ਼ਮਾਨ ਖਾਨ ਕਮਾਲ ਨੂੰ ਪਿਛਲੇ ਸਾਲ ਜੁਲਾਈ-ਅਗਸਤ ਵਿਚ ਹੋਈ ਅਸ਼ਾਂਤੀ ਦੌਰਾਨ ਮਨੁੱਖਤਾ ਵਿਰੁੱਧ ਅਪਰਾਧਾਂ ਨਾਲ ਸਬੰਧਤ ਇੱਕ ਮਾਮਲੇ ਵਿਚ ਮੌਤ ਦੀ ਸਜ਼ਾ ਸੁਣਾਈ ਸੀ। ਵਾਅਦਾ ਮੁਆਫ਼ ਗਵਾਹ ਬਣੇ ਸਾਬਕਾ ਪੁਲੀਸ ਮੁਖੀ ਚੌਧਰੀ ਅਬਦੁੱਲਾ ਅਲ-ਮਾਮੂਨ ਨੂੰ ਪੰਜ ਸਾਲ ਕੈਦ ਦੀ ਸਜ਼ਾ ਸੁਣਾਈ ਗਈ। ਢਾਕਾ ਟ੍ਰਿਬਿਊਨ ਦੀ ਰਿਪੋਰਟ ਅਨੁਸਾਰ ਇਸ ਫੈਸਲੇ ਮਗਰੋਂ ਢਾਕਾ ਨੇ ਭਾਰਤ ਨੂੰ ਅਪੀਲ ਕੀਤੀ ਕਿ ਉਹ ਦੋਵਾਂ ਮੁਜਰਮਾਂ ਨੂੰ ਬਿਨਾਂ ਕਿਸੇ ਦੇਰੀ ਦੇ ਉਨ੍ਹਾਂ ਦੇ ਹਵਾਲੇ ਕਰੇ। ਤੌਹੀਦ ਹੁਸੈਨ ਨੇ ਕਿਹਾ ਕਿ ਬੰਗਲਾਦੇਸ਼ ਭਾਰਤ ਨੂੰ ਆਪਣੀ ਸਥਿਤੀ ਬਾਰੇ ਰਸਮੀ ਤੌਰ 'ਤੇ ਸੂਚਿਤ ਕਰੇਗਾ। ਬੰਗਲਾਦੇਸ਼ ਦੇ ਵਿਦੇਸ਼ ਮੰਤਰਾਲੇ ਨੇ ਢਾਕਾ ਟ੍ਰਿਬਿਊਨ ਦੇ ਹਵਾਲੇ ਨਾਲ ਇੱਕ ਬਿਆਨ ਵਿਚ ਕਿਹਾ, "ਇਹ ਦੋਵਾਂ ਦੇਸ਼ਾਂ ਵਿਚਕਾਰ ਮੌਜੂਦਾ ਹਵਾਲਗੀ ਸੰਧੀ ਤਹਿਤ ਭਾਰਤ ਲਈ ਵੀ ਇੱਕ ਜ਼ਿੰਮੇਵਾਰੀ ਹੈ। ਇਹ ਕਿਸੇ ਵੀ ਹੋਰ ਦੇਸ਼ ਲਈ ਮਨੁੱਖਤਾ ਵਿਰੁੱਧ ਅਪਰਾਧਾਂ ਦੇ ਦੋਸ਼ੀ ਠਹਿਰਾਏ ਗਏ ਇਨ੍ਹਾਂ ਵਿਅਕਤੀਆਂ ਨੂੰ ਪਨਾਹ ਦੇਣਾ ਇੱਕ ਗੰਭੀਰ ਗੈਰ-ਦੋਸਤਾਨਾ ਵਿਵਹਾਰ ਅਤੇ ਨਿਆਂ ਦਾ ਮਖੌਲ ਹੋਵੇਗਾ।"

ਸਫਾ 1 ਦਾ ਬਾਕੀ

### ਬੇਅੰਤ ਸਿੰਘ ਕਤਲ ਕੇਸ; ਮੁੱਖ ਗਵਾਹ...

ਨਤੀਜੇ ਵਜੋਂ, ਉਨ੍ਹਾਂ ਨੂੰ ਪਿਛਲੇ ਦੋ ਦਹਾਕਿਆਂ ਤੋਂ ਅੱਤਵਾਦੀਆਂ ਤੋਂ ਲਗਾਤਾਰ ਧਮਕੀਆਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਪੰਜਾਬ ਅਤੇ ਚੰਡੀਗੜ੍ਹ ਪੁਲਿਸ ਦੇ ਨਾਲ-ਨਾਲ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਨੇ ਵਾਰ-ਵਾਰ ਉਨ੍ਹਾਂ ਦੀ ਗੰਭੀਰ ਧਮਕੀ ਦੀ ਸਥਿਤੀ ਨੂੰ ਸਵੀਕਾਰ ਕੀਤਾ ਹੈ। ਹਾਈ ਕੋਰਟ ਦੇ ਹੁਕਮਾਂ 'ਤੇ 2011 ਵਿਚ ਚੰਡੀਗੜ੍ਹ ਪੁਲਿਸ ਨੇ ਉਨ੍ਹਾਂ ਨੂੰ ਇੱਕ ਉੱਚ-ਪੱਧਰੀ ਸੁਰੱਖਿਆ ਪ੍ਰਣਾਲੀ ਪ੍ਰਦਾਨ ਕੀਤੀ, ਜਿਸ ਵਿਚ 5 ਨਿੱਜੀ ਸੁਰੱਖਿਆ ਅਧਿਕਾਰੀ (ਪੀ.ਐੱਸ.ਓ.), 24 ਘੰਟੇ ਤਾਇਨਾਤ ਗਾਰਡ, ਐਸਕਾਰਟ ਮੋਟਰਸਾਈਕਲ ਅਤੇ ਉਨ੍ਹਾਂ ਦੀ ਰਿਹਾਇਸ਼ ਦੇ ਬਾਹਰ ਗਸ਼ਤ ਕਰਨ ਵਾਲੇ ਵਾਹਨ ਸ਼ਾਮਲ ਸਨ। ਇਹ ਸੁਰੱਖਿਆ ਪ੍ਰਬੰਧ ਸਾਲਾਂ ਤੋਂ ਜਾਰੀ ਰਿਹਾ ਪਰ ਹੁਣ ਪੂਰੀ ਤਰ੍ਹਾਂ ਹਟਾ ਦਿੱਤਾ ਗਿਆ ਹੈ, ਜਿਸ ਕਾਰਨ ਉਸਦੀ ਚਿੰਤਾ ਵਧ ਗਈ ਹੈ। ਸੁਰੱਖਿਆ ਦੀ ਘਾਟ ਦਾ ਸਾਹਮਣਾ ਕਰਦੇ ਹੋਏ ਬਿੱਟੂ ਨੇ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਤੱਕ ਵੀ ਪਹੁੰਚ ਕੀਤੀ ਹੈ। ਸੁਣਵਾਈ ਦੌਰਾਨ, ਚੰਡੀਗੜ੍ਹ ਪੁਲਿਸ ਨੇ ਅਦਾਲਤ ਨੂੰ ਭਰੋਸਾ ਦਿੱਤਾ ਕਿ ਉਨ੍ਹਾਂ ਨੂੰ ਜਲਦੀ ਹੀ ਸੁਰੱਖਿਆ ਪ੍ਰਦਾਨ ਕੀਤੀ ਜਾਵੇਗੀ ਪਰ ਹੁਣ ਤੱਕ ਕੋਈ ਠੋਸ ਕਾਰਵਾਈ ਨਹੀਂ ਕੀਤੀ ਗਈ ਹੈ।

## ਮੂਸੇਵਾਲਾ ਦੇ ਪਿਤਾ ਨੂੰ ਜਾਨੋਂ ਮਾਰਨ ਦੀ ਧਮਕੀ



**ਮਾਨਸਾ, (ਪੰਜਾਬ ਮੇਲ)**- ਮਰਹੂਮ ਪੰਜਾਬੀ ਗਾਇਕ ਸਿੱਧੂ ਮੂਸੇਵਾਲਾ ਦੇ ਛੋਟੇ ਭਰਾ ਦੀਆਂ ਫੋਟੋਆਂ ਅਤੇ ਸੋਸ਼ਲ ਮੀਡੀਆ ਵਿਚ ਤਰ੍ਹਾਂ-ਤਰ੍ਹਾਂ ਦੀਆਂ ਟਿੱਪਣੀਆਂ ਕਰਨ ਤੋਂ ਬਾਅਦ ਮੂਸੇਵਾਲਾ ਦੇ ਪਿਤਾ ਬਲਕੌਰ ਸਿੰਘ ਨੂੰ ਜਾਨੋਂ ਮਾਰਨ ਦੀ ਧਮਕੀ ਮਿਲੀ ਹੈ। ਇਹ ਧਮਕੀ ਦੇਣ ਵਾਲਾ ਖੁਦ ਨੂੰ ਬਿਸ਼ਨੋਈ ਗਰੁੱਪ ਦਾ ਮੈਂਬਰ ਦੱਸ ਰਿਹਾ ਹੈ। ਉਸ ਵੱਲੋਂ ਬਲਕੌਰ ਸਿੰਘ ਮੂਸਾ ਵਾਲਾ ਤੋਂ ਇਲਾਵਾ ਕਾਂਗਰਸ ਦੇ ਮੈਂਬਰ ਪਾਰਲੀਮੈਂਟ ਸੁਖਜਿੰਦਰ ਸਿੰਘ ਰੰਧਾਵਾ, ਗਾਇਕ ਮਨਕੀਰਤ ਔਲਖ, ਗੁਰਮੀਤ ਬਬਲੂ ਅਤੇ ਅਮਨ ਜੈਕੀਪੁਰ ਨੂੰ ਵੀ ਇਹ ਧਮਕੀ ਦਿੱਤੀ ਗਈ ਹੈ। ਵਿਦੇਸ਼ ਤੋਂ ਆਏ ਫੋਨ ਵਿਚ ਕਿਹਾ ਗਿਆ, 'ਤੁਸੀਂ ਅਗਲੇ ਜਨਮ ਦੀ ਤਿਆਰੀ ਖਿੱਚ ਲਓ, ਗੋਲੀ ਤੁਹਾਨੂੰ ਲੱਗਣੀ ਹੈ, ਜਿੰਨਾ ਮਰਜ਼ੀ ਸਕਿਉਰਿਟੀ ਦਾ ਪ੍ਰਬੰਧ ਕਰ ਲਓ, ਜਿੱਥੇ ਭੱਜਣਾ ਹੈ ਭੱਜ ਲਓ, ਜਿੱਥੇ ਲੁਕਣਾ ਹੈ ਲੁਕ ਸਕਦੇ ਹੋ।'

ਮੂਸੇਵਾਲਾ ਦੇ ਪਿਤਾ ਬਲਕੌਰ ਸਿੰਘ ਨੂੰ ਧਮਕੀ ਮਿਲਣ ਤੋਂ ਬਾਅਦ ਉਨ੍ਹਾਂ ਕਿਹਾ ਕਿ ਪਹਿਲਾਂ ਵੀ ਅਜਿਹੀਆਂ ਅਨੇਕ ਧਮਕੀਆਂ ਆ ਚੁੱਕੀਆਂ ਹਨ, ਜਿਸ ਕਾਰਨ ਗੈਂਗਸਟਰਾਂ ਦੇ ਹੌਸਲੇ ਬੁਲੰਦ ਹਨ। ਉਨ੍ਹਾਂ ਕਿਹਾ ਕਿ ਪੰਜਾਬ ਅੰਦਰ ਦਿਨ-ਦਿਹਾੜੇ ਨੌਜਵਾਨਾਂ ਦੇ ਕਤਲ ਹੋ ਰਹੇ ਹਨ ਅਤੇ ਬਦਮਾਸ਼ ਜੇਲ੍ਹਾਂ ਵਿਚ ਬੈਠ ਕੇ ਆਪਣਾ ਕਾਰੋਬਾਰ ਚਲਾ ਰਹੇ ਹਨ ਪਰ ਉਹ ਕਿਸੇ ਤੋਂ ਡਰਨ ਵਾਲੇ ਨਹੀਂ। ਬਲਕੌਰ ਸਿੰਘ ਨੇ ਇਸ ਸਬੰਧੀ ਪੁਲਿਸ ਨੂੰ ਕੋਈ ਵੀ ਸ਼ਿਕਾਇਤ ਨਹੀਂ ਕੀਤੀ ਹੈ। ਥਾਣਾ ਸਦਰ ਮਾਨਸਾ ਦੇ ਮੁਖੀ ਬਲਵੀਰ ਸਿੰਘ ਨੇ ਦੱਸਿਆ ਕਿ ਹਾਲੇ ਤੱਕ ਉਨ੍ਹਾਂ ਕੋਲ ਇਸ ਸਬੰਧੀ ਅਜਿਹੀ ਕੋਈ ਵੀ ਸ਼ਿਕਾਇਤ ਨਹੀਂ ਪੁੱਜੀ ਹੈ।

ਰੋਜ਼ਾਨਾਂ ਤਾਜ਼ੀਆਂ ਖਬਰਾਂ ਪੜ੍ਹਨ ਲਈ ਪੰਜਾਬ ਮੇਲ ਦੀ ਵੈੱਬਸਾਇਟ 'ਤੇ ਕਲਿੱਕ ਕਰੋ : www.punjabmailusa.com

## ਡੀ.ਜੀ.ਪੀ. ਗੌਰਵ ਯਾਦਵ ਚੋਣ ਕਮਿਸ਼ਨ ਅੱਗੇ ਪੇਸ਼

**ਚੰਡੀਗੜ੍ਹ, (ਪੰਜਾਬ ਮੇਲ)**- ਪੰਜਾਬ ਦੇ ਡੀ.ਜੀ.ਪੀ. ਗੌਰਵ ਯਾਦਵ ਨਵੀਂ ਦਿੱਲੀ ਵਿਚ ਭਾਰਤੀ ਚੋਣ ਕਮਿਸ਼ਨ ਕੋਲ ਪੇਸ਼ ਹੋਏ ਅਤੇ ਉਨ੍ਹਾਂ ਕਮਿਸ਼ਨ ਨੂੰ ਤਰਨ ਤਾਰਨ ਜ਼ਿਮਨੀ ਚੋਣ ਦੌਰਾਨ ਸ਼੍ਰੋਮਣੀ ਅਕਾਲੀ ਦਲ ਦੇ ਵਰਕਰਾਂ ਵਿਰੁੱਧ ਦਰਜ ਨੌਂ ਕੇਸਾਂ ਬਾਰੇ ਜਾਣਕਾਰੀ ਦਿੱਤੀ।

ਸੂਤਰਾਂ ਅਨੁਸਾਰ ਡੀ.ਜੀ.ਪੀ. ਨੇ ਉਨ੍ਹਾਂ ਕੇਸਾਂ ਦਾ ਬਚਾਅ ਕੀਤਾ, ਜਿਨ੍ਹਾਂ ਨੂੰ ਸ਼੍ਰੋਮਣੀ ਅਕਾਲੀ ਦਲ ਨੇ ਝੂਠੇ ਅਤੇ ਸਿਆਸਤ ਤੋਂ ਪ੍ਰੇਰਿਤ ਕਰਾਰ ਦਿੱਤਾ ਹੈ। ਡੀ.ਜੀ.ਪੀ. ਨੇ ਸਪੈਸ਼ਲ ਡੀ.ਜੀ.ਪੀ. ਰਾਮ ਸਿੰਘ ਵੱਲੋਂ ਪਹਿਲਾਂ ਸੀਲਬੰਦ ਰਿਪੋਰਟ ਵਿਚ ਲਏ ਸਟੈਂਡ ਨੂੰ ਦੁਹਰਾਉਂਦਿਆਂ ਚੋਣ ਕਮਿਸ਼ਨ ਨੂੰ ਦੱਸਿਆ ਕਿ ਸਾਰੇ ਕੇਸ ਵਾਜਿਬ ਅਪਰਾਧਕ ਜਾਂਚ ਦਾ ਹਿੱਸਾ ਸਨ ਤੇ ਇਹ ਸਿਆਸੀ ਤੌਰ 'ਤੇ ਪ੍ਰੇਰਿਤ ਨਹੀਂ ਸਨ। ਕਮਿਸ਼ਨ ਨੇ ਡੀ.ਜੀ.ਪੀ. ਨਾਲ ਕਰੀਬ ਇੱਕ ਘੰਟਾ ਗੱਲਬਾਤ ਕੀਤੀ ਅਤੇ ਹੁਣ ਅਗਲੀ ਕਾਰਵਾਈ ਬਾਰੇ ਫ਼ੈਸਲਾ ਕਰਨ ਤੋਂ ਪਹਿਲਾਂ ਡੀ.ਜੀ.ਪੀ. ਦੇ ਵਿਸਥਾਰਤ ਬਿਆਨ ਦੀ ਜਾਂਚ ਕਰ ਰਿਹਾ ਹੈ। ਪੁਲਿਸ ਮੁਖੀ ਨੂੰ ਇਹ ਸੰਮਨ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਦੀਆਂ ਸ਼ਿਕਾਇਤਾਂ ਤੋਂ ਬਾਅਦ ਜਾਰੀ ਕੀਤੇ ਗਏ ਸਨ, ਜਿਨ੍ਹਾਂ 'ਚ ਉਨ੍ਹਾਂ 'ਆਪ' ਸਰਕਾਰ 'ਤੇ 11 ਨਵੰਬਰ ਦੀ ਜ਼ਿਮਨੀ ਚੋਣ ਤੋਂ ਪਹਿਲਾਂ ਵਿਰੋਧੀ ਧਿਰ ਦੇ ਵਰਕਰਾਂ ਨੂੰ ਡਰਾਉਣ-ਧਮਕਾਉਣ ਲਈ ਪੰਜਾਬ ਪੁਲਿਸ ਦੀ ਵਰਤੋਂ ਕਰਨ ਦਾ ਦੋਸ਼ ਲਾਇਆ ਸੀ।

ਸਫਾ 1 ਦਾ ਬਾਕੀ

### ਹਾਈ ਪ੍ਰੋਫਾਈਲ ਕੌਮਾਂਤਰੀ ਡਰੱਗ ਤੇ...

ਗਵਾਹ ਐਬੇਡੋ ਗਾਰਸੀਆ ਨੂੰ ਇਸ ਸਾਲ 31 ਜਨਵਰੀ ਨੂੰ ਇੱਕ ਮੈਡਲਿਨ ਦੇ ਰੈਸਟੋਰੈਂਟ ਵਿਚ ਗੋਲੀ ਮਾਰ ਕੇ ਮਾਰ ਦਿੱਤਾ ਗਿਆ ਸੀ। ਬਾਅਦ ਵਿਚ ਉਸ ਦੀ ਲਾਸ਼ ਦੀਆਂ ਤਸਵੀਰਾਂ ਗਰੁੱਪ ਵਿਚ ਸਾਂਝੀਆਂ ਕੀਤੀਆਂ ਗਈਆਂ। ਸਮਝਿਆ ਜਾਂਦਾ ਹੈ ਕਿ ਵੈਡਿੰਗ ਮੈਕਸੀਕੋ ਵਿਚ ਗਿਰੋਹ ਦੀ ਰੱਖਿਆ ਤਹਿਤ ਕਿਤੇ ਲੁੱਕਿਆ ਹੋਇਆ ਹੈ। ਇਸ ਮਾਮਲੇ ਵਿਚ ਹੁਣ ਤੱਕ 10 ਸ਼ੱਕੀ ਗ੍ਰਿਫਤਾਰ ਕੀਤੇ ਜਾ ਚੁੱਕੇ ਹਨ, ਜਦਕਿ ਕੁੱਲ 19 ਸ਼ੱਕੀਆਂ ਵਿਰੁੱਧ ਦੋਸ਼ ਆਇਦ ਕੀਤੇ ਗਏ ਹਨ। ਇਸ ਵੱਡੇ ਡਰੱਗ ਤਸਕਰੀ ਮਾਮਲੇ ਦੀ ਜਾਂਚ ਵਿਚ ਐੱਫ.ਬੀ.ਆਈ. ਲਾਸ ਏਂਜਲਸ ਫੀਲਡ ਦਫਤਰ, ਵਿਦੇਸ਼ ਵਿਭਾਗ, ਵਿੱਤ ਵਿਭਾਗ, ਆਰ.ਸੀ.ਐੱਮ.ਪੀ. ਤੇ ਕੋਲੰਬੀਅਨ ਨੈਸ਼ਨਲ ਪੁਲਿਸ ਨੇ ਅਹਿਮ ਭੂਮਿਕਾ ਨਿਭਾਈ। ਵਿਦੇਸ਼ ਵਿਭਾਗ ਨੇ ਵੈਡਿੰਗ ਦੀ ਗ੍ਰਿਫਤਾਰੀ ਲਈ ਇਨਾਮ ਵਧਾ ਕੇ ਡੇਢ ਕਰੋੜ ਡਾਲਰ ਕਰ ਦਿੱਤਾ ਹੈ ਤੇ ਗਵਾਹ ਦੀ ਹੱਤਿਆ ਵਿਚ ਸ਼ਾਮਲ ਲੋਕਾਂ ਦੀ ਸੂਹ ਦੇਣ ਵਾਲੇ ਲਈ 20 ਲੱਖ ਡਾਲਰ ਇਨਾਮ ਐਲਾਨਿਆ ਹੈ।

ਸਫਾ 1 ਦਾ ਬਾਕੀ

### ਜੇ ਲੋੜ ਪਈ ਤਾਂ ਨਿਊਯਾਰਕ 'ਚ ਤਾਇਨਾਤ...

ਜਦੋਂ ਇੱਕ ਪੱਤਰਕਾਰ ਦੁਆਰਾ ਪੁੱਛਿਆ ਗਿਆ ਕਿ ਕੀ ਉਹ ਰਿਪਬਲਿਕਨ ਕਾਂਗਰਸਵੂਮੈਨ ਮਾਰਜੋਰੀ ਟੇਲਰ ਗ੍ਰੀਨ ਨੂੰ ਮੁਆਫ ਕਰਨ ਲਈ ਤਿਆਰ ਹਨ, ਤਾਂ ਟਰੰਪ ਨੇ ਕਿਹਾ ਕਿ ਉਹ ਉਨ੍ਹਾਂ ਦੇ ਵਿਚਾਰਾਂ ਨਾਲ ਅਸਹਿਮਤ ਹਨ।

ਬੋਲਸੋਨਾਰੋ ਬਾਰੇ, ਟਰੰਪ ਨੇ ਕਿਹਾ ਕਿ ਉਨ੍ਹਾਂ ਨੇ ਪਿਛਲੀ ਰਾਤ ਉਨ੍ਹਾਂ ਨਾਲ ਗੱਲ ਕੀਤੀ ਸੀ ਅਤੇ ਜਲਦੀ ਹੀ ਉਨ੍ਹਾਂ ਨਾਲ ਮਿਲਣ ਦੀ ਉਮੀਦ ਕੀਤੀ ਸੀ। ਜਦੋਂ ਇੱਕ ਰਿਪੋਰਟਰ ਨੇ ਉਨ੍ਹਾਂ ਨੂੰ ਦੱਸਿਆ ਕਿ ਬੋਲਸੋਨਾਰੋ ਨੂੰ ਗ੍ਰਿਫਤਾਰ ਕਰ ਲਿਆ ਗਿਆ ਹੈ, ਤਾਂ ਟਰੰਪ ਨੇ ਕਿਹਾ, "ਮੈਨੂੰ ਕੋਈ ਪਤਾ ਨਹੀਂ ਸੀ, ਬਹੁਤ ਬੁਰਾ।" ਇਹ ਪੂਰੀ ਗੱਲਬਾਤ ਘਰੇਲੂ ਸੁਰੱਖਿਆ, ਵਿਦੇਸ਼ ਨੀਤੀ ਅਤੇ ਪਾਰਟੀ ਰਾਜਨੀਤੀ ਸਮੇਤ ਕਈ ਮੁੱਦਿਆਂ 'ਤੇ ਇੱਕ ਤੇਜ਼-ਤੇਜ਼ ਸਵਾਲ-ਜਵਾਬ ਸੈਸ਼ਨ ਦਾ ਹਿੱਸਾ ਸੀ।

ਸਫਾ 1 ਦਾ ਬਾਕੀ

### ਐੱਚ-1ਬੀ ਵੀਜ਼ਾ ਪ੍ਰਣਾਲੀ ਨੂੰ "ਇੱਕ...

ਟਰੰਪ ਨੇ ਬੈਟਰੀ ਕਰਮਚਾਰੀਆਂ ਲਈ ਕੋਰੀਆ ਅਤੇ ਚਿਪ ਕਰਮਚਾਰੀਆਂ ਲਈ ਤਾਈਵਾਨ ਦਾ ਹਵਾਲਾ ਦਿੱਤਾ।

ਕਿਉਂਕਿ ਐੱਚ-1ਬੀ ਲਈ ਸਭ ਤੋਂ ਵੱਡਾ ਹਿੱਸਾ ਭਾਰਤ ਤੋਂ ਆਉਂਦਾ ਹੈ, ਇਸ ਲਈ ਵਿਰੋਧ ਭਾਰਤੀ ਕਰਮਚਾਰੀਆਂ 'ਤੇ ਕੇਂਦ੍ਰਿਤ ਰਿਹਾ। ਜੋਨਸ ਨੇ ਕਿਹਾ ਕਿ "ਭਾਰਤੀ ਭਾਰਤੀਆਂ ਨੂੰ ਨੌਕਰੀ 'ਤੇ ਰੱਖਦੇ ਹਨ," ਜੋ ਉਨ੍ਹਾਂ ਅਨੁਸਾਰ ਇਹੀ ਕਾਰਨ ਹੈ ਕਿ ਸਿਲਿਕਾਨ ਵੈਲੀ ਵਿਚ ਇੰਨੇ ਸਾਰੇ ਭਾਰਤੀ ਕਰਮਚਾਰੀ ਹਨ। ਜੋਨਜ਼ ਨੇ ਇਹ ਵੀ ਦੋਸ਼ ਲਗਾਇਆ ਕਿ ਜਿਹੜਾ ਸਮੂਹ ਐੱਚ-1ਬੀ ਅੰਕੜਿਆ 'ਤੇ ਹਾਵੀ ਹੈ, ਉਸਦੀ ਦਾਜ ਨਾਲ ਸਬੰਧਿਤ ਹਿੰਸਾ ਦੀ ਦਰ "ਸਭ ਤੋਂ ਵੱਧ" ਹੈ।

ਟਿੱਪਣੀਕਾਰ ਨੇ ਆਪਣੇ ਦਾਅਵਿਆਂ ਨੂੰ ਸਮਰਥਨ ਦੇਣ ਲਈ ਕੋਈ ਡਾਟਾ ਨਹੀਂ ਦਿੱਤਾ, ਫਿਰ ਵੀ ਇਹ ਬਿਆਨ ਆਨਲਾਈਨ ਵਿਆਪਕ ਤੌਰ 'ਤੇ ਫੈਲ ਗਿਆ ਕਿਉਂਕਿ ਸੰਯੁਕਤ ਰਾਜ ਵਿਚ ਕੰਮਕਾਜ ਵੀਜ਼ਿਆਂ 'ਤੇ ਚਰਚਾ ਜਾਰੀ ਹੈ।

# PUNJAB MAIL USA

## TV Channel, Newspaper, Radio

## All over America, Canada, Australia & Europe


All over America, Canada, Australia & Europe


24 Hours 7 Days

- IP TV (24 Hours)
- App: Punjab Mail USA (24 Hours)
- Youtube : Punjab Mail USA
- Facebook Page : Punjab Mail USA
- Instagram : Punjab Mail USA
- Website: punjabmailusa.com
- E-mail: punjabmailtv@gmail.com

*Gold # 2867, Gem # 375, TV Zon # 6888, Glow TV # 1828, Tashan # 131, Real TV etc.*

*For any Information & Advertisement Call at*

**+1-916-320-9444**




# ਬਾ-ਮੁਲਾਹਿਜ਼ਾ ਹੋਸ਼ਿਆਰ - ਇਨਸਾਫ਼ ਦੀ ਬੰਦ ਗਲੀ






ਗੁਰਮੀਤ ਸਿੰਘ ਪਲਾਹੀ
# ਮੋਬਾਈਲ : 98158-02070
ਪੰਜਾਬ ਮੇਲ USA


**ਕਿਸੇ ਦੇ ਕੰਨ 'ਤੇ ਜੂੰ ਨਹੀਂ ਸਰਕੀ। ਕਿਸੇ ਸਿਆਸੀ ਨੇਤਾ, ਮੰਤਰੀ, ਸੰਤਰੀ ਜਾਂ ਉਨ੍ਹਾਂ ਦੇ ਅਹਿਲਕਾਰਾਂ, ਕਰਿੰਦਿਆਂ ਜਾਂ ਦੇਸ਼ ਦੇ ਵੱਡੇ ਹਾਕਮ ਨੂੰ ਇਨਸਾਫ਼ ਦਾ ਕੋਈ ਖਿਆਲ ਹੀ ਨਹੀਂ ਆਇਆ। ਅਖ਼ਬਾਰਾਂ ਦੇ ਪੰਨਿਆਂ ਅਤੇ ਟੀ.ਵੀ. ਚੈਨਲਾਂ 'ਤੇ ਇਹ ਅਪਰਾਧ-ਕਥਾ ਦੇਖਣ ਨੂੰ ਮਿਲੀ ਅਤੇ ਦੱਸਿਆ ਗਿਆ ਕਿ ਦੇਸ਼ ਦੀ ਸੁਪਰੀਮ ਕੋਰਟ ਨੇ ਕਿਸ ਆਧਾਰ ਉੱਤੇ ਉਨ੍ਹਾਂ ਨੂੰ ਬਰੀ ਕੀਤਾ ਸੁਪਰੀਮ ਕੋਰਟ ਦੇ ਆਪਣੇ ਆਧਾਰ ਹੋਣਗੇ, ਉਨ੍ਹਾਂ ਦਾ ਆਪਣਾ ਪੈਮਾਨਾ ਹੋਏਗਾ ਅਪਰਾਧੀਆਂ ਨੂੰ ਪਰਖਣ ਦਾ, ਲੇਕਿਨ ਸਵਾਲ ਹੈ ਕਿ ਇਨ੍ਹਾਂ ਬੱਚਿਆਂ ਨੂੰ ਕਿਸੇ ਨੇ ਤਾਂ ਮਾਰਿਆ ਹੀ ਹੋਏਗਾ।**

ਦੇਸ਼ ਭਾਰਤ ਵਿਚ ਕਾਨੂੰਨ ਜਿਤਨੇ ਸਖ਼ਤ ਹੋ ਰਹੇ ਹਨ, ਉਨ੍ਹਾਂ ਦੀ ਦੁਰਵਰਤੋਂ ਉਤਨੀ ਹੀ ਵਧਦੀ ਜਾ ਰਹੀ ਹੈ। ਹੁਣ ਤਾਂ ਸਥਿਤੀ ਇਹ ਹੈ ਕਿ ਸਾਡੇ ਨਿਆਂ-ਤੰਤਰ ਵਿਚ ਜਾਤ, ਧਰਮ ਦੇਖਕੇ ਜੇਲ੍ਹ ਅਤੇ ਜ਼ਮਾਨਤ ਦਾ ਫ਼ੈਸਲਾ ਹੁੰਦਾ ਜਾਪਦਾ ਹੈ -ਸਬੂਤ ਦੇਖਕੇ ਨਹੀਂ।

ਸਾਡੀਆਂ ਜੇਲ੍ਹਾਂ ਵਿਚ ਸਭ ਤੋਂ ਜ਼ਿਆਦਾ ਦੇਸ਼ ਦੇ ਗ਼ਰੀਬ ਲੋਕ ਸੜ ਰਹੇ ਹਨ। ਜੇਕਰ ਉਨ੍ਹਾਂ ਦੀ ਧਾਰਮਿਕ ਪਛਾਣ ਕੀਤੀ ਜਾਵੇ, ਤਾਂ ਉਹ ਇਹ ਦੱਸਦੀ ਹੈ ਕਿ ਦੇਸ਼ ਦੇ ਦਲਿਤ, ਆਦਿਵਾਸੀ ਅਤੇ ਮੁਸਲਮਾਨਾਂ ਦੀ ਜੇਲ੍ਹਾਂ ਅੰਦਰ ਸਭ ਤੋਂ ਜ਼ਿਆਦਾ ਆਬਾਦੀ ਹੈ। ਇਨ੍ਹਾਂ ਵਿਚ ਬਹੁਤ ਵੱਡੀ ਗਿਣਤੀ ਉਨ੍ਹਾਂ 'ਵਿਚਾਰਿਆਂ' ਦੀ ਹੈ, ਜਿਨ੍ਹਾਂ ਦੇ ਮਾਮਲੇ ਵਰ੍ਹਿਆਂ ਤੋਂ ਨਹੀਂ, ਦਹਾਕਿਆਂ ਤੋਂ ਵਿਚਾਰ ਅਧੀਨ ਹੈ।

ਕਿਉਂਕਿ ਇਨਸਾਫ਼ ਲੈਣਾ ਸੌਖਾ ਨਹੀਂ ਹੈ। ਦਰਅਸਲ ਇਸ ਦੇਸ਼ ਦੇ ਗ਼ਰੀਬ ਆਦਮੀ ਦੇ ਲਈ ਇਨਸਾਫ਼ ਪਾਉਣਾ ਲਗਾਤਾਰ ਅਸੰਭਵ ਹੁੰਦਾ ਜਾ ਰਿਹਾ ਹੈ। ਪਹਿਲੀ ਗੱਲ ਤਾਂ ਇਹ ਕਿ ਪੁਲਿਸ ਕੇਸ ਹੀ ਦਰਜ਼ ਨਹੀਂ ਕਰਦੀ, ਦਰਜ਼ ਹੋ ਗਿਆ ਤਾਂ ਠੀਕ ਢੰਗ ਨਾਲ ਜਾਂਚ ਨਹੀਂ ਹੁੰਦੀ, ਜੇਕਰ ਮਾਮਲਾ ਅਦਾਲਤ ਵਿਚ ਪੁੱਜ ਗਿਆ, ਤਾਂ ਗ਼ਰੀਬ ਨੂੰ ਚੰਗੇ ਵਕੀਲ ਨਹੀਂ ਮਿਲਦੇ। ਕੀ ਇਹ ਸੱਚ ਨਹੀਂ ਕਿ ਦੇਸ਼ ਦੇ ਸਭ ਤੋਂ ਅੱਛੇ ਵਕੀਲ ਸਭ ਤੋਂ ਮੋਟੇ ਪੈਸੇ ਵਾਲੇ ਅਪਰਾਧੀਆਂ ਦੇ ਬਚਾ ਵਿਚ ਹੀ ਰੁਝੇ ਰਹਿੰਦੇ ਹਨ। ਇਹ ਜਾਣਕਾਰੀ ਆਮ ਹੈ ਕਿ ਵਕੀਲ ਇੱਕ-ਇੱਕ ਪੇਸ਼ੀ ਲਈ 25 ਤੋਂ 50 ਲੱਖ ਰੁਪਏ ਤੱਕ ਲੈ ਲੈਂਦੇ ਹਨ। ਇਤਨੇ ਪੈਸਿਆਂ ਨਾਲ ਨਿਆਂ ਹੋ ਨਹੀਂ ਸਕਦਾ, ਖਰੀਦਿਆ ਜਾਂ ਵੇਚਿਆ ਜਾ ਸਕਦਾ ਹੈ।

ਜੇਕਰ ਵੱਡੇ ਵਕੀਲਾਂ ਦੀ ਗੱਲ ਛੱਡ ਵੀ ਦੇਈਏ, ਤਾਂ ਵੀ ਦੇਸ਼ ਦੀਆਂ ਕਚਿਹਰੀਆਂ ਅਤੇ ਜੇਲ੍ਹਾਂ ਸ਼ਾਇਦ ਭ੍ਰਿਸ਼ਟਾਚਾਰ ਦੇ ਅੱਡੇ ਬਣ ਚੁੱਕੀਆਂ ਹਨ। ਤਾਰੀਖ਼-ਦਰ-ਤਾਰੀਖ਼ ਵਕੀਲਾਂ ਦੇ ਮੁਨਸ਼ੀ, ਵਕੀਲ, ਆਪਣੇ ਮੁਵੱਕਲਾਂ ਦੀਆਂ ਜੇਬਾਂ ਫੋਲਦੇ ਹਨ।

ਆਓ, ਦੇਸ਼ ਵਿਚ ਵਾਪਰੀ 20 ਸਾਲ ਪਹਿਲਾਂ ਦੀ ਇੱਕ ਘਟਨਾ 'ਤੇ ਵਿਚਾਰ ਕਰੀਏ। ਉੱਤਰ ਪ੍ਰਦੇਸ਼ ਦੇ ਸ਼ਹਿਰ ਨੋਇਡਾ ਦੇ ਨਜ਼ਦੀਕ ਇੱਕ ਪਿੰਡ ਨਿਠਾਰੀ ਦੀ ਉਸ ਘਟਨਾ ਦੀ ਜਿੱਥੇ 17 ਬੱਚਿਆਂ ਦੇ ਪਿੰਜਰ ਮਿਲੇ ਸਨ। ਬੱਚਿਆਂ ਦੇ ਮਾਪੇ ਪੁਲਿਸ ਕੋਲ ਸ਼ਿਕਾਇਤਾਂ ਕਰਦੇ ਰਹੇ, ਪੁਲਿਸ ਮਖੌਲ ਉਡਾਉਂਦੀ ਰਹੀ ਅਤੇ ਅਪਰਾਧਿਕ ਲਾਪ੍ਰਵਾਹੀ ਵਰਤਦੀ ਰਹੀ। ਜਦ ਮਾਮਲਾ ਸੁਰਖੀਆਂ ਵਿਚ ਆਇਆ, ਤਾਂ ਅਚਾਨਕ ਨਿਆਂਤੰਤਰ ਨੇ ਤੇਜ਼ੀ ਫੜੀ। ਇੱਕ ਬੰਗਲੇ ਦੇ ਮਾਲਕ ਮਨਿੰਦਰ ਸਿੰਘ ਪੰਧੇਰ ਅਤੇ ਉਸਦਾ ਨੌਕਰ ਸੁਰਿੰਦਰ ਕੌਲੀ ਫੜੇ ਗਏ। ਇਹ ਦੱਸਿਆ ਗਿਆ ਕਿ ਉਸਦੇ ਖਿਲਾਫ਼ ਕਈ ਸਬੂਤ ਮਿਲ ਚੁੱਕੇ ਹਨ। ਲੇਕਿਨ ਪਹਿਲਾਂ ਮਨਿੰਦਰ ਪੰਧੇਰ ਸਾਰੇ ਮਾਮਲਿਆਂ 'ਚ ਬਰੀ ਹੋ ਗਿਆ ਅਤੇ ਉਸਦੇ ਬਾਅਦ ਪਿਛਲੇ ਹਫ਼ਤੇ ਸੁਰਿੰਦਰ ਕੌਲੀ ਵੀ ਛੁੱਟ ਗਿਆ।

ਕਿਸੇ ਦੇ ਕੰਨ 'ਤੇ ਜੂੰ ਨਹੀਂ ਸਰਕੀ। ਕਿਸੇ ਸਿਆਸੀ ਨੇਤਾ, ਮੰਤਰੀ, ਸੰਤਰੀ ਜਾਂ ਉਨ੍ਹਾਂ ਦੇ ਅਹਿਲਕਾਰਾਂ, ਕਰਿੰਦਿਆਂ ਜਾਂ ਦੇਸ਼ ਦੇ ਵੱਡੇ ਹਾਕਮ ਨੂੰ ਇਨਸਾਫ਼ ਦਾ ਕੋਈ ਖਿਆਲ ਹੀ ਨਹੀਂ ਆਇਆ। ਅਖ਼ਬਾਰਾਂ ਦੇ ਪੰਨਿਆਂ ਅਤੇ ਟੀ.ਵੀ. ਚੈਨਲਾਂ 'ਤੇ ਇਹ ਅਪਰਾਧ-ਕਥਾ ਦੇਖਣ ਨੂੰ ਮਿਲੀ ਅਤੇ ਦੱਸਿਆ ਗਿਆ ਕਿ ਦੇਸ਼ ਦੀ ਸੁਪਰੀਮ ਕੋਰਟ ਨੇ ਕਿਸ ਆਧਾਰ ਉੱਤੇ ਉਨ੍ਹਾਂ ਨੂੰ ਬਰੀ ਕੀਤਾ।

ਸੁਪਰੀਮ ਕੋਰਟ ਦੇ ਆਪਣੇ ਆਧਾਰ ਹੋਣਗੇ, ਉਨ੍ਹਾਂ ਦਾ ਆਪਣਾ ਪੈਮਾਨਾ ਹੋਏਗਾ ਅਪਰਾਧੀਆਂ ਨੂੰ ਪਰਖਣ ਦਾ, ਲੇਕਿਨ ਸਵਾਲ ਹੈ ਕਿ ਇਨ੍ਹਾਂ ਬੱਚਿਆਂ ਨੂੰ ਕਿਸੇ ਨੇ ਤਾਂ ਮਾਰਿਆ ਹੀ ਹੋਏਗਾ। ਉਨ੍ਹਾਂ ਦੇ ਕੰਗਾਲ ਅਤੇ ਨਾਲੀਆਂ 'ਚ ਰੁਲਦੇ ਲੋਥ ਦੇ ਟੁੱਕੜਿਆਂ ਦਾ ਕੋਈ ਤਾਂ ਜ਼ਿੰਮੇਵਾਰ ਹੋਏਗਾ। ਜਿਨ੍ਹਾਂ ਨੂੰ ਫੜਿਆ ਗਿਆ, ਉਨ੍ਹਾਂ ਦਾ ਅਪਰਾਧ ਸਾਬਤ ਕਿਉਂ ਨਹੀਂ ਕੀਤਾ ਜਾ ਸਕਿਆ? ਸੁਰਿੰਦਰ ਕੌਲੀ 19 ਵਰ੍ਹੇ ਜੇਲ੍ਹ 'ਚ ਰਿਹਾ, ਜੇਕਰ ਉਹ ਬੇਗੁਨਾਹ ਸੀ, ਤਾਂ ਉਸਦੇ ਨਾਲ ਇਹ ਬੇਇਨਸਾਫ਼ੀ ਕਿਉਂ ਹੋਈ ਅਤੇ ਜੇਕਰ ਉਹ ਗੁਨਾਹਗਾਰ ਹੈ, ਤਾਂ ਉਸ ਨੂੰ ਇਸ ਤਰ੍ਹਾਂ ਬਰੀ ਕੀਤੇ ਜਾਣ ਦਾ ਗੁਨਾਹਗਾਰ ਕੌਣ ਹੈ।

ਗੱਲ ਤਾਂ ਪਿੰਡ ਚਿੱਠੀ ਸਿੰਘਪੁਰਾ (ਸ੍ਰੀਨਗਰ) 20 ਮਾਰਚ 2000 ਨੂੰ ਅੱਤਵਾਦੀਆਂ ਵੱਲੋਂ ਗੋਲੀਆਂ ਨਾਲ ਛੱਲਣੀ ਕਰ ਦਿੱਤੇ ਗਏ 35 ਨਿਰਦੋਸ਼ ਸਿੰਘਾਂ ਦੀ ਵੀ ਕਰਨੀ ਬਣਦੀ ਹੈ, ਜਿਨ੍ਹਾਂ ਦੇ ਪੀੜਤ ਪਰਿਵਾਰ ਅੱਜ 25 ਸਾਲ ਬੀਤ ਜਾਣ ਬਾਅਦ ਵੀ ਇਨਸਾਫ਼ ਦੀ ਉਡੀਕ ਵਿਚ ਹਨ। ਇਸ ਖ਼ੌਫ਼ਨਾਕ ਮੰਜਰ ਨੂੰ ਅੰਜਾਮ ਦੇਣ ਵਾਲੇ ਦੋਸ਼ੀਆਂ ਖਿਲਾਫ਼ ਸਮੇਂ ਦੀਆਂ ਹਕੂਮਤਾਂ ਵੱਲੋਂ ਅਜੇ ਤੱਕ ਕੋਈ ਤਸੱਲੀਬਖ਼ਸ਼ ਕਾਰਵਾਈ ਨਹੀਂ ਕੀਤੀ ਅਤੇ ਨਾ ਹੀ ਇਸ ਕਤਲ ਕਾਂਡ ਦੀ ਜਾਂਚ ਮੁਕੰਮਲ ਕੀਤੀ ਗਈ ਹੈ, ਜਿਸ ਕਰਕੇ ਸੰਬੰਧਿਤ ਪੀੜਤ ਪਰਿਵਾਰਾਂ ਦੇ ਜ਼ਖ਼ਮ ਅੱਜ ਵੀ ਅੱਲ੍ਹੇ ਹਨ। ਦੱਸਣਯੋਗ ਹੈ ਕਿ ਤਤਕਾਲੀ ਅਮਰੀਕੀ ਰਾਸ਼ਟਰਪਤੀ ਬਿੱਲ ਕਲਿੰਟਨ ਦੇ ਭਾਰਤ ਦੌਰੇ ਦੇ ਪਹਿਲੇ ਦਿਨ ਹੀ ਚਿੱਠੀ ਸਿੰਘਪੁਰਾ ਪਿੰਡ 'ਚ ਵਾਪਰੇ ਇਸ ਖ਼ੌਫ਼ਨਾਕ ਕਾਰੇ ਨੇ ਦੁਨੀਆਂ ਭਰ ਦੇ ਸਿੱਖਾਂ ਨੂੰ ਪੂਰੀ ਤਰ੍ਹਾਂ ਹਿਲਾ ਕੇ ਰੱਖ ਦਿੱਤਾ ਸੀ। ਸ਼ਾਮ ਪੌਣੇ ਅੱਠ ਵਜੇ ਸੁਰੱਖਿਆ ਬੱਲਾਂ ਦੀ ਵਰਦੀ 'ਚ ਅਣਪਛਾਤੇ ਅੱਤਵਾਦੀ ਚਿੱਠੀ ਸਿੰਘਪੁਰਾ 'ਚ ਦਾਖ਼ਲ ਹੋਏ ਤੇ ਉਨ੍ਹਾਂ ਪਿੰਡ ਦੇ ਘਰਾਂ 'ਚੋਂ ਵਿਉਂਤਬੰਦੀ ਤਹਿਤ ਮਰਦ ਸਿੱਖਾਂ ਨੂੰ ਘਰਾਂ 'ਚੋਂ ਬਾਹਰ ਕੱਢ ਕੇ ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਸਮੁੰਦਰੀ ਹਾਲ ਦੇ ਬਾਹਰ ਕੰਧ ਦੇ ਨਾਲ 18 ਸਿੱਖਾਂ ਅਤੇ ਨੇੜਲੇ ਸ਼ੌਕੀਨਪੁਰਾ ਇਲਾਕੇ ਦੇ ਇੱਕ ਹੋਰ ਗੁਰਦੁਆਰਾ ਸਾਹਿਬ ਦੇ ਬਾਹਰ 17 ਸਿੱਖਾਂ ਨੂੰ ਇੱਕ ਲਾਈਨ 'ਚ ਖੜ੍ਹਾ ਕਰਕੇ ਅੰਨ੍ਹੇਵਾਹ ਗੋਲੀਆਂ ਮਾਰਕੇ ਹੱਤਿਆ ਕਰ ਦਿੱਤੀ ਗਈ ਸੀ।

ਦਰਅਸਲ ਨਿਠਾਰੀ ਅਤੇ ਪਿੰਡ ਚਿੱਠੀ ਸਿੰਘਪੁਰਾ ਇਕੱਲੇ ਇਹੋ ਜਿਹੇ ਪਿੰਡ ਨਹੀਂ ਹਨ, ਜਿੱਥੇ ਇਨਸਾਫ਼ ਦੀ ਗਲੀ ਬੰਦ ਹੈ। ਥਾਂ-ਥਾਂ ਇਹੋ ਕੁਝ ਵਾਪਰ ਰਿਹਾ ਹੈ। ਔਰਤਾਂ ਨਾਲ ਬਲਾਤਕਾਰ। ਦੋਸ਼ੀ ਬਰੀ। ਕਤਲ ਦੇ ਬੇਅੰਤ ਕੇਸ। ਕਾਤਲ ਬਰੀ। ਇਥੇ ਇਹ ਗੱਲ ਤਾਂ ਕਰਨੀ ਬਣਦੀ ਹੈ ਕਿ ਜਦੋਂ ਕਾਨੂੰਨ ਘਾੜੀ ਪਾਰਲੀਮੈਂਟ, ਵਿਧਾਨ ਸਭਾ ਮੈਂਬਰਾਂ 'ਚੋਂ ਲਗਭਗ ਅੱਧੇ ਕਤਲਾਂ, ਬਲਾਤਕਾਰਾਂ ਅਤੇ ਹੋਰ ਅਪਰਾਧਾਂ ਦੇ ਮੁਕੱਦਮੇ ਭੁਗਤ ਰਹੇ, ਜੋ ਸਾਡੇ ਲੋਕ ਨੁਮਾਇੰਦੇ ਹਨ, ਕੀ ਉਹ ਦੇਸ਼ ਦੇ ਆਮ ਲੋਕਾਂ ਨੂੰ ਇਨਸਾਫ਼ ਦੇ ਸਕਦੇ ਹਨ?

ਵਿਕਸਤ ਲੋਕਤੰਤਰ ਆਧੁਨਿਕਤਾ ਦੇ ਇਸ ਦੌਰ ਵਿਚ, ਦੇਸ਼ 'ਚ ਜਿੱਥੇ ਵੈਲਫੇਅਰ-ਟ੍ਰੈਪ" ਨਾਲ ਡਿਜ਼ੀਟਲ ਡਲਿਵਰੀ ਰਾਹੀਂ ਚੋਣਾਂ ਦੇ ਸਮੇਂ ਨਕਦ ਰਾਸ਼ੀ ਪਹੁੰਚਾਉਣ ਦਾ ਕੰਮ ਤੇਜ਼ੀ ਨਾਲ ਕਰ ਦਿੱਤਾ ਗਿਆ ਹੈ ਅਤੇ ਜਿੱਥੇ ਸਾਮ-ਦਾਮ-ਦੰਡ ਦਾ ਬੋਲਬਾਲਾ ਸ਼ਰੇਆਮ ਵੇਖਣ ਨੂੰ ਮਿਲ ਰਿਹਾ ਹੈ, ਉੱਥੇ ਨਿਠਾਰੀ ਵਰਗੀ ਬੇਇਨਸਾਫ਼ੀ ਵੇਖਣ ਨੂੰ ਮਿਲਣੀ ਕੀ ਸੁਭਾਵਿਕ ਨਹੀਂ ਹੈ? ਜਿੱਥੇ "ਬੁਲਡੋਜ਼ਰ ਨਿਆਂ" ਚਲਦਾ ਹੋਵੇ, ਕੀ ਇਹ ਕਹਿਣਾ ਨਹੀਂ ਬਣਦਾ ਕਿ ਉਹ ਸਾਡੀ ਨਿਆਂ-ਤੰਤਰ ਦੀ ਛਾਤੀ ਉੱਤੇ ਹੀ ਚਲਦਾ ਹੈ।

ਦੇਸ਼ 'ਚ ਵਾਪਰੇ ਵੱਡੇ ਘਟਨਾਕਰਮਾਂ ਦੀ ਗੱਲ ਤਾਂ ਕੀਤੀ ਜਾਣੀ ਚਾਹੀਦੀ ਹੈ। ਜੰਮੂ ਕਸ਼ਮੀਰ 'ਚੋਂ 370 ਧਾਰਾ ਖ਼ਤਮ ਕੀਤੀ। ਜੰਮੂ ਕਸ਼ਮੀਰ ਹਿੱਸਿਆਂ 'ਚ ਵੰਡਿਆ ਗਿਆ। ਲੋਕ ਪੂਰਨ ਰਾਜ ਦਾ ਦਰਜ਼ਾ ਮੁੜ ਪ੍ਰਾਪਤ ਕਰਨ ਦੀ ਗੱਲ ਕਰਦੇ ਹਨ, ਪਰ ਹਾਕਮ ਚੁੱਪ ਹਨ। ਲੱਦਾਖ ਦੇ ਲੋਕ ਹੱਕੀ ਮੰਗਾਂ ਦੀ ਗੱਲ ਕਰਦੇ ਸੜਕਾਂ 'ਤੇ ਪੁੱਜੇ। ਇਹ ਸਰਕਾਰੀ ਹੱਠ ਧਰਮੀ ਦਾ ਨਤੀਜਾ ਸੀ। ਲੱਦਾਖ ਸਮਾਜਿਕ ਕਾਰਕੁੰਨ ਸੋਨਮ ਬਾਂਗਚੂਕ ਨੂੰ ਹਿਰਾਸਤ ਵਿਚ ਲੈ ਲਿਆ ਗਿਆ। ਉਸਨੂੰ ਜੇਲ੍ਹ 'ਚ ਤੁੰਨਿਆ ਗਿਆ ਹੈ, ਕਿਉਂਕਿ ਉਹ ਲੋਕਾਂ ਦੇ ਹੱਕਾਂ ਅਤੇ ਇਨਸਾਫ਼ ਦੀ ਗੱਲ ਕਰਦਾ ਹੈ। ਇੱਕ ਨਹੀਂ, ਹਜ਼ਾਰਾਂ ਇਹੋ ਜਿਹੇ ਕਾਰਕੁੰਨ ਦੇਸ਼ 'ਚ ਮਨੁੱਖੀ ਅਧਿਕਾਰਾਂ ਦੀ ਰਾਖੀ ਕਰਦਿਆਂ ਜੇਲ੍ਹਾਂ 'ਚ ਹਨ। ਬਿਨ੍ਹਾਂ ਸੁਣਵਾਈ, ਜਾਂ ਤਾਰੀਖ਼-ਦਰ-ਤਾਰੀਖ਼ ਕੋਰਟ-ਕਚਿਹਰੀ ਦੇ ਚੱਕਰ ਮਾਰਦਿਆਂ। ਇਕ ਰਿਪੋਰਟ ਦੱਸਦੀ ਹੈ ਕਿ 2023 ਦੇ ਅੰਤ ਤੱਕ ਭਾਰਤ ਦੀਆਂ ਜੇਲ੍ਹਾਂ 'ਚ 5.3 ਲੱਖ ਲੋਕ ਹਨ, ਜਿਨ੍ਹਾਂ ਵਿਚੋਂ 74 ਫ਼ੀਸਦੀ ਅਰਥਾਤ 3.92 ਲੱਖ ਲੋਕ ਮੁਕੱਦਮੇ ਚਲਾਏ ਜਾਣ ਵਾਲੀ ਕਤਾਰ ਵਿਚ ਹਨ। ਇਹ ਲੋਕ 21 ਤੋਂ 50 ਸਾਲ ਦੀ ਉਮਰ ਦੇ ਹਨ। ਇਨ੍ਹਾਂ ਵਿਚ ਕੁਝ ਇਹੋ ਜਿਹੇ ਹਨ, ਜਿਹੜੇ ਆਪਣੀ ਪੂਰੀ ਜੇਲ੍ਹ ਭੁਗਤ ਚੁੱਕੇ ਹਨ, ਪਰ ਫਿਰ ਵੀ ਉਨ੍ਹਾਂ ਨੂੰ ਰਿਹਾਅ ਨਹੀਂ ਕੀਤਾ ਜਾ ਰਿਹਾ। "ਬੰਦੀ ਸਿੰਘ" ਇਸ ਕਿਸਮ ਦੇ ਕੈਦੀ ਹਨ, ਜਿਨ੍ਹਾਂ ਦੀ ਰਿਹਾਈ ਲਈ ਲਗਾਤਾਰ ਪੰਜਾਬ ਦੇ ਅੰਦਰ-ਬਾਹਰ ਸੰਘਰਸ਼ ਹੋ ਰਿਹਾ ਹੈ, ਪਰ ਉਨ੍ਹਾਂ ਦੀ ਗੱਲ ਨਹੀਂ ਸੁਣੀ ਜਾ ਰਹੀ। ਕੀ ਇਹ ਮਨੁੱਖੀ ਅਧਿਕਾਰਾਂ ਦੀ ਬੇ-ਹੁਰਮਤੀ ਨਹੀਂ ਹੈ?

ਦੇਸ਼ ਵਿਚ ਲੋਕ ਥਾਂ-ਥਾਂ ਸੰਘਰਸ਼ ਕਰ ਰਹੇ ਹਨ। ਦੇਸ਼ 'ਚ ਵੱਡਾ ਕਿਸਾਨ ਅੰਦੋਲਨ ਲੜਿਆ ਗਿਆ। ਹਾਕਮਾਂ ਨੇ ਪੂਰਾ ਟਿੱਲ ਲਾਕੇ ਇਸ ਅੰਦੋਲਨ ਨੂੰ ਖ਼ਤਮ ਕਰਨ ਦੀ ਪੂਰੀ ਕੋਸ਼ਿਸ਼ ਕੀਤੀ। ਇਨਸਾਫ਼ ਛਿੱਕੇ ਟੰਗ ਦਿੱਤਾ ਗਿਆ। ਹਜ਼ਾਰਾਂ ਕਿਸਾਨਾਂ 'ਤੇ ਮੁਕੱਦਮੇ ਦਰਜ਼ ਹੋਏ। ਉਹ ਅੱਜ ਵੀ ਚੱਲ ਰਹੇ ਹਨ। ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਦੇ ਵਿਦਿਆਰਥੀ ਆਪਣੇ ਹੱਕਾਂ ਲਈ ਲੜ ਰਹੇ ਹਨ। ਉਨ੍ਹਾਂ ਦੀ ਆਵਾਜ਼ ਦਬਾਈ ਜਾ ਰਹੀ ਹੈ। ਉਨ੍ਹਾਂ ਨਾਲ ਦੁਪਰਿਆਰਾ ਸਲੂਕ ਹੋ ਰਿਹਾ ਹੈ। ਮੰਗ ਤਾਂ ਸਿਰਫ਼ ਇੰਨੀ ਕੁ ਹੀ ਹੈ ਕਿ ਇਹ ਯੂਨੀਵਰਸਿਟੀ ਪੰਜਾਬ ਦੀ ਹੈ। ਪਰ ਇਸਨੂੰ ਖੋਹਣ ਦੀਆਂ ਸਾਜ਼ਿਸ਼ਾਂ ਹੋ ਰਹੀਆਂ ਹਨ। ਸੁਚੇਤ ਨੌਜਵਾਨ ਸੰਘਰਸ਼ ਦੇ ਰਾਹ ਹਨ। ਜਿਨ੍ਹਾਂ ਦੇ ਰਾਹ ਰੋਕਣ ਲਈ ਹਾਕਮ ਧਿਰ ਹਰ ਹੀਲਾ-ਵਸੀਲਾ ਵਰਤ ਰਹੀ ਹੈ।

ਬਾਕੀ ਸੂਬਿਆਂ ਵਾਂਗਰ ਪੰਜਾਬ ਦੇ ਬੇਰੁਜ਼ਗਾਰ ਨੌਕਰੀ ਮੰਗ ਰਹੇ ਹਨ। ਮੁਲਾਜ਼ਮ ਸੰਘਰਸ਼ ਦੇ ਰਾਹ 'ਤੇ ਹਨ। ਬੇਰੁਜ਼ਗਾਰ ਪੁਲਿਸ ਡਾਂਗਾਂ ਖਾ ਰਹੇ ਹਨ। ਆਖ਼ਿਰ ਉਨ੍ਹਾਂ ਦਾ ਕਸੂਰ ਤਾਂ ਇੰਨਾ ਕੁ ਹੀ ਹੈ ਕਿ ਹੱਥ 'ਚ ਡਿਗਰੀਆਂ ਹਨ। ਪਰ ਨੌਕਰੀ ਨਹੀਂ ਮਿਲ ਰਹੀ। ਢਿੱਡੋਂ ਭੁੱਖੇ ਹਨ। ਉਨ੍ਹਾਂ ਲਈ ਇਨਸਾਫ਼ ਦੇ ਦਰਵਾਜ਼ੇ ਬੰਦ ਹਨ। ਸਿਆਸੀ ਗੱਲਾਂ, ਵਾਇਦੇ, ਉਨ੍ਹਾਂ ਪੱਲੇ ਕੁੱਝ ਨਹੀਂ ਪਾ ਰਹੇ।

ਨਿਠਾਰੀ ਨੂੰ ਨਿਆਂ ਨਹੀਂ। ਵਿਦਿਆਰਥੀਆਂ ਨੂੰ ਇਨਸਾਫ਼ ਨਹੀਂ। ਕਿਸਾਨਾਂ ਨਾਲ ਬਦਸਲੂਕੀ ਹੈ। ਹਵਾਲਤੀ ਮੱਲੋਜ਼ੋਰੀ ਜੇਲ੍ਹਾਂ ਅੰਦਰ ਹਨ। ਗ਼ਰੀਬ ਰੋਟੀ, ਕੱਪੜੇ, ਮਕਾਨ ਲਈ ਤਰਸ ਰਿਹਾ ਹੈ। ਸਿਹਤ ਸਹੂਲਤਾਂ ਦੀ ਥੁੜ ਹੈ। ਕੀ ਇਹ ਬੇਇਨਸਾਫ਼ੀ ਨਹੀਂ? ਕੀ ਇਹ ਨਿਆਂ ਦੀ ਬੰਦ ਗਲੀ ਨਹੀਂ ਹੈ?

ਹੁਣੇ ਜਿਹੇ ਬਿਹਾਰ 'ਚ ਔਰਤਾਂ ਦੇ ਖ਼ਾਤਿਆਂ 'ਚ 10000 ਰੁਪਏ ਦੀ ਰਿਸ਼ਵਤ ਪਾਕੇ ਵੋਟਾਂ ਬਟੋਰ ਕੇ ਹਾਕਮ ਧਿਰ ਮੁੜ ਸੱਤਾ ਹਥਿਆਕੇ ਫੁਲਿਆਂ ਨਹੀਂ ਸਮਾ ਰਹੀ। ਪਰ ਉਥੋਂ ਦੇ ਲੋਕਾਂ ਦੀ

# ਆਨੰਦਾਂ ਦੀ ਧਰਤੀ ਸ੍ਰੀ ਆਨੰਦਪੁਰ ਸਾਹਿਬ



ਸ੍ਰੀ ਗੁਰੂ ਤੇਗ ਬਹਾਦਰ ਜੀ ਨੇ ਬਿਲਾਸਪੁਰ ਦੇ ਸ਼ਾਸਕ ਤੋਂ 1665 ਵਿਚ ਸ਼ਿਵਾਲਿਕ ਅਤੇ ਸਤਲੁਜ ਨਾਲ ਘਿਰੇ ਦਰਿਆ ਨਾਲ ਇੱਕ ਜਗ੍ਹਾ ਖਰੀਦੀ ਅਤੇ 30 ਮਾਰਚ 1689 ਨੂੰ ਆਪਣੀ ਮਾਤਾ ਜੀ ਦੇ ਨਾਮ 'ਤੇ ਇਸਦਾ ਨਾਂ ਚੱਕ ਨਾਨਕੀ ਰੱਖਿਆ। ਚੱਕ ਨਾਨਕੀ ਨੂੰ ਹੀ ਬਾਅਦ ਵਿਚ ਆਨੰਦਪੁਰ ਸਾਹਿਬ ਦਾ ਨਾਂ ਦਿੱਤਾ ਗਿਆ। ਆਨੰਦਪੁਰ ਸਾਹਿਬ ਦੀ ਧਰਤੀ ਆਪਣੇ ਅੰਦਰ ਸਿੱਖ ਧਰਮ ਦੀ ਮਹੱਤਵਪੂਰਨ ਤਵਾਰੀਖ ਸਮੋਈ ਬੈਠੀ ਹੈ। ਆਨੰਦਪੁਰ ਸਾਹਿਬ ਆਨੰਦਾਂ ਦੀ ਧਰਤੀ ਹੈ, ਇਥੇ ਬਾਲ ਗੁਰੂ ਗੋਬਿੰਦ ਰਾਏ ਨੇ ਹੀ ਆਪਣੇ ਪਿਤਾ ਨੂੰ ਕਸ਼ਮੀਰੀ ਪੰਡਿਤਾਂ ਦੀ ਸਹਾਇਤਾ ਲਈ ਬਲੀਦਾਨ ਦੇਣ ਲਈ ਤੋਰਿਆ।



ਰਜਵਿੰਦਰ ਪਾਲ ਸ਼ਰਮਾ
ਪਿੰਡ ਕਾਲਝਰਾਣੀ
ਡਾਕਖਾਨਾ ਚੱਕ ਅਤਰ ਸਿੰਘ ਵਾਲਾ
ਤਹਿ ਅਤੇ ਜ਼ਿਲ੍ਹਾ ਬਠਿੰਡਾ
70873-67969
ਪੰਜਾਬ ਮੇਲ USA


ਪੰਜਾਬ ਪਾਣੀਆਂ ਦੇ ਨਾਲ-ਨਾਲ ਪੀਰਾਂ, ਫਕੀਰਾਂ ਦੀ ਵੀ ਧਰਤੀ ਹੈ। ਪੰਜਾਬ ਦੀ ਧਰਤੀ 'ਤੇ ਅਜਿਹੇ ਮਹਾਨ ਪੀਰ-ਪੈਗੰਬਰ ਅਤੇ ਯੋਧੇ ਪੈਦਾ ਹੋਏ ਹਨ, ਜਿਨ੍ਹਾਂ ਨੇ ਸਮਾਜ ਦੀਆਂ ਸਦੀਆਂ ਪੁਰਾਣੀਆਂ ਰਵਾਇਤਾਂ, ਜਾਤ-ਪਾਤ ਅਤੇ ਅੰਧਵਿਸ਼ਵਾਸਾਂ ਵਿਰੁੱਧ ਆਵਾਜ਼ ਬੁਲੰਦ ਕਰਕੇ ਸਾਂਝੀਵਾਲਤਾ ਦਾ ਹੋਕਾ ਦਿੱਤਾ। ਗੁਰੂਆਂ ਦੀ ਬਾਣੀ ਸਾਨੂੰ ਕਿਰਤ ਕਰਨ, ਨਾਮ ਜਪਣ ਅਤੇ ਵੰਡ ਕੇ ਛਕਣ ਦੇ ਨਾਲ-ਨਾਲ ਬੇਸਹਾਰਿਆਂ ਦੀ ਮਦਦ ਕਰਨ ਦਾ ਵੀ ਹੋਕਾ ਦਿੰਦੀ ਹੈ। ਆਪਣੇ ਲਈ ਜਿਉਣਾ ਕੋਈ ਵੱਡੀ ਗੱਲ ਨਹੀਂ ਪ੍ਰੰਤੂ ਦੂਜਿਆਂ ਦੀ ਸੁਰੱਖਿਆ ਅਤੇ ਮਦਦ ਕਰਦੇ ਹੋਏ ਸ਼ਹੀਦੀ ਜਾਮ ਪੀ ਜਾਣ ਵਾਲਾ ਹੀ ਗੁਰਾਂ ਦੀ ਬਾਣੀ 'ਤੇ ਖਰ੍ਹਾ ਉਤਰਦਾ ਹੈ। ਸਿੱਖਾਂ ਦੇ ਪੰਜਵੇਂ ਗੁਰੂ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਤੋਂ ਬਾਅਦ ਮੁਗਲ ਹਕੂਮਤ ਦੇ ਤਖ਼ਤ ਨੂੰ ਹਿਲਾਉਣ ਵਿਚ ਨੌਵੇਂ ਗੁਰੂ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਸ਼ਹੀਦੀ ਨੇ ਮਹੱਤਵਪੂਰਨ ਯੋਗਦਾਨ ਪਾਇਆ। ਨੌਵੇਂ ਗੁਰੂ ਦੀ ਸ਼ਹੀਦੀ ਤੋਂ ਬਾਅਦ ਸਿੱਖਾਂ ਵਿਚ ਗੁੱਸਾ ਅਤੇ ਰੋਸ ਭਰਿਆ ਜਿਸਨੇ ਆਉਣ ਵਾਲੇ ਸਮੇਂ ਵਿਚ ਮੁਗਲਾਂ ਦੀ ਇੱਟ ਨਾਲ ਇੱਟ ਖੜਕਾ ਦਿੱਤੀ।

ਸਿੱਖ ਧਰਮ ਵਿਚ ਅਜਿਹੇ ਮਹੱਤਵਪੂਰਨ ਤੀਰਥ ਸਥਾਨ ਹਨ, ਜੋ ਗੁਰੂਆਂ ਦੀ ਯਾਦ ਵਿਚ ਬਣਾਏ ਪ੍ਰੰਤੂ ਜੇਕਰ ਕੁੱਝ ਗਿਣਵੇਂ-ਚੁਣਵੇਂ ਤੀਰਥ ਸਥਾਨਾਂ ਦੀ ਗੱਲ ਕੀਤੀ ਜਾਵੇ, ਤਾਂ ਉਸ ਵਿਚ ਪੰਜ ਤਖਤਾਂ ਵਿਚੋਂ ਤੀਜੇ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਜੀ ਦਾ ਨਾਮ ਜ਼ਰੂਰ ਚੇਤੇ ਆਉਂਦਾ ਹੈ। ਇਹ ਤਖ਼ਤ ਸ੍ਰੀ ਆਨੰਦਪੁਰ ਸਾਹਿਬ ਵਿਖੇ ਸਥਿਤ ਹੈ, ਜਿਸ ਨੂੰ ਪਹਿਲਾਂ ਚੱਕ ਨਾਨਕੀ ਦੇ ਨਾਂ ਨਾਲ ਵੀ ਜਾਣਿਆ ਜਾਂਦਾ ਸੀ।

ਸ੍ਰੀ ਗੁਰੂ ਤੇਗ ਬਹਾਦਰ ਜੀ ਨੇ ਬਿਲਾਸਪੁਰ ਦੇ ਸ਼ਾਸਕ ਤੋਂ 1665 ਵਿਚ ਸ਼ਿਵਾਲਿਕ ਅਤੇ ਸਤਲੁਜ ਨਾਲ ਘਿਰੇ ਦਰਿਆ ਨਾਲ ਇੱਕ ਜਗ੍ਹਾ ਖਰੀਦੀ ਅਤੇ 30 ਮਾਰਚ 1689 ਨੂੰ ਆਪਣੀ ਮਾਤਾ ਜੀ ਦੇ ਨਾਮ 'ਤੇ ਇਸਦਾ ਨਾਂ ਚੱਕ ਨਾਨਕੀ ਰੱਖਿਆ। ਚੱਕ ਨਾਨਕੀ ਨੂੰ ਹੀ ਬਾਅਦ ਵਿਚ ਆਨੰਦਪੁਰ ਸਾਹਿਬ ਦਾ ਨਾਂ ਦਿੱਤਾ ਗਿਆ। ਆਨੰਦਪੁਰ ਸਾਹਿਬ ਦੀ ਧਰਤੀ ਆਪਣੇ ਅੰਦਰ ਸਿੱਖ ਧਰਮ ਦੀ ਮਹੱਤਵਪੂਰਨ ਤਵਾਰੀਖ ਸਮੋਈ ਬੈਠੀ ਹੈ। ਆਨੰਦਪੁਰ ਸਾਹਿਬ ਆਨੰਦਾਂ ਦੀ ਧਰਤੀ ਹੈ, ਇਥੇ ਬਾਲ ਗੁਰੂ ਗੋਬਿੰਦ ਰਾਏ ਨੇ ਹੀ ਆਪਣੇ ਪਿਤਾ ਨੂੰ ਕਸ਼ਮੀਰੀ ਪੰਡਿਤਾਂ ਦੀ ਸਹਾਇਤਾ ਲਈ ਬਲੀਦਾਨ ਦੇਣ ਲਈ ਤੋਰਿਆ। ਆਨੰਦਪੁਰ ਸਾਹਿਬ ਹੀ ਉਹ ਪਵਿੱਤਰ ਧਰਤੀ ਹੈ, ਜਿਥੇ ਬਾਬਾ ਜੀਵਨ ਸਿੰਘ ਜੀ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਸ਼ਹੀਦੀ ਤੋਂ ਬਾਅਦ ਉਨ੍ਹਾਂ ਦਾ ਸੀਸ ਗੁਰੂ ਗੋਬਿੰਦ ਸਿੰਘ ਜੀ ਤੱਕ ਲੈ ਕੇ ਆਏ। ਇਸੇ ਧਰਤੀ 'ਤੇ ਹੀ ਬਾਬਾ ਜੀਵਨ ਸਿੰਘ ਜੀ ਨੂੰ ਰੰਘਰੇਟੇ ਗੁਰੂ ਕੇ ਬੇਟੇ ਦਾ ਨਾਂ ਮਿਲਿਆ। ਆਨੰਦਪੁਰ ਸਾਹਿਬ ਹੀ ਉਹ ਧਰਤੀ ਹੈ, ਜਿਥੇ ਖ਼ਾਲਸਾ ਪੰਥ ਦੀ ਸਾਜਨਾ ਕੀਤੀ ਗਈ, ਪਹਿਲਾਂ ਗੁਰੂ ਨੇ ਪੰਜ ਪਿਆਰਿਆਂ ਨੂੰ ਸਾਜਿਆ, ਉਨ੍ਹਾਂ ਨੂੰ ਅੰਮ੍ਰਿਤ ਛਕਾਇਆ ਅਤੇ ਫ਼ਿਰ ਉਨ੍ਹਾਂ ਕੋਲੋਂ ਅੰਮ੍ਰਿਤ ਛਕ ਕੇ ਫ਼ੁਰਮਾਇਆ,

ਖ਼ਾਲਸਾ ਮੇਰੋ ਰੂਪ ਹੈ ਖ਼ਾਸ,
ਖ਼ਾਲਸੇ ਮੈਂ ਹੂੰ ਕਰੂ ਨਿਵਾਸ।

ਆਨੰਦਪੁਰ ਸਾਹਿਬ ਦੀ ਧਰਤੀ ਸ਼ਸਤਰ ਅਤੇ ਸ਼ਾਸਤਰਾਂ ਦੀ ਧਰਤੀ ਹੈ। ਇਥੇ ਬਾਲ ਗੁਰੂ ਗੋਬਿੰਦ ਰਾਏ ਅਤੇ ਚਾਰੇ ਸਾਹਿਬਜ਼ਾਦਿਆਂ ਦੇ ਨਾਲ-ਨਾਲ ਲੱਖਾਂ ਸੰਗਤਾਂ ਇਲਾਹੀ ਬਾਣੀ ਨੂੰ ਮਾਣਿਆ। ਇਸੇ ਹੀ ਧਰਤੀ 'ਤੇ 1700 ਅਤੇ 1704 ਵਿਚ ਮੁਗਲਾਂ ਨਾਲ ਯੁੱਧ ਹੋਏ। ਆਨੰਦਪੁਰ ਸਾਹਿਬ ਹੀ ਉਹ ਧਰਤੀ ਹੈ, ਜਿਥੇ ਸਿੰਘ ਗੁਰੂ ਗੋਬਿੰਦ ਸਿੰਘ ਜੀ ਨੂੰ ਬੇਦਾਵਾ ਲਿਖ ਤੁਰੇ ਅਤੇ ਬਾਅਦ ਵਿਚ ਇਹ ਸਿੰਘ ਜੋ ਬੇਦਾਵਾ ਲਿਖ ਕੇ ਗਏ ਸਨ, ਮਾਈ ਭਾਗੋ ਦੇ ਨਾਲ ਖਿਦਰਾਣੇ ਦੀ ਜੰਗ ਵਿਚ ਸ਼ਹੀਦ ਹੋਏ।

ਆਨੰਦਪੁਰ ਸਾਹਿਬ ਦੀ ਧਰਤੀ 'ਤੇ ਮੁੱਖ ਧਾਰਮਿਕ ਸੰਸਥਾਨ ਖ਼ਾਲਸੇ ਦੀ ਜਨਮ ਭੂਮੀ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਹੈ। ਇਸ ਦੇ ਨਾਲ-ਨਾਲ ਗੁਰੂ ਸੀਸ ਗੰਜ (1675 ਵਿਚ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਸੀਸ ਦਾ ਇਸ ਥਾਂ 'ਤੇ ਸੰਸਕਾਰ ਕੀਤਾ ਗਿਆ), ਗੁਰਦੁਆਰਾ ਭੋਰਾ ਸਾਹਿਬ (ਇਸ ਥਾਂ 'ਤੇ ਗੁਰੂ ਤੇਗ ਬਹਾਦਰ ਸਾਹਿਬ ਰਹਿੰਦੇ ਸਨ), ਗੁਰਦੁਆਰਾ ਥੜ੍ਹਾ ਸਾਹਿਬ, ਗੁਰਦੁਆਰਾ ਸ੍ਰੀ ਆਕਾਲ ਬੁੰਗਾ ਸਾਹਿਬ, ਗੁਰਦੁਆਰਾ ਸ੍ਰੀ ਦਮਦਮਾ ਸਾਹਿਬ, ਗੁਰਦੁਆਰਾ ਸ੍ਰੀ ਮੰਜੀ ਸਾਹਿਬ ਅਤੇ ਗੁਰਦੁਆਰਾ ਸ਼ਹੀਦੀ ਬਾਗ ਮੁੱਖ ਤੌਰ 'ਤੇ ਸ਼ਾਮਿਲ ਹਨ।

ਗੁਰੂ ਗੋਬਿੰਦ ਸਿੰਘ ਜੀ ਦੁਆਰਾ ਬਣਾਏ ਪੰਜ ਕਿਲ੍ਹੇ ਵੀ ਆਨੰਦਪੁਰ ਸਾਹਿਬ ਵਿਚ ਹੀ ਸੁਸ਼ੋਭਿਤ ਹਨ, ਜਿਨ੍ਹਾਂ ਵਿਚ ਕਿਲ੍ਹਾ ਆਨੰਦਗੜ੍ਹ ਸਾਹਿਬ (ਇਹ ਮੁੱਖ ਕਿਲ੍ਹਾ ਸੀ, ਜਿਸਦੇ ਨਾਮ 'ਤੇ ਸ਼ਹਿਰ ਦਾ ਨਾਂ ਰੱਖਿਆ ਗਿਆ), ਕਿਲ੍ਹਾ ਹੋਲਗੜ੍ਹ ਸਾਹਿਬ (ਇਸ ਸਥਾਨ ਹੋਲੇ-ਮਹੱਲੇ ਲਈ ਜਾਣਿਆ ਜਾਂਦਾ ਹੈ), ਕਿਲ੍ਹਾ ਲੋਹਗੜ੍ਹ ਸਾਹਿਬ (ਇਹ ਹਥਿਆਰ ਬਣਾਉਣ ਲਈ ਵਰਤਿਆ ਜਾਂਦਾ ਸੀ), ਕਿਲ੍ਹਾ ਫਤਿਹਗੜ੍ਹ ਸਾਹਿਬ (ਇਸ ਕਿਲ੍ਹੇ ਵਿਚ ਬਾਬਾ ਫ਼ਤਿਹ ਸਿੰਘ ਜੀ ਦਾ ਜਨਮ ਹੋਇਆ ਸੀ) ਅਤੇ ਪੰਜਵਾਂ ਕਿਲ੍ਹਾ ਹੈ ਕਿਲ੍ਹਾ ਤਾਰਾਗੜ੍ਹ ਸਾਹਿਬ ਇਸ ਸਥਾਨ ਨੂੰ ਪਹਾੜੀ ਫੌਜ ਨੂੰ ਰੋਕਣ ਲਈ ਵਰਤਿਆ ਜਾਂਦਾ ਸੀ।

ਆਨੰਦਪੁਰ ਸਾਹਿਬ ਦੀ ਧਰਤੀ ਅੰਮ੍ਰਿਤਸਰ ਤੋਂ ਬਾਅਦ ਦੂਜੇ ਨੰਬਰ 'ਤੇ ਮੁੱਖ ਤੀਰਥ ਸਥਾਨਾਂ ਵਿਚ ਸ਼ਾਮਿਲ ਹੈ। ਸਮੇਂ ਦੀਆਂ ਸਰਕਾਰਾਂ ਨੇ ਇਤਿਹਾਸ ਨੂੰ ਖ਼ੁਰਦ-ਬੁਰਦ ਕਰਨ ਲਈ ਭਰਪੂਰ ਯਤਨ ਕੀਤੇ ਪ੍ਰੰਤੂ ਕਦੇ ਇਹ ਯਤਨ ਨਹੀਂ ਕੀਤਾ ਕਿ ਨੌਜਵਾਨੀ ਨੂੰ ਆਪਣੇ ਇਤਿਹਾਸ ਨਾਲ ਕਿਵੇਂ ਜੋੜਿਆ ਜਾਵੇ। ਦੁਨੀਆਂ ਨੂੰ ਸਿੱਖ ਧਰਮ ਦੇ ਵਿਸ਼ਾਲ ਇਤਿਹਾਸ ਨਾਲ ਰੂਬਰੂ ਕਰਵਾਉਣ ਦੇ ਨਾਲ-ਨਾਲ ਆਨੰਦਪੁਰ ਸਾਹਿਬ ਦੀ ਧਰਤੀ ਨੂੰ ਟੂਰਿਜਮ ਪੱਖੋਂ ਸੈਲਾਨੀਆਂ ਲਈ ਖਿੱਚ ਦਾ ਕੇਂਦਰ ਬਣਾਇਆ ਜਾਣਾ ਬਹੁਤ ਜ਼ਰੂਰੀ ਅਤੇ ਸਮੇਂ ਦੀ ਲੋੜ ਹੈ। ਇਸ ਨਾਲ ਜਿਥੇ ਸਿੱਖ ਧਰਮ ਦੇ ਇਤਿਹਾਸ ਦਾ ਪ੍ਰਸਾਰ ਹੋਵੇਗਾ, ਉਥੇ ਪੰਜਾਬ ਦੀ ਆਰਥਿਕਤਾ ਨੂੰ ਵੀ ਹੁਲਾਰਾ ਮਿਲੇਗਾ। ਦੂਰੋਂ ਨੇੜਿਓਂ ਸੈਲਾਨੀਆਂ ਦੇ ਆਉਣ ਨਾਲ ਦਿਨੋਂ-ਦਿਨ ਪੰਜਾਬ ਦੀ ਪਟੜੀ ਤੋਂ ਲਹਿ ਰਹੀ ਆਰਥਿਕਤਾ ਵਿਚ ਸੁਧਾਰ ਹੋਵੇਗਾ। ਬਹੁਤ ਜਲਦ ਹੁਣ ਜਦੋਂ ਅਸੀਂ ਆਨੰਦਪੁਰ ਸਾਹਿਬ ਦੇ ਸੰਸਥਾਪਕ ਅਤੇ ਹਿੰਦ ਦੀ ਚਾਦਰ ਵਜੋਂ ਜਾਣੇ ਜਾਂਦੇ ਸ੍ਰੀ ਗੁਰੂ ਤੇਗ ਬਹਾਦਰ ਜੀ ਦਾ 350 ਸ਼ਹੀਦੀ ਦਿਹਾੜਾ ਮਣਾ ਰਹੇ, ਤਾਂ ਸਾਡਾ ਫਰਜ਼ ਬਣਦਾ ਹੈ ਕਿ ਅਸੀਂ ਗੁਰੂ ਦੀ ਬਾਣੀ ਨੂੰ ਜਨ-ਜਨ ਤੱਕ ਪਹੁੰਚਾਈਏ। ਪੂਰੀ ਦੁਨੀਆਂ ਨੂੰ ਪਤਾ ਲੱਗਣਾ ਚਾਹੀਦਾ ਹੈ ਕਿ ਦੀਨ ਕੋਈ ਵੀ ਮਾੜਾ ਨਹੀਂ, ਧਰਮ ਸਾਰੇ ਸਨਮਾਨ ਯੋਗ ਹਨ, ਕੁੜੱਤਣ ਹੈ ਤਾਂ ਉਹ ਸਾਡੀ ਸੋਚ ਵਿਚ ਹੈ। ਗੁਰੂਆਂ ਦੀ ਬਾਣੀ ਨੇ ਕਦੇ ਵੀ ਕਿਸੇ ਵੀ ਵਿਅਕਤੀ ਨਾਲ ਭੇਦਭਾਵ ਕਰਨਾ ਨਹੀਂ ਸਿਖਾਇਆ, ਹਮੇਸ਼ਾ ਸੰਗਤ ਅਤੇ ਪੰਗਤ ਨੂੰ ਪਹਿਲ ਦਿੱਤੀ। ਇਹ ਸਾਡੇ ਦੁਆਰਾ ਬਣਾਏ ਅਖੌਤੀ ਬੰਧਨ ਹੀ ਹਨ, ਜਿਨ੍ਹਾਂ ਦੀ ਪੂਰਤੀ ਕਰਨ ਲਈ ਅਸੀਂ ਬਾਣੀ ਤੋਂ ਦੂਰ ਹੋ ਕੇ ਕੁਰਾਹੇ ਪੈ ਰਹੇ ਹਾਂ। ਅਜੋਕੇ ਸਮੇਂ ਵਿਚ ਜਦੋਂ ਸਹਿਣਸ਼ੀਲਤਾ ਵਿਚ ਦਿਨੋਂ-ਦਿਨ ਨਿਘਾਰ ਆ ਰਿਹਾ ਹੈ, ਮਨ ਭਟਕ ਰਿਹਾ ਹੈ, ਜਵਾਨੀ ਨਸ਼ਿਆਂ ਦੀ ਦਲਦਲ ਵਿਚ ਧੱਸਦੀ ਜਾ ਰਹੀ, ਤਾਂ ਰਾਹ ਦਸੇਰੇ ਦਾ ਹੋਣਾ ਬਹੁਤ ਜ਼ਰੂਰੀ ਹੈ, ਜੋ ਭਟਕਿਆਂ ਨੂੰ ਸਹੀ ਦਿਸ਼ਾ ਪ੍ਰਦਾਨ ਕਰ ਸਕੇ। ਇਹ ਸਭ ਕੁੱਝ ਤਾਂ ਹੀ ਸੰਭਵ ਹੈ, ਜੇਕਰ ਦੁਨਿਆਵੀ ਭਟਕਣ ਨੂੰ ਘਟਾਈਏ ਅਤੇ ਗੁਰਾਂ ਦੀ ਬਾਣੀ ਦਾ ਸਹਾਰਾ ਲਈਏ।

ਪੰਜਾਬ ਸਰਕਾਰ ਸ੍ਰੀ ਗੁਰੂ ਤੇਗ ਬਹਾਦਰ ਜੀ ਦਾ 350 ਸਾਲਾ ਸ਼ਹੀਦੀ ਦਿਹਾੜਾ ਮਨਾਉਣ ਲਈ ਪੂਰੇ ਜ਼ੋਰ-ਸ਼ੋਰ ਨਾਲ ਤਿਆਰੀਆਂ ਕਰ ਰਹੀ ਹੈ। ਜਗ੍ਹਾ-ਜਗ੍ਹਾ ਨਗਰ ਕੀਰਤਨ ਅਤੇ ਲਾਈਟ ਸ਼ੋਅਜ਼ ਹੋ ਰਹੇ ਹਨ। ਮੌਜੂਦਾ ਸਮੇਂ ਵਿਚ ਆਨੰਦਪੁਰ ਸਾਹਿਬ ਰੂਪਨਗਰ ਜ਼ਿਲ੍ਹੇ ਵਿਚ ਸਥਿਤ ਹੈ, ਇਸ ਨੂੰ ਜ਼ਿਲ੍ਹਾ ਬਣਾਉਣ ਦੀਆਂ ਅਫਵਾਹਾਂ ਵੀ ਚੱਲ ਰਹੀਆਂ ਸਨ, ਇਹ ਜ਼ਿਲ੍ਹਾ ਬਣੇ ਜਾਂ ਨਾ ਬਣੇ, ਪ੍ਰੰਤੂ ਖ਼ਾਲਸੇ ਦੀ ਜਨਮ ਭੂਮੀ ਨੂੰ ਦੁਨੀਆਂ ਦੇ ਨਕਸ਼ੇ 'ਤੇ ਲੈ ਕੇ ਆਉਣਾ ਚਾਹੀਦਾ ਹੈ। ਸਮਾਜ ਵਿਚ ਦਹਿਸ਼ਤ ਅਤੇ ਨਫ਼ਰਤ ਫੈਲਾਉਣ ਵਾਲੇ ਭੀੜ-ਭੜੱਕੇ ਦਾ ਸਹਾਰਾ ਤੱਕਦੇ ਰਹਿੰਦੇ ਹਨ। ਗੁਰੂ ਸਾਹਿਬ ਦਾ ਸ਼ਹੀਦੀ ਦਿਹਾੜਾ ਵੱਡੇ ਪੱਧਰ 'ਤੇ ਮਨਾਉਣ ਵਿਚ ਸੁਰੱਖਿਆ ਦਾ ਮੁੱਦਾ ਵੀ ਬਹੁਤ ਜਰੂਰੀ ਅਤੇ ਸਮੇਂ ਦੀ ਲੋੜ ਹੈ। ਸਮਾਜ ਵਿਚ ਜਿਵੇਂ ਦਿਨੋਂ-ਦਿਨ ਲੁੱਟ-ਖੋਹ ਦੀ ਵਾਰਦਾਤਾਂ ਵਾਪਰ ਰਹੀਆਂ ਹਨ, ਤਾਂ ਆਉਣ ਵਾਲੀਆਂ ਸੰਗਤਾਂ ਦੀ ਸੁਰੱਖਿਆ ਵਿਚ ਕੁਤਾਹੀ ਪ੍ਰਸ਼ਾਸਨ ਦੇ ਪੱਲੇ ਨਮੋਸ਼ੀ ਪਾ ਸਕਦੀ ਹੈ। ਦੂਰੋਂ-ਨੇੜਿਓਂ ਪਹੁੰਚਣ ਵਾਲੀ ਸੰਗਤ ਲਈ ਰਹਿਣ ਅਤੇ ਉਨ੍ਹਾਂ ਦੀ ਸੁਰੱਖਿਆ ਦੇ ਪ੍ਰਬੰਧ ਵੀ ਮਜ਼ਬੂਤ ਕਰਨੇ ਹੋਣਗੇ। ਆਨੰਦਾਂ ਦੀ ਧਰਤੀ ਇਸ ਪਵਿੱਤਰ ਧਰਤੀ ਨੂੰ ਇਤਿਹਾਸ ਦੇ ਨਾਲ-ਨਾਲ ਸੈਰ-ਸਪਾਟੇ ਵਜੋਂ ਉਭਾਰਨਾ ਬਹੁਤ ਜ਼ਰੂਰੀ ਹੈ। ਖ਼ਾਲਸਾ-ਏ-ਵਿਰਾਸਤ ਵਰਗੀਆਂ ਸੰਸਥਾਵਾਂ ਨੂੰ ਸੈਲਾਨੀਆਂ ਦੀ ਖਿੱਚ ਦਾ ਕੇਂਦਰ ਜ਼ਰੂਰ ਬਣਾਉਣਾ ਚਾਹੀਦਾ ਹੈ, ਤਾਂ ਜੋ ਪੰਜਾਬ ਦੇ ਨਾਲ-ਨਾਲ ਪੂਰੀ ਦੁਨੀਆਂ ਇਸ ਪਵਿੱਤਰ ਧਰਤੀ ਨੂੰ ਸਿਜਦਾ ਕਰਦੀ ਹੋਈ ਗੁਰੂ ਸਾਹਿਬ ਦੀਆਂ ਸਿੱਖਿਆਵਾਂ ਨਾਲ ਜੁੜ ਆਪਣਾ ਜੀਵਨ ਸਫ਼ਲ ਕਰ ਸਕੇ।



## ਗੁਰੂ ਗੋਬਿੰਦ ਸਿੰਘ ਸਾਹਿਬ ਦੇ 350 ਸਾਲਾ ਗੁਰਿਆਈ ਦਿਵਸ 'ਤੇ ਵਿਸ਼ੇਸ਼

# ਪਿਤਾ ਹਮਾਰੇ ਗੁਰੂ ਗੋਬਿੰਦ ਸਿੰਘ

ਡਾ. ਸਤਿੰਦਰ ਪਾਲ ਸਿੰਘ
ਸਿਡਨੀ , ਆਸਟ੍ਰੇਲੀਆ
ਪੰਜਾਬ ਮੇਲ USA



**ਖਾਲਸਾ ਦੀ ਸੰਗਠਨ ਸ਼ਕਤੀ ਮੁਗਲਾਂ ਤੇ ਅੰਗਰੇਜਾਂ ਲਈ ਸਭ ਤੋਂ ਵੱਡੀ ਚੁਣੌਤੀ ਸੀ। ਸਿੱਖ ਨੇ ਆਪਣੇ ਪਿਤਾ ਗੁਰੂ ਗੋਬਿੰਦ ਸਿੰਘ ਸਾਹਿਬ ਦਾ ਫਰਮਾਨ ਮੰਨਿਆ ਤੇ ਧਾਰਮਿਕ ਹੀ ਨਹੀਂ, ਸਮਾਜਿਕ ਤੇ ਰਾਜਨੀਤਿਕ ਖੇਤਰ ਵਿਚ ਵੀ ਵੱਡੀ ਚੜ੍ਹਤ ਪ੍ਰਾਪਤ ਕੀਤੀ। ਅੱਜ ਗੁਰੂ ਗੋਬਿੰਦ ਸਿੰਘ ਸਾਹਿਬ ਨੂੰ ਪਿਤਾ ਆਖਣ ਵਾਲੇ ਬਹੁਤ ਸਾਰੇ ਹਨ ਪਰ ਉਨ੍ਹਾਂ ਨੂੰ ਪਿਤਾ ਮੰਨਣ ਵਾਲੇ ਆਗਿਆਕਾਰੀ ਪੁੱਤਰ ਲੱਭਿਆਂ ਨਹੀਂ ਲੱਭਦੇ। ਪਿਤਾ ਗੁਰੂ ਗੋਬਿੰਦ ਸਿੰਘ ਸਾਹਿਬ ਦੇ ਸਿੱਖ ਦੀ ਪਛਾਣ ਨਾਮ ਦੇ ਅੰਤ ਵਿਚ ਲੱਗੇ ਸਿੰਘ, ਕੌਰ ਨਾਲ ਸੀ। ਸਿੱਖ ਦਾ ਪੂਰਾ ਵਜੂਦ ਗੁਰੂ ਦੀ ਬਖਸ਼ੀ ਪਦਵੀ 'ਤੇ ਟਿਕਿਆ ਹੋਇਆ ਸੀ। ਅੱਜ ਸਿੰਘ ਹੈ ਪਰ ਅੱਗੇ ਜਾਤ ਜੋੜ ਦਿੱਤੀ ਗਈ ਹੈ।**

ਗੁਰੂ ਤੇਗ ਬਹਾਦਰ ਸਾਹਿਬ ਦੀ ਅਦੁੱਤੀ ਸ਼ਹੀਦੀ ਦੇ 350 ਸਾਲ ਪੂਰੇ ਹੋ ਰਹੇ ਹਨ, ਨਾਲ ਹੀ ਗੁਰੂ ਗੋਬਿੰਦ ਸਿੰਘ ਸਾਹਿਬ ਦੇ ਗੁਰਤਾ ਗੱਦੀ 'ਤੇ ਆਸੀਨ ਹੋਣ ਦੇ ਵੀ 350 ਸਾਲ ਹੋ ਜਾਣਗੇ। ਇਨ੍ਹਾਂ 350 ਸਾਲਾਂ ਵਿਚ ਬਹੁਤ ਕੁੱਝ ਵਾਪਰਿਆ, ਸ਼ਾਨ-ਮਾਨ ਭਰੇ ਇਤਿਹਾਸ ਰਚੇ ਗਏ ਤੇ ਬਹੁਤ ਕੁੱਝ ਬਦਲ ਵੀ ਗਿਆ ਹੈ। ਖਾਸ ਤੌਰ 'ਤੇ ਪਿਛਲੇ ਸੌ ਸਾਲ ਆਸ ਦੇ ਘੱਟ ਨਿਰਾਸ਼ ਕਰਨ ਵਾਲੇ ਜ਼ਿਆਦਾ ਰਹੇ ਹਨ। ਸਮਾਂ ਔਖਾ ਜਿਹਾ ਆ ਗਿਆ ਹੈ। ਮੁਸ਼ਕਿਲ ਹੋਵੇ ਤਾਂ ਮਾਪੇ ਯਾਦ ਆਉਂਦੇ ਹਨ। ਅੱਜ ਗੁਰੂ ਗੋਬਿੰਦ ਸਿੰਘ ਸਾਹਿਬ ਵਾਰ-ਵਾਰ ਚੇਤੇ ਆ ਰਹੇ ਹਨ, ਜਿਨ੍ਹਾਂ ਇੱਕ-ਇੱਕ ਸਿੱਖ ਨੂੰ ਖਾਲਸਾਈ ਜਾਹੋ ਜਲਾਲ ਵਿਰਾਸਤ ਵਜੋਂ ਬਖਸ਼ ਕੇ ਸਦਾ ਲਈ ਸਵੈਮਾਣ ਨਾਲ ਭਰ ਦਿੱਤਾ ਸੀ। ਸੰਸਾਰ ਦਾ ਕੋਈ ਪਿਤਾ ਅਜਿਹਾ ਨਹੀਂ ਹੋਇਆ, ਜਿਸ ਨੇ ਆਪਣੇ "ਜੀਵਤ ਕਈ ਹਜ਼ਾਰ" ਪੁੱਤਰਾਂ ਨੂੰ ਅਜਿਹੀ ਵਿਰਾਸਤ ਪ੍ਰਦਾਨ ਕੀਤੀ ਹੋਵੇ, ਜੋ ਗੁਰੂ ਗੋਬਿੰਦ ਸਿੰਘ ਸਾਹਿਬ ਨੇ ਬਖਸ਼ੀ।

ਪਿਤਾ ਮੇਰੋ ਬਡੋ ਧਨੀ ਅਗਮਾ॥
ਉਸਤਤਿ ਕਵਨ ਕਰੀਜੈ ਕਰਤੇ ਪੇਖਿ ਰਹੇ ਬਿਸਮਾ॥
(ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ ੫੦੭)

ਖਾਲਸੇ ਦੇ ਪਿਤਾ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਸੰਸਾਰ ਦੀ ਸਰਵਉੱਚ ਸੱਤਾ ਸਨ। ਉਨ੍ਹਾਂ ਨੇ ਆਪਣੀ ਸੰਤਾਨ ਦੇ ਭਵਿੱਖ ਲਈ ਸਰਵਉੱਤਮ ਪ੍ਰਬੰਧ ਕੀਤੇ। ਆਪਣੇ ਸਿੱਖ ਲਈ ਗੁਰੂ ਸਾਹਿਬ ਅਜਿਹੀ ਜੀਵਨ ਵਿਵਸਥਾ ਸਿਰਜ ਕੇ ਗਏ, ਜਿਸ ਵਿਚ ਸਾਰੀਆਂ ਲਈ ਬਰਾਬਰੀ ਦਾ ਸਤਿਕਾਰ, ਸਨਮਾਨ, ਹੱਕ ਤੇ ਹਿੱਸਾ ਪੱਕਾ ਕੀਤਾ ਗਿਆ। ਜਾਤ-ਪਾਤ, ਵਰਣ, ਵਰਗ ਦੇ ਸਾਰੇ ਭੇਦ ਦੂਰ ਹੋ ਕੇ ਸਿੱਖ ਦੀ ਇੱਕ ਜਾਤ ਹੋ ਗਈ। ਪੁਰਖ ਲਈ ਸਿੰਘ ਤੇ ਇਸਤ੍ਰੀ ਲਈ ਕੌਰ। ਸਿੱਖ ਹੋਣ ਲਈ ਖਾਲਸਾ ਹੋਣਾ ਲਾਜ਼ਮੀ ਹੋ ਗਿਆ। ਇਹ ਅੰਤਰ ਅਵਸਥਾ ਦੀ ਇੱਕਰੂਪਤਾ ਸੀ, ਭਾਵਨਾ ਦੀ ਇੱਕਰੂਪਤਾ ਸੀ ਅਤੇ ਸਵਰੂਪ ਦੀ ਵੀ ਇੱਕਰੂਪਤਾ ਸੀ। ਅੰਤਰ ਵਿਚ ਸ਼ਬਦ ਅੰਮ੍ਰਿਤ ਦਾ ਪ੍ਰਕਾਸ਼, ਭਾਵਨਾ ਵਿਚ ਖੰਡੇ-ਬਾਟੇ ਦੀ ਪਾਹੁਲ ਦਾ ਨਿਵਾਸ ਤੇ ਵੇਸ਼ ਵਿਚ ਪੰਜ ਕਕਾਰਾਂ ਦਾ ਸ਼ਿੰਗਾਰ। ਇਸ ਇੱਕਰੂਪਤਾ ਨੇ ਖਾਲਸਾ ਨੂੰ ਇੱਕ ਮਜ਼ਬੂਤ ਤਾਕਤ ਦੇ ਰੂਪ ਵਿਚ ਬਦਲ ਦਿੱਤਾ। ਇਸ ਬੁਨਿਆਦ 'ਤੇ ਹੀ ਖਾਲਸਾ ਰਾਜ ਕਾਇਮ ਹੋਏ। ਖਾਲਸਾ ਦੀ ਸੰਗਠਨ ਸ਼ਕਤੀ ਮੁਗਲਾਂ ਤੇ ਅੰਗਰੇਜਾਂ ਲਈ ਸਭ ਤੋਂ ਵੱਡੀ ਚੁਣੌਤੀ ਸੀ। ਸਿੱਖ ਨੇ ਆਪਣੇ ਪਿਤਾ ਗੁਰੂ ਗੋਬਿੰਦ ਸਿੰਘ ਸਾਹਿਬ ਦਾ ਫਰਮਾਨ ਮੰਨਿਆ ਤੇ ਧਾਰਮਿਕ ਹੀ ਨਹੀਂ, ਸਮਾਜਿਕ ਤੇ ਰਾਜਨੀਤਿਕ ਖੇਤਰ ਵਿਚ ਵੀ ਵੱਡੀ ਚੜ੍ਹਤ ਪ੍ਰਾਪਤ ਕੀਤੀ। ਅੱਜ ਗੁਰੂ ਗੋਬਿੰਦ ਸਿੰਘ ਸਾਹਿਬ ਨੂੰ ਪਿਤਾ ਆਖਣ ਵਾਲੇ ਬਹੁਤ ਸਾਰੇ ਹਨ ਪਰ ਉਨ੍ਹਾਂ ਨੂੰ ਪਿਤਾ ਮੰਨਣ ਵਾਲੇ ਆਗਿਆਕਾਰੀ ਪੁੱਤਰ ਲੱਭਿਆਂ ਨਹੀਂ ਲੱਭਦੇ। ਪਿਤਾ ਗੁਰੂ ਗੋਬਿੰਦ ਸਿੰਘ ਸਾਹਿਬ ਦੇ ਸਿੱਖ ਦੀ ਪਛਾਣ ਨਾਮ ਦੇ ਅੰਤ ਵਿਚ ਲੱਗੇ ਸਿੰਘ, ਕੌਰ ਨਾਲ ਸੀ। ਸਿੱਖ ਦਾ ਪੂਰਾ ਵਜੂਦ ਗੁਰੂ ਦੀ ਬਖਸ਼ੀ ਪਦਵੀ 'ਤੇ ਟਿਕਿਆ ਹੋਇਆ ਸੀ। ਅੱਜ ਸਿੰਘ ਹੈ ਪਰ ਅੱਗੇ ਜਾਤ ਜੋੜ ਦਿੱਤੀ ਗਈ ਹੈ। ਜਾਤ ਨਹੀਂ, ਤਾਂ ਕਿੱਤੇ ਦਾ ਨਾਮ ਜੋੜ ਦਿੱਤਾ ਗਿਆ ਹੈ। ਬੋਲਚਾਲ ਵਿਚ, ਸਾਧਾਰਣ ਵਿਵਹਾਰ ਵਿਚ ਸਿੰਘ ਅਲੋਪ ਵੀ ਕਰ ਦਿੱਤਾ ਗਿਆ ਹੈ ਤੇ ਜਾਤ ਆ ਗਈ ਹੈ। ਇਹ ਆਪਣੇ ਪਿਤਾ ਦੇ ਪ੍ਰਤੀ ਭਾਵਨਾਤਮਕ ਦੂਰੀ ਨੂੰ ਦਰਸਾਉਂਦਾ ਹੈ। ਭਾਵਨਾਤਮਕ ਪੱਧਰ 'ਤੇ ਦੂਰ ਹੁੰਦੇ ਜਾਣਾ ਸਬੰਧ ਦਾ ਖੋਖਲਾ ਹੁੰਦਾ ਜਾਣਾ ਹੈ। ਕੀ ਪਿਤਾ ਗੁਰੂ ਗੋਬਿੰਦ ਸਿੰਘ ਸਾਹਿਬ ਨਾਲ ਸਿੱਖ ਦਾ ਸਬੰਧ ਖੋਖਲਾ ਹੋ ਗਿਆ ਹੈ, ਇਹ ਡੂੰਘੇ ਵਿਚਾਰ ਦਾ ਵਿਸ਼ਾ ਹੈ। ਇਸ ਦੇ ਪ੍ਰਭਾਵ ਚਿੰਤਿਤ ਕਰਨ ਵਾਲੇ ਹਨ। ਜਾਤਾਂ ਦੇ ਨਾਮ ਦੇ ਗੁਰਦੁਆਰੇ ਬਣ ਗਏ ਹਨ। ਵਿਆਹ ਲਈ ਜਾਤ ਵੇਖੀ ਜਾਂਦੀ ਹੈ। ਜਾਤ ਆਧਾਰਿਤ ਸੰਗਠਨ ਬਣ ਗਏ ਹਨ। ਸਿੱਖ ਲਈ ਸਿੱਖ ਆਪਣਾ ਨਹੀਂ ਰਿਹਾ, ਆਪਣੀ ਜਾਤ ਦਾ ਸਿੱਖ ਆਪਣਾ ਮੰਨਿਆ ਜਾ ਰਿਹਾ ਹੈ। ਗੁਰੂ ਗੋਬਿੰਦ ਸਿੰਘ ਸਾਹਿਬ ਦੀ ਗੱਲ ਅਸੀਂ ਕਿਵੇਂ ਕਰ ਸਕਦੇ ਹਾਂ, ਜੇ ਆਪਣੇ ਨਾਮ ਦੇ ਅਖੀਰ ਵਿਚ ਜਾਤ ਲਗਾ ਕੇ ਗੁਰੂ ਸਾਹਿਬ ਦੇ ਬਖਸ਼ੇ ਸਿੰਘ ਜਾਂ ਕੌਰ ਦੀ ਬੇਕਦਰੀ ਕਰ ਰਹੇ ਹਾਂ, ਨਿਰਾਦਰ ਕਰ ਰਹੇ ਹਾਂ। ਗੁਰੂ ਗੋਬਿੰਦ ਸਿੰਘ ਸਾਹਿਬ ਨੇ ਤਾਂ ਜਾਤ ਮਿਟਾ ਕੇ ਸਿੰਘ ਬਣਾਇਆ ਸੀ। ਅਸੀਂ ਅੱਜ ਵੀ ਉਸ ਮੁਰਦਾ ਹੋ ਗਈ ਜਾਤ ਨੂੰ ਗਲੇ ਦਾ ਹਾਰ ਬਣਾਇਆ ਹੋਇਆ ਹੈ। ਇਸ ਕਾਰਨ ਗੁਰੂ ਗੋਬਿੰਦ ਸਿੰਘ ਸਾਹਿਬ ਅੱਜ ਬਹੁਤ ਯਾਦ ਆਉਂਦੇ ਹਨ।

ਗੁਰੂ ਗੋਬਿੰਦ ਸਿੰਘ ਸਾਹਿਬ ਨੇ ਗੁਰੂ ਤੇ ਸਿੱਖ ਵਿਚਕਾਰ ਸਿੱਧਾ ਸਬੰਧ ਕਾਇਮ ਕਰਨ ਲਈ ਮਸੰਦ ਪ੍ਰਣਾਲੀ ਸਮਾਪਤ ਕਰ ਦਿੱਤੀ ਸੀ। ਸਿੱਖ ਬੇਨਤੀ ਕਰਦਾ ਸੀ, ਗੁਰੂ ਸੁਣਦਾ ਸੀ। ਗੁਰੂ ਸਿੱਖ ਦੀ ਜਾਣਦਾ ਸੀ, ਸਿੱਖ ਆਪਣੇ ਗੁਰੂ 'ਤੇ ਭਰੋਸਾ ਕਰਦਾ ਸੀ। ਕੋਈ ਦੂਰੀ ਨਹੀਂ ਸੀ ਤਾਂ ਹੀ ਜੈਤਾ ਗੁਰੂ ਦਾ ਬੇਟਾ ਬਣ ਸਕਿਆ ਸੀ। ਅੱਜ ਸਿੱਖ ਗੁਰੂ ਤੋਂ ਦੂਰ ਹੋ ਗਿਆ ਹੈ ਤੇ ਕਰ ਵੀ ਦਿੱਤਾ ਗਿਆ ਹੈ। ਅੱਜ ਗੁਰੂ ਤੱਕ ਪੁੱਜਣ ਲਈ ਕੋਈ ਸਿੱਧੀ ਰਾਹ ਨਹੀਂ ਰਹੀ, ਕਈ-ਕਈ ਮਾਧਿਅਮ ਬਣ ਗਏ ਹਨ। ਗੁਰੂ ਦਾ ਕਥਨ ਮਾਧਿਅਮਾਂ ਤੋਂ ਗੁਜ਼ਰਦਿਆਂ-ਗੁਜ਼ਰਦਿਆਂ ਹੋਰ ਦਾ ਹੋਰ ਹੀ ਰੂਪ ਲੈ ਲੈਂਦਾ ਹੈ। ਗੁਰੂ ਗੋਬਿੰਦ ਸਿੰਘ ਸਾਹਿਬ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਨਾਲ ਜੋੜਿਆ ਸੀ। ਅੱਜ ਗੁਰੂ ਸਾਹਿਬ ਦੇ ਹੀ ਨਾਮ 'ਤੇ ਉਸ ਜੋੜ ਵਿਚ ਤਰੇੜਾਂ ਪਾਈਆਂ ਜਾ ਰਹੀਆਂ ਹਨ। ਗੁਰੂ ਸਾਹਿਬ ਦੇ ਹੀ ਨਾਮ 'ਤੇ ਉਨ੍ਹਾਂ ਦੇ ਹੁਕਮ "ਗੁਰੂ ਮਾਨਿਯੋ ਗਰੰਥ" ਦੀ ਖੁੱਲ੍ਹੀ ਉਲੰਘਣਾ ਹੋ ਰਹੀ ਹੈ। ਗੁਰੂ ਨਾਨਕ ਸਾਹਿਬ ਦੇ ਪੰਥ ਨੂੰ ਹੀ ਅੱਗੇ ਵਧਾਉਂਦੇ ਹੋਏ ਗੁਰੂ ਗੋਬਿੰਦ ਸਿੰਘ ਸਾਹਿਬ ਕਰਮਕਾਂਡ, ਪਖੰਡ ਤੋਂ ਸਿੱਖਾਂ ਨੂੰ ਵਰਜਿਆ ਤੇ ਗੁਰ ਸ਼ਬਦ ਨੂੰ ਹੀ ਉਧਾਰ ਦਾ ਮਾਰਗ ਦੱਸਿਆ ਸੀ। ਪਿਤਾ ਦੀ ਸੌਂਪੀ ਕੁੰਜੀ ਤਾਂ ਸਿੱਖ ਵਰਤਣਾ ਹੀ ਭੁੱਲ ਗਿਆ ਹੈ। ਗੁਰੂ ਸਾਹਿਬ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਪੂਰੀ ਬਾਣੀ ਕੰਠ ਸੀ, ਤਾਂ ਹੀ ਆਪ ਨੇ ਸ੍ਰੀ ਦਮਦਮਾ ਸਾਹਿਬ ਵਿਚ ਪੂਰਾ ਸ੍ਰੀ ਗੁਰੂ ਗ੍ਰੰਥ ਸਾਹਿਬ ਲਿਖਵਾ ਕੇ ਸੰਪੂਰਨਤਾ ਪ੍ਰਦਾਨ ਕੀਤੀ ਸੀ। ਅੱਜ ਜਪੁ ਸਾਹਿਬ ਦੀ ਬਾਣੀ ਕੰਠ ਕਰਨ ਵਾਲੇ ਸਿੱਖ ਵੀ ਵਿਰਲੇ ਹੀ ਮਿਲਦੇ ਹਨ। ਸ੍ਰੀ ਹਜ਼ੂਰ ਸਾਹਿਬ ਨਾਂਦੇੜ ਦੀ ਧਰਤੀ 'ਤੇ ਕੀਤੇ ਗਏ ਦਸਮ ਪਿਤਾ ਬਵੰਜਾ ਹੁਕਮਾਂ ਵਿਚ ਸ਼ਾਮਿਲ ਹੁਕਮ ਜਿਵੇਂ ਗੁਰਬਾਣੀ ਕੰਠ ਕਰਨੀ, ਗੁਰਬਾਣੀ ਦੇ ਅਰਥ ਸਮਝਣੇ, ਸ਼ਬਦ ਅਭਿਆਸ ਕਰਨਾ ਆਦਿਕ ਵਿਸਾਰ ਹੀ ਦਿੱਤੇ ਗਏ ਹਨ।

ਗੁਰੂ ਗੋਬਿੰਦ ਸਿੰਘ ਸਾਹਿਬ ਦਾ ਸੰਨ 1675 ਤੋਂ ਸੰਨ 1708 ਤੱਕ ਦਾ ਗੁਰਤਾ ਕਾਲ ਚੁਣੌਤੀਆਂ ਤੇ ਸੰਘਰਸ਼ ਦਾ ਕਾਲ ਰਿਹਾ। ਗੁਰੂ ਸਾਹਿਬ ਨੇ ਹਰ ਚੁਣੌਤੀ ਦਾ ਬੜੇ ਸਬਰ ਤੇ ਸੂਝ-ਬੂਝ ਨਾਲ ਸਾਹਮਣਾ ਕੀਤਾ। ਔਖੀ ਤੋਂ ਔਖੀ ਸਥਿਤੀ ਵਿਚੋਂ ਵੀ ਆਪ ਜੇਤੂ ਬਣ ਕੇ ਨਿਕਲੇ। ਸਿਧਾਂਤਾਂ ਲਈ ਹਮੇਸ਼ਾ ਹਾਲਾਤ ਨਾਲ ਟਾਕਰਾ ਲਿਆ ਤੇ ਸਰਬੰਸ ਵਾਰ ਦਿੱਤਾ। ਇਹ ਜਜ਼ਬਾ ਖਾਲਸਾਈ ਜਜ਼ਬਾ ਸੀ 'ਨ ਡਰੋਂ ਅਰਿ ਸੋਂ ਜਬ ਜਾਇ ਲਰੋਂ ਨਿਸਚੈ ਕਰਿ ਅਪੁਨੀ ਜੀਤ ਕਰੋਂ"। ਅੱਜ ਸਿਧਾਂਤਾਂ ਦੀ ਥਾਂ ਸਮਝੌਤੇ ਲੈਂਦੇ ਜਾ ਰਹੇ ਹਨ। ਗੁਰੂ ਸਾਹਿਬ ਨੂੰ ਸਿਖਾਇਆ ਸੀ "ਇਹ ਲਾਲਚ ਹਉ ਗੁਨ ਤਉ ਉਚਰੋਂ", ਪਰ ਕੌਮ ਨੇ ਕੁਰਸੀਆਂ, ਪਦਵਿਆਂ ਤੇ ਲਾਲਚ ਪਾਲ ਲਏ ਹਨ। ਇਸ ਲਾਲਚ ਨੇ ਸਿੱਖ ਦੇ ਗੁਰੂ ਗੋਬਿੰਦ ਸਿੰਘ ਸਾਹਿਬ ਨੂੰ ਆਪਣਾ ਪਿਤਾ ਆਖਣ ਦੇ ਹੱਕ 'ਤੇ ਸਵਾਲ ਖੜ੍ਹਾ ਕਰ ਦਿੱਤਾ ਹੈ।

ਗੁਰੂ ਗੋਬਿੰਦ ਸਿੰਘ ਸਾਹਿਬ ਦੀ ਗੁਰਿਆਈ ਦਾ ਦਿਨ ਇੱਕ ਮਹਾਨ ਦਿਨ ਸੀ, ਜਦੋਂ ਸਿੱਖ ਕੌਮ ਅੰਦਰ ਆਏ ਵਿਲੱਖਣ ਬਦਲਾਵ ਦੀ ਇਬਾਰਤ ਲਿਖਣੀ ਆਰੰਭ ਹੋਈ ਸੀ। ਖਾਲਸੇ ਦੇ ਜਨਮ ਦੇ ਬੀਜ ਅੱਜ ਦੇ ਦਿਨ ਬੀਜੇ ਗਏ ਸਨ। ਇਹ ਆਪਣੀ ਹੋਂਦ ਦੀ ਨਿਸ਼ਾਨਦੇਹੀ ਕਰਨ ਦਾ ਦਿਨ ਹੈ। ਆਪਣੇ ਪਿਤਾ ਨੂੰ ਯਾਦ ਕਰਨ ਦੇ ਨਾਲ ਹੀ ਪਿਤਾ ਦੀ ਵਿਸਾਰੀ ਹੋਈ ਮਹਾਨ ਵਿਰਾਸਤ ਨੂੰ ਆਪਣੇ ਜੀਵਨ ਵਿਚ ਉਤਾਰਨ ਦਾ ਸੰਕਲਪ ਲੈਣ ਦਾ ਦਿਨ ਹੈ। ਆਪਣੇ ਆਪ ਨੂੰ ਆਪਣੇ ਪਿਤਾ ਗੁਰੂ ਗੋਬਿੰਦ ਸਿੰਘ ਸਾਹਿਬ ਦੀ ਸੁਯੋਗ ਸੰਤਾਨ ਸਾਬਿਤ ਕਰਨ ਦਾ ਦਿਨ ਹੈ।

# ਖ਼ੂਨਦਾਨ ਤੇ ਸਮਾਜ ਸੇਵਾ ਦਾ ਜਨੂੰਨੀ : ਪਰਮਿੰਦਰ ਭਲਵਾਨ


-ਉਜਾਗਰ ਸਿੰਘ
ਸਾਬਕਾ ਜ਼ਿਲ੍ਹਾ ਲੋਕ ਸੰਪਰਕ ਅਧਿਕਾਰੀ
ਮੋਬਾਈਲ-94178 13072
ujagarsingh48@yahoo.com
ਪੰਜਾਬ ਮੇਲ USA




ਸਮਾਜਿਕ ਤਾਣੇ-ਬਾਣੇ ਵਿਚ ਵੱਖ-ਵੱਖ ਵਿਚਾਰਾਂ, ਆਦਤਾਂ, ਵਿਵਹਾਰ, ਵਰਤਾਓ ਅਤੇ ਸਲੀਕੇ ਵਾਲੇ ਲੋਕ ਰਹਿੰਦੇ ਹਨ। ਹਰ ਇੱਕ ਦਾ ਸੁਭਾਅ ਵੱਖੋ-ਵੱਖਰਾ ਹੁੰਦਾ ਹੈ। ਮੁੱਖ ਤੌਰ 'ਤੇ ਹਰ ਵਿਅਕਤੀ ਸਭ ਤੋਂ ਪਹਿਲਾਂ ਆਪਣੇ ਨਿੱਜੀ ਅਤੇ ਫਿਰ ਆਪਣੇ ਪਰਿਵਾਰ ਦੀ ਬਿਹਤਰੀ ਲਈ ਕਾਰਜਸ਼ੀਲ ਰਹਿੰਦਾ ਹੈ, ਪ੍ਰੰਤੂ ਕੁਝ ਗਿਣਵੇਂ-ਚੁਣਵੇਂ ਲੋਕ ਅਜਿਹੇ ਵੀ ਹੁੰਦੇ ਹਨ, ਜਿਨ੍ਹਾਂ ਵਿਚ ਲੋਕ ਭਲਾਈ ਅਤੇ ਸਮਾਜ ਸੇਵਾ ਦੀ ਪ੍ਰਵਿਰਤੀ ਮੁੱਖ ਹੁੰਦੀ ਹੈ। ਅਜਿਹੇ ਲੋਕ ਸਮਾਜ ਦੀ ਬਿਹਤਰੀ ਲਈ ਕਾਰਜਸ਼ੀਲ ਰਹਿੰਦੇ ਹਨ, ਪ੍ਰੰਤੂ ਇਸਦੇ ਨਾਲ ਹੀ ਉਹ ਆਪਣੇ ਪਰਿਵਾਰਾਂ ਦੀ ਵੇਖ-ਭਾਲ ਵੀ ਸੁਚੱਜੇ ਢੰਗ ਨਾਲ ਬਾਦਸਤੂਰ ਕਰਦੇ ਰਹਿੰਦੇ ਹਨ। ਅਜਿਹੇ ਲੋਕਾਂ ਵਿਚ ਪਟਿਆਲਾ ਦੇ ਰਹਿਣ ਵਾਲੇ ਪਰਮਿੰਦਰ ਭਲਵਾਨ ਹਨ, ਜਿਹੜੇ ਹਮੇਸ਼ਾ ਖ਼ੂਨਦਾਨ ਤੇ ਸਮਾਜ ਸੇਵਾ ਲਈ ਮੋਹਰੀ ਦੀ ਭੂਮਿਕਾ ਨਿਭਾਉਂਦੇ ਰਹਿੰਦੇ ਹਨ। ਖ਼ੂਨਦਾਨ ਕਰਨਾ ਉਸਦਾ ਸ਼ੌਕ ਹੈ। ਉਸਨੇ 49 ਸਾਲ ਦੀ ਉਮਰ ਵਿਚ ਹੁਣ ਤੱਕ 93 ਵਾਰੀ ਖ਼ੂਨਦਾਨ ਕਰਕੇ ਇਤਿਹਾਸ ਸਿਰਜ ਦਿੱਤਾ ਹੈ। ਪਰਮਿੰਦਰ ਭਲਵਾਨ ਨੇ ਪਹਿਲੀ ਵਾਰ ਸਕੂਲ ਵਿਚ ਪੜ੍ਹਦਿਆਂ ਹੀ 1992 ਵਿਚ ਖ਼ੂਨਦਾਨ ਕੀਤਾ ਸੀ, ਉਸ ਤੋਂ ਬਾਅਦ ਉਸਨੂੰ ਖ਼ੂਨਦਾਨ ਕਰਨ ਅਤੇ ਸਮਾਜ ਸੇਵਾ ਦੀ ਅਜਿਹੀ ਚੇਟਕ ਲੱਗੀ ਕਿ ਉਹ ਲਗਾਤਾਰ ਖ਼ੂਨਦਾਨ ਆਪ ਹੀ ਨਹੀਂ ਕਰਦੇ, ਸਗੋਂ ਨੌਜਵਾਨਾ ਨੂੰ ਵੀ ਪ੍ਰੇਰਿਤ ਕਰਕੇ ਖ਼ੂਨਦਾਨ ਕਰਵਾਉਂਦੇ ਹਨ। ਇਸ ਮੰਤਵ ਲਈ ਉਹ ਸਕੂਲਾਂ, ਕਾਲਜਾਂ ਅਤੇ ਯੂਨੀਵਰਸਿਟੀਆਂ ਵਿਚ ਸੈਮੀਨਾਰ, ਨਾਟਕ ਅਤੇ ਸੱਭਿਆਚਾਰਕ ਸਮਾਗਮ ਕਰਵਾਕੇ ਵਿਦਿਆਰਥੀਆਂ ਨੂੰ ਪ੍ਰੇਰਤ ਕਰਦੇ ਹਨ। ਉਹ ਲੋੜਵੰਦ ਦੀ ਮਦਦ ਕਰਨ ਲਈ ਹਮੇਸ਼ਾ ਤੱਤਪਰ ਰਹਿੰਦੇ ਹਨ। ਖ਼ੂਨਦਾਨ ਕਰਨ ਨੂੰ ਇਨਸਾਨ ਦੀ ਉਹ ਸਭ ਤੋਂ ਪਵਿੱਤਰ ਸੇਵਾ ਮੰਨਦੇ ਹਨ, ਇਸ ਲਈ ਉਹ ਖ਼ੂਨਦਾਨ ਕੈਂਪ ਲਗਾਉਣ ਲਈ ਤੱਤਪਰ ਰਹਿੰਦੇ ਹਨ। ਉਸਨੇ ਹੁਣ ਤੱਕ ਨਹਿਰੂ ਯੁਵਕ ਕੇਂਦਰ, ਸਮਾਜਿਕ, ਧਾਰਮਿਕ, ਸੱਭਿਆਚਾਰਕ, ਵਿਦਿਅਕ ਸੰਸਥਾਵਾਂ, ਸਰਕਾਰੀ ਅਦਾਰਿਆਂ, ਨੌਜਵਾਨ ਸਭਾਵਾਂ, ਯੂਥ ਕਲੱਬਾਂ, ਸਵੈ-ਇੱਛਤ ਸੰਸਥਾਵਾਂ ਅਤੇ ਹੋਰ ਨਿੱਜੀ ਅਦਾਰਿਆਂ ਦੇ ਸਹਿਯੋਗ ਨਾਲ 800 ਖ਼ੂਨਦਾਨ ਕੈਂਪ ਲਗਾਕੇ 45000 ਯੂਨਿਟ ਬਲੱਡ ਵੱਖ-ਵੱਖ ਬਲੱਡ ਬੈਂਕਾਂ ਤੇ ਹਸਪਤਾਲਾਂ ਲਈ ਇਕੱਤਰ ਕਰਕੇ ਲੋੜਵੰਦਾਂ ਦੀ ਮਦਦ ਕੀਤੀ ਹੈ। ਕੋਵਿਡ-2019 ਦੇ ਦੌਰਾਨ 2000 ਯੂਨਿਟ ਬਲੱਡ ਵਿਸ਼ੇਸ਼ ਤੌਰ 'ਤੇ ਇਕੱਤਰ ਕਰਵਾਏ ਗਏ। ਕੋਵਿਡ-2019 ਦੌਰਾਨ ਲੋਕਾਂ ਨੂੰ ਮੁਫ਼ਤ ਸੈਨੇਟਾਈਜ਼ਰ, ਮਾਸਕ, ਸਾਬਣ ਅਤੇ ਇਸਤਰੀਆਂ ਲਈ ਸੈਨੇਟਰੀ ਪੈਡ ਸਪਲਾਈ ਕੀਤੇ ਗਏ, ਜਿਸ ਕਰਕੇ ਜ਼ਿਲ੍ਹਾ ਪ੍ਰਸ਼ਾਸਨ ਨੇ ਪਰਮਿੰਦਰ ਭਵਲਵਾਨ ਨੂੰ ਸਨਮਾਨਤ ਕੀਤਾ ਸੀ। ਸਮਾਜ ਸੇਵਾ ਲਈ ਚੁੱਕੇ ਜਾ ਰਹੇ ਹਰ ਕਦਮ ਲਈ ਉਹ ਸਰਕਾਰ ਅਤੇ ਸਮਾਜਿਕ ਸੰਸਥਾਵਾਂ ਨਾਲ ਲਗਾਤਾਰ ਸਰਗਰਮ ਰਹਿੰਦੇ ਹਨ। ਸਮਾਜ ਸੇਵਾ ਲਈ ਉਹ ਨਹਿਰੂ ਯੁਵਕ ਕੇਂਦਰ, ਯੁਵਾ ਅਤੇ ਖੇਡ ਮੰਤਰਾਲਾ ਭਾਰਤ ਸਰਕਾਰ ਦੇ ਪ੍ਰੋਗਰਾਮਾਂ ਵਿਚ ਸ਼ਾਮਲ ਹੋ ਕੇ ਦੇਸ਼ ਦੇ ਲਗਪਗ ਹਰ ਰਾਜ ਵਿਚ ਸੇਵਾ ਕਰਦੇ ਰਹਿੰਦੇ ਹਨ। 2007 ਵਿਚ ਭਾਰਤ ਸਰਕਾਰ ਦੇ ਯੁਵਾ ਤੇ ਖੇਡ ਮੰਤਰਾਲਾ ਨੇ ਦੇਸ਼ ਦੀ ਆਜ਼ਾਦੀ ਦੇ 150 ਸਾਲਾ ਪ੍ਰੋਗਰਾਮਾਂ ਦੀ ਲੜੀ ਵਿਚ ਮੇਰਠ ਉਤਰ ਪ੍ਰਦੇਸ਼ ਤੋਂ ਲਾਲ ਕਿਲ੍ਹਾ ਦਿੱਲੀ ਤੱਕ ਪੈਦਲ ਯਾਤਰਾ ਦਾ ਆਯੋਜਨ ਕੀਤਾ ਸੀ। ਇਸ ਯਾਤਰਾ ਵਿਚ ਭਾਰਤ ਵਿਚੋਂ 5 ਲੱਖ ਨੌਜਵਾਨਾਂ ਨੇ ਹਿੱਸਾ ਲਿਆ ਸੀ। ਪੰਜਾਬ ਦੇ 5000 ਨੌਜਵਾਨਾਂ ਦੇ ਪ੍ਰਤੀਨਿਧ ਮੰਡਲ ਦੀ ਅਗਵਾਈ ਪਰਮਿੰਦਰ ਭਵਲਵਾਨ ਨੇ ਕੀਤੀ ਸੀ। ਸਮਾਜ ਸੇਵਾ ਹੀ ਉਸਨੇ ਆਪਣੀ ਜ਼ਿੰਦਗੀ ਦਾ ਮੰਤਵ ਬਣਾ ਲਿਆ ਹੈ।

ਪਰਮਿੰਦਰ ਭਲਵਾਨ ਨੇ ਸਕੂਲ ਵਿਚ ਪੜ੍ਹਦਿਆਂ ਹੀ ਸਮਾਜ ਸੇਵਾ ਕਰਨੀ ਸ਼ੁਰੂ ਕਰ ਦਿੱਤੀ ਸੀ। ਉਸਤੋਂ ਬਾਅਦ ਉਹ ਸਮਾਜਿਕ ਅਤੇ ਸੱਭਿਆਚਾਰਕ ਸਰਗਰਮੀਆਂ ਵਿਚ ਹਿੱਸਾ ਲੈਂਦਾ ਰਿਹਾ ਅਤੇ ਇਸੇ ਲੜੀ ਵਿਚ ਉਸਦੀ ਸਮਾਜ ਸੇਵਾ ਦੀ ਰੁਚੀ ਨੂੰ ਮੁੱਖ ਰੱਖਦਿਆਂ ਉਹ 2001 ਵਿਚ ਪਟਿਆਲਾ ਦੇ ਦੀਪ ਨਗਰ ਇਲਾਕੇ ਦੀ ਵੈੱਲਫ਼ੇਅਰ ਯੂਥ ਕਲੱਬ ਦਾ ਪ੍ਰਧਾਨ ਚੁਣਿਆਂ ਗਿਆ। ਇਸ ਦੌਰਾਨ ਉਹ ਨਹਿਰੂ ਯੁਵਾ ਕੇਂਦਰ, ਯੁਵਾ ਤੇ ਖੇਡ ਮੰਤਰਾਲਾ ਭਾਰਤ ਸਰਕਾਰ ਦੀ ਪਟਿਆਲਾ ਇਕਾਈ ਨਾਲ ਜੁੜ ਗਿਆ। ਇਹ ਸੰਸਥਾ ਨੌਜਵਾਨਾਂ ਵਿਚ ਲੀਡਰਸ਼ਿਪ ਦੀ ਭਾਵਨਾ ਪੈਦਾ ਕਰਨ ਵਿਚ ਸਹਿਯੋਗੀ ਬਣਦੀ ਹੈ। ਫਿਰ 2005 ਵਿਚ ਪਟਿਆਲਾ ਜ਼ਿਲ੍ਹਾ ਯੂਥ ਕਲੱਬਜ਼ ਆਰਗੇਨਾਈਜ਼ੇਸ਼ਨ ਦਾ ਪ੍ਰਧਾਨ ਚੁਣਿਆ ਗਿਆ। ਪਰਮਿੰਦਰ ਭਲਵਾਨ ਨੇ ਪਟਿਆਲਾ ਜ਼ਿਲ੍ਹੇ ਦੀਆਂ 800 ਕਲੱਬਾਂ ਨੂੰ ਆਪਣੇ ਨਾਲ ਜੋੜਕੇ ਸਮਾਜ ਸੇਵਾ ਦਾ ਬੀੜਾ ਚੁੱਕਣ ਲਈ ਪ੍ਰੇਰਿਤ ਕੀਤਾ। ਇਸ ਕਰਕੇ 2005 ਵਿਚ ਹੀ ਉਸਨੂੰ ਪੰਚਾਇਤੀ ਯੁਵਾ ਸ਼ਕਤੀ ਅਭਿਆਨ ਭਾਰਤ ਸਰਕਾਰ ਨੇ ਪੰਜਾਬ ਦੇ ਨੁਮਾਇੰਦੇ ਵਜੋਂ ਮੈਂਬਰ ਬਣਾਇਆ। ਉਸ ਦੀ ਸਮਾਜ ਸੇਵਾ ਦੀ ਪ੍ਰਵਿਰਤੀ ਦਾ ਮੁੱਲ ਪਾਉਂਦਿਆਂ ਨਹਿਰੂ ਯੁਵਾ ਕੇਂਦਰ ਪਟਿਆਲਾ ਨੇ 2006 ਤੋਂ 2015 ਤੱਕ ਆਪਣੀ ਸਲਾਹਕਾਰ ਕਮੇਟੀ ਦਾ ਮੈਂਬਰ ਨਿਯੁਕਤ ਕਰਕੇ ਰੱਖਿਆ। ਪਰਮਿੰਦਰ ਭਲਵਾਨ ਨੇ ਪਟਿਆਲਾ ਜ਼ਿਲ੍ਹੇ ਦੀਆਂ ਯੂਥ ਕਲੱਬਾਂ ਦੇ ਸਹਿਯੋਗ ਨਾਲ ਪਿੰਡਾਂ ਦੀਆਂ ਸਮਾਜਿਕ ਤੇ ਧਾਰਮਿਕ ਸੰਸਥਾਵਾਂ, ਪੰਚਾਇਤਾਂ ਦੀਆਂ ਸਾਂਝੀਆਂ ਥਾਵਾਂ ਅਤੇ ਕਿਸਾਨਾਂ ਦੀਆਂ ਮੋਟਰਾਂ 'ਤੇ 5000 ਰੁੱਖ ਲਗਾਏ। ਪਰਮਿੰਦਰ ਭਲਵਾਨ ਨੇ ਸਮੁੱਚੇ ਦੇਸ਼ ਦੇ 22 ਰਾਜਾਂ ਅਤੇ ਕੇਂਦਰੀ ਸ਼ਾਸ਼ਤ ਪ੍ਰਦੇਸਾਂ ਵਿਚ ਨਹਿਰੂ ਯੁਵਾ ਕੇਂਦਰ ਸੰਗਠਨ ਯੁਵਾ ਤੇ ਖੇਡ ਮੰਤਰਾਲਾ ਭਾਰਤ ਸਰਕਾਰ ਵੱਲੋਂ ਲਗਾਏ ਗਏ 170 'ਕੌਮੀ ਏਕਤਾ' ਕੈਂਪਾਂ ਵਿਚ ਸ਼ਮੂਲੀਅਤ ਕੀਤੀ। ਇਸ ਦੌਰਾਨ 140 ਕੈਂਪਾਂ ਵਿਚ ਉਸਨੂੰ 'ਬੈਸਟ ਯੂਥ ਲੀਡਰ' ਦਾ ਪੁਰਸਕਾਰ ਦਿੱਤਾ ਗਿਆ। ਭਾਰਤ ਦੇ ਵੱਖ-ਵੱਖ ਰਾਜਾਂ ਵਿਚ ਸਮਾਜ ਸੇਵਾ ਦਾ ਕੰਮ ਕਰ ਰਹੀ ਸਵੈ-ਸੇਵੀ ਸੰਸਥਾ ਯੂਥ ਫ਼ੈਡਰੇਸ਼ਨ ਆਫ਼ ਇੰਡੀਆ ਦੇ ਪ੍ਰਧਾਨ ਦੇ ਤੌਰ 'ਤੇ ਉਹ 2009 ਤੋਂ 2015 ਤੱਕ ਫ਼ਰਜ਼ ਨਿਭਾਉਂਦਾ ਰਿਹਾ। ਉਸਨੇ 2011, 12 ਅਤੇ 13 ਵਿਚ ਨਹਿਰੂ ਯੁਵਾ ਕੇਂਦਰ ਪਟਿਆਲਾ ਦੇ ਸਹਿਯੋਗ ਨਾਲ ਪਟਿਆਲਾ ਜ਼ਿਲ੍ਹੇ ਦੇ ਵੱਖ-ਵੱਖ ਪਿੰਡਾਂ ਵਿਚ ਨਸ਼ਿਆਂ ਵਿਰੁੱਧ ਨੌਜਵਾਨਾਂ ਨੂੰ ਜਾਗ੍ਰਿਤ ਕਰਨ ਲਈ 2000 ਨਾਟਕ, ਨੁਕੜ ਨਾਟਕ, ਸੈਮੀਨਾਰ ਅਤੇ ਜਾਗਰੂਕ ਰੈਲੀਆਂ ਆਯੋਜਤ ਕੀਤੀਆਂ। ਨੌਜਵਾਨਾਂ ਨੂੰ ਨਸ਼ਿਆਂ ਦੇ ਦੁਰਪ੍ਰਭਾਵ ਤੋਂ ਜਾਣੂੰ ਕਰਵਾਉਂਦਿਆਂ ਉਨ੍ਹਾਂ ਨੂੰ ਆਪਣੇ ਨਾਲ ਜੋੜਿਆ। ਇਸੇ ਤਰ੍ਹਾਂ 2021 ਵਿਚ ਭਾਰਤ ਸਰਕਾਰ ਦੇ ਸਮਾਜਿਕ ਨਿਆਂ ਅਤੇ ਸਸ਼ਕਤੀਕਰਨ ਮੰਤਰਾਲਾ ਵੱਲੋਂ 'ਨਸ਼ਾ ਮੁਕਤ ਭਾਰਤ ਅਭਿਆਨ' ਭਾਰਤ ਦੇ 272 ਜ਼ਿਲ੍ਹਿਆਂ ਵਿਚ ਸ਼ੁਰੂ ਕੀਤਾ ਗਿਆ, ਜਿਸ ਵਿਚ ਪਟਿਆਲਾ ਜ਼ਿਲ੍ਹਾ ਵੀ ਸ਼ਾਮਲ ਸੀ, ਪਰਮਿੰਦਰ ਭਲਵਾਨ ਨੂੰ ਪਟਿਆਲਾ ਜ਼ਿਲ੍ਹੇ ਦੇ ਨਸ਼ਾ ਮੁਕਤ ਅਭਿਆਨ ਦਾ ਮੈਂਬਰ ਬਣਾਇਆ ਗਿਆ ਅਤੇ 2021 ਤੋਂ 2025 ਤੱਕ 1000 ਪ੍ਰੋਗਰਾਮ, ਰੈਲੀਆਂ, ਸੈਮੀਨਾਰ ਅਤੇ ਨੁਕੜ ਨਾਟਕ ਆਯੋਜਿਤ ਕਰਕੇ ਉਸਨੇ ਆਪਣਾ ਯੋਗਦਾਨ ਪਾਇਆ। ਇਸ ਤੋਂ ਇਲਾਵਾ ਸਮਾਜਿਕ ਕੁਰੀਤੀਆਂ ਭਰੂਣ ਹੱਤਿਆ, ਦਾਜ-ਦਹੇਜ ਅਤੇ ਏਡਜ਼ ਵਿਰੁੱਧ 500 ਵੱਖ-ਵੱਖ ਪਿੰਡਾਂ ਵਿਚ ਸਮਾਗਮ ਕਰਵਾਕੇ ਲੋਕਾਂ ਨੂੰ ਜਾਗ੍ਰਿਤ ਕੀਤਾ। ਅਜਿਹੇ ਸਮਾਗਮ ਖਾਸ ਤੌਰ 'ਤੇ ਸਕੂਲਾਂ ਵਿਚ ਆਯੋਜਿਤ ਕਰਵਾਏ ਗਏ। ਇਸੇ ਤਰ੍ਹਾਂ 2001 ਤੋਂ 2023 ਤੱਕ ਸ਼ਹਿਰਾਂ ਦੀਆਂ ਗ਼ਰੀਬ ਬਸਤੀਆਂ ਅਤੇ ਵਧੇਰੇ ਕਰਕੇ ਪਿੰਡਾਂ ਵਿਚ ਲੋੜਵੰਦ ਲੜਕੀਆਂ/ਇਸਤਰੀਆਂ ਨੂੰ ਸਿਲਾਈ ਕਢਾਈ ਅਤੇ ਬਿਊਟੀ ਪਾਰਲਰ ਦੀ ਮੁਫ਼ਤ ਸਿੱਖਿਆ ਦੇਣ ਲਈ 200 ਸਿਲਾਈ ਕਢਾਈ ਅਤੇ ਬਿਊਟੀ ਪਾਰਲਰ ਸੈਂਟਰ ਖੁੱਲ੍ਹਵਾਏ ਗਏ। ਇਸ ਤੋਂ ਇਲਾਵਾ ਉਸਨੇ ਆਪਣੇ ਦੋਸਤਾਂ ਦੇ ਸਹਿਯੋਗ ਨਾਲ ਅੰਗਹੀਣਾਂ ਨੂੰ 300 ਟਰਾਈਸਾਈਕਲ ਅਤੇ ਵ੍ਹੀਲ ਚੇਅਰ ਦਿੱਤੀਆਂ। ਉਹ ਸਿਵਲ ਡਿਫ਼ੈਂਸ ਵਿਚ ਵੀ ਆਪਣੀਆਂ ਸੇਵਾਵਾਂ ਦੇ ਰਿਹਾ ਹੈ। ਪਰਮਿੰਦਰ ਭਵਲਵਾਨ ਪੁਲਿਸ ਦੇ ਸਾਂਝ ਕੇਂਦਰ ਅਤੇ ਵੂਮੈਨ ਕਾਊਂਸਲਿੰਗ ਸੈਲ ਦਾ ਵੀ ਮੈਂਬਰ ਹੈ। ਪਰਮਿੰਦਰ ਭਲਵਾਨ ਦੀਆਂ ਸਮਾਜ ਸੇਵਾਵਾਂ ਦੀ ਕਦਰ ਕਰਦਿਆਂ ਉਨ੍ਹਾਂ ਨੂੰ ਬਹੁਤ ਸਾਰੇ ਰਾਜਾਂ ਅਤੇ ਵਿਸ਼ੇਸ਼ ਤੌਰ 'ਤੇ ਪੰਜਾਬ ਸਰਕਾਰ ਅਤੇ ਹੋਰ ਸਵੈ-ਸੇਵੀ ਸੰਸਥਾਵਾਂ ਨੇ ਮਾਨ-ਸਨਮਾਨ ਦੇ ਕੇ ਪੁਰਸਕਾਰਿਤ ਕੀਤਾ। ਇਸ ਸੰਬੰਧੀ ਮੱਧ ਪ੍ਰਦੇਸ਼ ਸਰਕਾਰ ਨੇ 2006 ਵਿਚ 'ਸ਼ਹੀਦ ਮੰਗਲ ਪਾਂਡੇ' ਪੁਰਸਕਾਰ ਦੇ ਕੇ ਸਨਮਾਨਿਤ ਕੀਤਾ ਸੀ। 2006 ਵਿਚ ਹੀ ਦੇਹਰਾਦੂਨ ਵਿਖੇ ਲੱਗੇ ਨੈਸ਼ਨਲ ਹਾਈਕਿੰਗ ਟਰੈਕਿੰਗ ਅਤੇ ਐਡਵੈਂਚਰ ਕੈਂਪ ਵਿਚ ਬੈਸਟ ਯੂਥ ਲੀਡਰ ਦਾ ਸਨਮਾਨ ਦਿੱਤਾ ਸੀ। 2006-07 ਵਿਚ ਪੰਜਾਬ ਸਰਕਾਰ ਨੇ 'ਸ਼ਹੀਦ-ਏ-ਆਜ਼ਮ ਭਗਤ ਸਿੰਘ ਰਾਜ ਯੁਵਾ ਪੁਰਸਕਾਰ' ਦਿੱਤਾ ਸੀ। ਇਸ ਤੋਂ ਇਲਾਵਾ 25 ਤੋਂ ਵੱਧ ਵਾਰ ਜ਼ਿਲ੍ਹਾ ਪ੍ਰਸ਼ਾਸਨ ਅਤੇ ਸੈਂਕੜੇ ਵਾਰੀ ਸਮਾਜ ਸੇਵੀ ਸੰਸਥਾਵਾਂ ਨੇ ਸਨਮਾਨਤ ਕੀਤਾ ਸੀ।

ਪਰਮਿੰਦਰ ਸਿੰਘ ਭਲਵਾਨ ਦਾ ਜਨਮ ਪਿਤਾ ਬਲਵੀਰ ਸਿੰਘ ਤੇ ਮਾਤਾ ਰਾਜਿੰਦਰ ਕੌਰ ਦੀ ਕੁੱਖੋਂ ਉਸਦੇ ਨਾਨਕੇ ਪਿੰਡ ਕੁਲਾਰਾਂ ਜ਼ਿਲ੍ਹਾ ਪਟਿਆਲਾ ਵਿਚ 28 ਦਸੰਬਰ 1976 ਨੂੰ ਹੋਇਆ। ਉਸਦਾ ਜੱਦੀ ਪਿੰਡ ਰਿਉਣਾ ਨੀਵਾਂ ਜ਼ਿਲ੍ਹਾ ਪਟਿਆਲਾ (ਹੁਣ ਫ਼ਤਿਹਗੜ੍ਹ ਸਾਹਿਬ) ਹੈ। ਉਸਨੇ ਦਸਵੀਂ ਤੱਕ ਦੀ ਪੜ੍ਹਾਈ ਸੀਨੀਅਰ ਸੈਕੰਡਰੀ ਸਕੂਲ ਤ੍ਰਿਪੜੀ ਪਟਿਆਲਾ ਤੇ ਬਾਰ੍ਹਵੀਂ ਤੱਕ ਦੀ ਪੜ੍ਹਾਈ ਸੀਨੀਅਰ ਸੈਕੰਡਰੀ ਸਕੂਲ ਖਾਲਸਾ ਸਕੂਲ ਚੁਡਿਆਲ ਪਟਿਆਲਾ ਤੋਂ ਪਾਸ ਕੀਤੀ।



ਤਸਵੀਰ : ਪਰਮਿੰਦਰ ਭਲਵਾਨ

# ਪੰਜਾਬ ਤੇਰੀ ਮੁਹੱਬਤ ਦੀਆਂ ਗਲਵੱਕੜੀਆਂ ਤਾਂ ਬਹੁਤ ਪੀਡੀਆਂ ਹੁੰਦੀਆਂ ਸਨ - "ਮੇਰਾ ਪੰਜਾਬ"


-ਡਾਕਟਰ ਅਮਰਜੀਤ ਟਾਂਡਾ
ਸੰਪਰਕ +61 412913021
ਪੰਜਾਬ ਮੇਲ USA






ਪੰਜਾਬ ਤੇਰੀ ਮੁਹੱਬਤ ਦੀਆਂ ਬਾਂਹਾਂ ਦੀਆਂ ਗਲਵੱਕੜੀਆਂ ਤਾਂ ਬਹੁਤ ਪੀਡੀਆਂ ਹੁੰਦੀਆਂ ਸਨ। ਗੈਰਤ, ਅਦਬ, ਹਿਰਸ ਵੀ ਅਰਸ਼ ਵਰਗੀ। ਕੁੜੀਆਂ ਦੇ ਚਾਅ, ਤ੍ਰਿੰਞਣਾਂ ਦੇ ਗੀਤ ਕਿੱਥੇ ਗੁਆਚ ਗਏ ਨੇ। ਗੱਲਾਂ ਬੋਲ ਸ਼ਰੀਕਣੀ ਦੀਆਂ। ਕੁਰਬਾਨੀਆਂ ਜਿਗਰੇ ਤੇ ਹੌਂਸਲੇ ਦੀਆਂ ਬੁਲੰਦੀਆਂ। ਖ਼ਾਤਰਾਂ, ਸੇਵਾਵਾਂ ਦੇ ਨੇੜੇ-ਨੇੜੇ ਹੋ ਕੇ ਬਹਿੰਦੇ ਮੋਹ। ਕਿੱਥੇ ਸ਼ਰਮਾਂ, ਸ਼ਰਾਫ਼ਤਾਂ। ਲੋਰਾਂ 'ਚ ਨੱਕੋ-ਨੱਕ ਡੁੱਬੀਆਂ ਮਹਿਫ਼ਲਾਂ, ਦਾਰੂ ਦੇ ਸਰੂਰ। ਨੈਣਾਂ ਦੇ ਜ਼ਖ਼ਮੀ ਕੀਤੇ ਪਹਿਰ। ਅਣਟੁੱਟ ਇਸ਼ਕ। ਭਾਈਚਾਰਾ ਨਾ ਖੁੱਲ੍ਹਣ ਵਾਲਾ, ਪਰਬਤੀ ਹਿੱਤ। ਗੁਆਚੇ ਕਿੱਥੇ ਹੱਸਦੇ, ਚਿੱਟੇ ਗੋਰੀਆਂ ਦੇ ਦੰਦ। ਗੀਤ ਗਾਉਂਦੀਆਂ ਵੰਗਾਂ ਵਾਲੀਆਂ ਵੀਣੀਆਂ। ਹਿੱਕਾਂ ਸਾਹਾਂ ਦੇ ਮਿੱਠੇ ਘੁੱਟਾਂ ਵਾਲੇ ਬੋਲ। ਮਾਣ, ਜ਼ੋਰ ਘੁੱਟ ਕੇ ਪਾਈਆਂ ਜੱਫੀਆਂ ਦਾ।

ਸੰਦੂਕਾਂ ਓਹਲੇ ਨੂੰਹਾਂ ਦਾ ਸੱਸਾਂ ਨੂੰ ਕੁੱਟਣ ਦਾ ਦਬਕਾ। ਦਿਲ ਦਰਿਆ ਸੱਸਾਂ ਦੇ। ਜਵਾਈਆਂ ਦੀ ਪੂਰੀ ਪੁਰਾਣੀ ਕਦਰ। ਆਓ ਭਗਤ ਤਾਰਿਆਂ ਵਰਗੀ। ਧੀਆਂ ਦੇ ਲਿਹਾਜ਼। ਵਹੁਟੀਆਂ ਦੇ ਸ਼ਿੰਗਾਰ ਤੇ ਸੰਭਾਰ। ਨਵੀਆਂ-ਵਿਆਹੀਆਂ ਦੇ ਗੁੰਮੇ ਚਾਅ ਲਾਡ ਆਦਰ। ਮਹਿੰਦੀ ਦੇ ਰੰਗ ਸੁਹਾਗ ਦੇ ਗੀਤ। ਤਿੱਲੇਦਾਰ ਜੁੱਤੀਆਂ। ਹੱਥ ਪੈਰ ਰੰਗੇ। ਘੱਗਰੇ ਸਾਲੂ ਬਾਗ਼ ਤੇ ਫੁਲਕਾਰੀਆਂ ਕਿਹੜੀ ਕੁਲੱਛਣੀ ਖਾ ਗਈ?

ਹਾੜ੍ਹਾਂ ਦੇ ਕਿੱਥੋਂ ਲੱਭ ਕੇ ਲਿਆਵਾਂ ਵਕਤ! ਆਸ਼ਿਕ ਫ਼ਨਾਂ ਵਾਲੀ ਪਹਿਲੀ ਪੁਰਾਣੀ ਸੱਭਿਅਤਾ ਦਾ ਪੰਘੂੜਾ। ਮਿਲ-ਗਿਲ ਜੀਣਾ ਦੁਪਹਿਰਾਂ ਸ਼ਮ੍ਹਾਦਾਨਾ ਵਾਲੀਆਂ ਸ਼ਾਮਾਂ ਦਾ। ਸਦੀਆਂ ਵਰਗੇ ਖੜ੍ਹੇ ਬਾਬਿਆਂ ਵਰਗੇ ਛਾਂਵਾਂ ਦੇ ਦਾਤੇ ਬੋਹੜ। ਕਿਹੜੇ ਆਰਿਆਂ ਕੁਹਾੜਿਆਂ ਨੇ ਖਾ ਲਏ। ਮਾਰ ਦਿੱਤੇ ਇਤਿਹਾਸ, ਕਿੱਥੇ ਉੱਡ ਗਿਆ ਉਹ ਪੁਰਾਣਾ ਪਿੱਪਲ, ਦਰਾਂ ਮੂਹਰੇ ਖੜ੍ਹਾ ਸੀ ਜੋ ਚਿਰਾਂ ਦਾ। ਜਿਹਦੀ ਬਾਂਹ 'ਤੇ ਮੈਂ ਪੀਂਘਾਂ ਪਾ ਪਾ ਝੂਟੀਆਂ, ਅੰਬਰਾਂ ਨੂੰ ਛੁਹਾਏ ਪੱਬ। ਉਹਨੂੰ ਕਿਹਨੇ ਪੁੱਟਿਆ ਹਵਾ, ਝੱਖੜ ਕੌਣ ਦੋਸ਼ੀ, ਮੈਂ ਲੱਭਣਾ। ਏਦਾਂ ਨਹੀਂ ਮੈਂ ਮਰਨ ਦੇਣੇ ਬਾਬੇ ਦੇ ਬੀਜੇ ਆਸਰੇ ਧੁੱਪਾਂ ਤੋਂ। ਉਹ ਭਾਵੇਂ ਪੁਰਾਣਾ ਬੁੱਢਾ ਜ਼ਰੂਰ ਸੀ, ਪਰ ਗੰਭੀਰ ਬੜਾ ਸੀ।

# ਅਲਵਿਦਾ ! ਧਰਤੀ ਪੁੱਤਰ ਧਰਮਿੰਦਰ


-ਉਜਾਗਰ ਸਿੰਘ
ਸਾਬਕਾ ਜ਼ਿਲ੍ਹਾ ਲੋਕ ਸੰਪਰਕ ਅਧਿਕਾਰੀ
ਮੋਬਾਈਲ-94178 13072
ujagarsingh48@yahoo.com
ਪੰਜਾਬ ਮੇਲ USA









ਧਰਤੀ ਪੁੱਤਰ ਪੰਜਾਬ ਦਾ ਮਾਣ ਪਿਆਰਾ ਅਤੇ ਸਤਿਕਾਰਾ ਫ਼ਿਲਮ ਜਗਤ ਦਾ ਚਮਕਦਾ ਸਿਤਾਰਾ ਧਰਮਿੰਦਰ ਦਿਓਲ ਇਸ ਫ਼ਾਨੀ ਸੰਸਾਰ ਨੂੰ ਅਲਵਿਦਾ ਕਹਿ ਗਿਆ ਹੈ। ਉਹ ਬਿਹਤਰੀਨ ਅਦਾਕਾਰ, ਸੁਪਰ ਸਟਾਰ ਕਲਾਕਾਰ ਅਤੇ ਪ੍ਰੋਡਿਊਸਰ ਸੀ, ਜਿਸਦੀਆਂ ਫ਼ਿਲਮਾਂ ਵਿਚ ਧੜੱਲੇਦਾਰੀ ਨਾਲ ਕੀਤੀ ਅਦਾਕਾਰੀ ਦੀਆਂ ਧੁੰਮਾ ਫ਼ਿਲਮੀ ਸੰਸਾਰ ਵਿਚ ਪਈਆਂ ਹੋਈਆਂ ਸਨ। ਧਰਮਿੰਦਰ ਦੀ ਦਮਦਾਰ ਆਵਾਜ਼ ਦੇ ਠਹਾਕੇ ਅਤੇ ਡਾਇਲਾਗ ਹਮੇਸ਼ਾ ਅਸਮਾਨ ਦੀਆਂ ਫ਼ਿਜ਼ਾਵਾਂ ਵਿਚ ਗੂੰਜਦੇ ਹੋਏ ਮਹਿਕਾਂ ਖਿਲਾਰਦੇ ਰਹਿਣਗੇ। ਉਹ 24 ਨਵੰਬਰ, 2025 ਨੂੰ 89 ਸਾਲ ਦੀ ਉਮਰ ਵਿਚ ਸਵਰਗ ਸਿਧਾਰ ਗਏ, ਜਿਨ੍ਹਾਂ ਨੇ ਆਪਣਾ 90ਵਾਂ ਜਨਮ ਦਿਨ 8 ਦਸੰਬਰ, 2025 ਨੂੰ ਮਨਾਉਣਾ ਸੀ। ਧਰਮੇਂਦਰ ਨੇ ਲਗਪਗ 300 ਫ਼ਿਲਮਾਂ ਵਿਚ ਕੰਮ ਕੀਤਾ। ਐਕਸ਼ਨ ਫ਼ਿਲਮਾਂ ਵਿਚ ਧਰਮੇਂਦਰ ਦੀਆਂ ਪ੍ਰਮੁੱਖ ਭੂਮਿਕਾਵਾਂ ਰਹੀਆਂ ਹਨ। ਲਗਪਗ ਹਰ ਫ਼ਿਲਮ ਵਿਚ ਉਸਦੇ ਐਕਸ਼ਨ ਕਮਾਲ ਦੇ ਹੁੰਦੇ ਸਨ। ਇਸ ਕਰਕੇ ਉਸਨੂੰ 1966 ਵਿਚ 'ਐਕਸ਼ਨ ਕਿੰਗ' ਅਤੇ 'ਹੀ ਮੈਨ' ਉਪਨਾਮ ਦਿੱਤੇ ਗਏ ਸਨ। ਬੁਢਾਪੇ ਕਰਕੇ ਉਤਨੇ ਸਰਗਰਮ ਨਹੀਂ ਸਨ, ਪ੍ਰੰਤੂ ਫਿਰ ਵੀ ਉਸਦੀ ਇੱਕ ਫ਼ਿਲਮ 'ਇੱਕੀਸ' ਬਣਕੇ ਤਿਆਰ ਹੋ ਗਈ ਸੀ, ਜਿਸਨੂੰ 25 ਦਸੰਬਰ, 2025 ਨੂੰ ਰੀਲੀਜ਼ ਕਰਨਾ ਸੀ। ਇਹ ਫ਼ਿਲਮ 1971 ਦੀ ਇੰਡੋ-ਪਾਕਿ ਜੰਗ ਵਿਚ ਸ਼ਹੀਦ ਹੋਏ ਅਰੁਣ ਖੇਤਰਪਾਲ ਦੀ ਬਹਾਦਰੀ ਨਾਲ ਸੰਬੰਧਤ ਹੈ, ਜਿਸਨੂੰ ਮਰਨ ਉਪਰੰਤ 'ਪਰਮਵੀਰ ਚੱਕਰ' ਮਿਲਿਆ ਸੀ। ਇਸ ਸਮੇਂ ਧਰਮੇਂਦਰ ਬਹੁਤਾ ਸਮਾਂ ਆਪਣੇ 100 ਏਕੜ ਦੇ ਲੋਨਾਵਾਲਾ ਵਿਖੇ ਫਾਰਮ ਹਾਊਸ ਵਿਚ ਆਪਣੇ ਦੋਸਤਾਂ-ਮਿੱਤਰਾਂ ਦੀਆਂ ਮਹਿਫ਼ਲਾਂ ਲਗਾਉਂਦਾ ਬਿਤਾਉਂਦਾ ਰਹਿੰਦਾ ਸੀ। ਭਾਵੇਂ ਧਰਮਿੰਦਰ ਬੰਬਈ ਦੀ ਮਹਾਂਨਗਰੀ ਵਿਚ ਰਹਿੰਦਾ ਸੀ, ਪ੍ਰੰਤੂ ਉਸਦੇ ਘਰ ਦਾ ਸਾਰਾ ਵਾਤਾਵਰਨ ਪੰਜਾਬੀ ਸੱਭਿਆਚਾਰ ਨਾਲ ਗੜੂੰਦ ਸੀ। ਪੰਜਾਬੀ ਖਾਣਾ, ਪਹਿਰਾਵਾ, ਲੋਕ ਗੀਤ, ਗੀਤ-ਸੰਗੀਤ ਉਸਨੂੰ ਸਕੂਨ ਦਿੰਦੇ ਸਨ। ਪੰਜਾਬੀ ਪਹਿਰਾਵਾ ਉਸਨੂੰ ਬਹੁਤ ਫ਼ੱਬਦਾ ਸੀ। ਸਮਾਗਮਾਂ ਵਿਚ ਜਾਣ ਸਮੇਂ ਉਹ ਮੌਕੇ ਅਨੁਸਾਰ ਕੱਪੜੇ ਪਹਿਨਦਾ ਸੀ। ਕੁਝ ਸਮਾਂ ਬਿਮਾਰ ਰਹਿਣ ਤੋਂ ਬਾਅਦ ਫ਼ਿਲਮ ਜਗਤ ਵਿਚੋਂ ਅਚਾਨਕ ਟਹਿਕਦਾ-ਮਹਿਕਦਾ ਸੁਗੰਧਾਂ ਦੀਆਂ ਲਪਟਾਂ ਛੱਡਦਾ ਹੋਇਆ ਅਛੋਪਲੇ ਜਹੇ ਅਲੋਪ ਹੋ ਗਿਆ ਹੈ। ਧਰਮਿੰਦਰ ਦੇ ਇਸ ਸੰਸਾਰ ਤੋਂ ਜਾਣ ਨਾਲ ਫ਼ਿਲਮ ਜਗਤ ਵਿਚ ਉਦਾਸੀ ਦੀ ਲਹਿਰ ਪੈਦਾ ਹੋ ਗਈ ਤੇ ਮਾਤਮ ਛਾਅ ਗਿਆ ਹੈ।

ਧਰਮ ਸਿੰਘ ਦਿਓਲ ਮਹਿਜ਼ 20 ਸਾਲ ਦੀ ਅਲੂੰਈਂ ਉਮਰ ਵਿਚ ਸੋਹਣਾ-ਸੁਨੱਖਾ ਹੁੰਦੜਹੇਲ ਨੌਜਵਾਨ ਪੰਜਾਬ ਦੇ ਲੁਧਿਆਣਾ ਜ਼ਿਲ੍ਹੇ ਦੇ ਸਾਹਨੇਵਾਲ ਕਸਬੇ ਤੋਂ ਬੰਬਈ ਦੀਆਂ ਫ਼ਿਲਮੀ ਲਹਿਰਾਂ ਵਿਚ ਮਦਹੋਸ਼ ਹੋ ਕੇ ਐਕਟਰ ਬਣਨ ਦੀਆਂ ਉਮੀਦਾਂ ਤੇ ਸੱਧਰਾਂ ਲੈ ਕੇ ਮਾਇਆ ਨਗਰੀ ਵਿਚ ਪਹੁੰਚ ਗਿਆ ਸੀ। ਮਾਪਿਆਂ ਦਾ ਲਾਡਲਾ ਦੁਲਾਰਾ ਹੋਣ ਕਰਕੇ ਲੁਧਿਆਣਾ ਤੋਂ ਸਿਵਾਏ ਉਹ ਕਦੇ ਵੀ ਕਿਧਰੇ ਵੱਡੇ ਸ਼ਹਿਰ ਵਿਚ ਇਕੱਲਾ ਨਹੀਂ ਗਿਆ ਸੀ। ਲੁਧਿਆਣਾ ਵੀ ਆਪਣੇ ਦੋਸਤਾਂ ਨਾਲ ਆਪਣੇ ਮਾਪਿਆਂ ਤੋਂ ਚੋਰੀ-ਛਿਪੇ ਫ਼ਿਲਮਾਂ ਵੇਖਣ ਹੀ ਜਾਂਦਾ ਹੁੰਦਾ ਸੀ। ਆਮ ਘਰਾਂ ਦੇ ਦਿਹਾਤੀ ਨੌਜਵਾਨ ਲਈ ਬੰਬਈ ਵਰਗੇ ਮਹਾਂਨਗਰ ਵਿਚ ਪਹੁੰਚਕੇ ਰਹਿਣਾ ਬਹੁਤ ਹੀ ਕਠਿਨ ਸੀ, ਪ੍ਰੰਤੂ ਧਰਮ ਸਿੰਘ ਦਿਓਲ ਨੇ ਫ਼ਿਲਮ ਅਦਾਕਾਰ ਬਣਨ ਦੀ ਠਾਣ ਲਈ ਸੀ। ਇਸ ਲਈ ਉਹ ਹਰ ਮੁਸੀਬਤ ਦਾ ਖਿੜੇ ਮੱਥੇ ਮੁਕਾਬਲਾ ਕਰਦਾ ਰਿਹਾ। ਹਰ ਛੋਟਾ-ਮੋਟਾ ਕੰਮ ਵੀ ਕਰਦਾ ਰਿਹਾ। ਆਮ ਤੌਰ 'ਤੇ ਜਿਵੇਂ ਨਵੇਂ ਅਦਾਕਾਰਾਂ ਨੂੰ ਅਨੇਕ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈਂਦਾ ਹੈ, ਉਸੇ ਤਰ੍ਹਾਂ ਧੱਕੇ ਧੌਲੇ ਖਾਂਦਾ, ਜੱਦੋ-ਜਹਿਦ ਤੋਂ ਬਾਅਦ ਅਖ਼ੀਰ ਅਰਜੁਨ ਹਿੰਗੌਨੀ ਦੀ ਨਿਗਾਹ ਵਿਚ ਐਸਾ ਚੜ੍ਹਿਆ, ਮੁੜਕੇ ਉਸਨੇ ਉਤਨੀ ਦੇਰ ਪਿੱਛੇ ਮੁੜਕੇ ਨਹੀਂ ਵੇਖਿਆ, ਜਿਤਨੀ ਦੇਰ ਬੁਲੰਦੀਆਂ 'ਤੇ ਨਾ ਪਹੁੰਚਿਆ। ਸੋਹਣਾ ਸੁਨੱਖਾ ਤੇ ਮਨਮੋਹਕ ਚਿਹਰੇ ਵਾਲਾ ਨੌਜਵਾਨ ਧਰਮ ਸਿੰਘ ਫ਼ਿਲਮ ਜਗਤ ਵਿਚ ਆਉਣ ਨਾਲ ਧਰਮਿੰਦਰ ਬਣ ਗਿਆ। ਧਰਮਿੰਦਰ ਇੱਕ ਸਮੇਂ ਮੀਨਾ ਕੁਮਾਰੀ, ਨੂਤਨ ਅਤੇ ਮਾਲਾ ਸਿਨਹਾ ਦੀਆਂ ਧੜਕਣਾ ਵਧਾ ਰਿਹਾ ਸੀ। ਜਯਾ ਬਚਨ, ਜੀਨਤ ਅਮਾਨ ਅਤੇ ਮਾਧੁਰੀ ਦੀਕਸ਼ਤ ਵੀ ਉਸਦਾ ਸਤਿਕਾਰ ਤੇ ਮੋਹ ਕਰਦੀਆਂ ਸਨ। ਇੱਕ ਕਿਸਮ ਨਾਲ ਉਹ ਮੀਨਾ ਕੁਮਾਰੀ ਦੀਆਂ ਅੱਖਾਂ ਦਾ ਤਾਰਾ ਬਣ ਗਿਆ ਸੀ, ਪ੍ਰੰਤੂ ਹੇਮਾ ਮਾਲਿਨੀ ਨਾਲ ਮਿਲਣ ਤੋਂ ਬਾਅਦ ਉਸਨੇ ਉਸ ਨਾਲ ਉਪਰੋਥਲੀ ਦਰਜਨਾਂ ਫ਼ਿਲਮਾਂ ਕੀਤੀਆਂ। ਇਸ ਤੋਂ ਬਾਅਦ ਤਾਂ ਉਸਦੀ ਹੇਮਾ ਮਾਲਿਨੀ ਨਾਲ ਅਜਿਹੀ ਦੋਸਤੀ ਪਈ ਕਿ ਵਿਵਾਹਤ ਹੋਣ ਦੇ ਬਾਵਜੂਦ ਉਸਨੇ ਕਿਹਾ ਜਾਂਦੈ ਕਿ ਧਰਮ ਬਦਲਕੇ ਹੇਮਾ ਮਾਲਿਨੀ ਨਾਲ ਵਿਆਹ ਕਰਵਾ ਲਿਆ। ਉਸਤੋਂ ਬਾਅਦ ਹਾਲਾਤ ਇਹ ਬਣ ਗਏ ਕਿ ਇੱਕ ਤੋਂ ਬਾਅਦ ਇੱਕ ਪ੍ਰੋਡਿਊਸਰ ਨੂੰ ਧਰਮਿੰਦਰ ਦੀ ਅਦਾਕਾਰੀ ਚੁੰਧਿਆਉਣ ਲੱਗ ਪਈ ਤੇ ਉਹ ਫ਼ਿਲਮ ਜਗਤ ਵਿੱਚ ਛਾਅ ਗਿਆ। 1970-80 ਦੇ ਦਹਾਕੇ ਵਿੱਚ ਇਸ ਧਰਮੇਂਦਰ ਤੇ ਹੇਮਾ ਮਾਲਿਨੀ ਦੀ ਜੋੜੀ ਦੀ ਚੜ੍ਹ ਮੱਚ ਗਈ। ਫ਼ਿਲਮ ਪ੍ਰੋਡਿਊਸਰ ਧਰਮਿੰਦਰ ਅਤੇ ਹੇਮਾ ਮਾਲਿਨੀ ਦੀ ਜੋੜੀ ਦੇ ਆਲੇ-ਦੁਆਲੇ ਗੇੜੇ ਕੱਢਣ ਲੱਗ ਪਏ, ਜਿਵੇਂ ਸ਼ਹਿਦ ਦੇ ਛੱਤੇ ਦੁਆਲੇ ਸ਼ਹਿਦ ਦੀਆਂ ਮੱਖੀਆਂ ਘੁੰਮਦੀਆਂ ਹੁੰਦੀਆਂ ਹਨ। ਸਰਵੋਤਮ ਅਦਾਕਾਰ ਬਣਕੇ ਉਸਨੇ ਹਲੀਮੀ ਦਾ ਪੱਲਾ ਨਹੀਂ ਛੱਡਿਆ।

ਧਰਮ ਸਿੰਘ ਦਿਓਲ ਉਰਫ ਧਰਮਿੰਦਰ ਦਾ ਜਨਮ 8 ਦਸੰਬਰ, 1935 ਨੂੰ ਲੁਧਿਆਣਾ ਜ਼ਿਲ੍ਹੇ ਦੇ ਪਿੰਡ ਨਸਰਾਲੀ ਵਿਖੇ ਪਿਤਾ ਕੇਵਲ ਕ੍ਰਿਸ਼ਨ ਸਿੰਘ ਦਿਓਲ ਤੇ ਮਾਤਾ ਸਤਵੰਤ ਕੌਰ ਦਿਓਲ ਦੀ ਕੁੱਖੋਂ ਹੋਇਆ। ਉਸਦਾ ਆਪਣਾ ਜੱਦੀ ਪਿੰਡ ਵੀ ਲੁਧਿਆਣਾ ਜ਼ਿਲ੍ਹੇ ਵਿਚ ਮਾਲੇਰਕੋਟਲਾ ਦੇ ਨਜ਼ਦੀਕ ਡਾਂਗੋਂ ਹੈ। ਉਸਦੀ ਮਾਤਾ ਸਤਵੰਤ ਕੌਰ ਧਾਂਦਰੇ ਪਿੰਡ ਦੇ ਗਰੇਵਾਲਾਂ ਦੀ ਧੀ ਸੀ। ਧਰਮਿੰਦਰ ਆਖ਼ਰੀ ਵਾਰ 2014 ਵਿਚ ਆਪਣੇ ਪਿੰਡ ਡਾਂਗੋ ਗਿਆ ਸੀ। ਉਹ ਰਾਇਕਟ ਵਿਖੇ ਵੀ ਰਹਿੰਦੇ ਰਹੇ ਸਨ। ਧਰਮ ਸਿੰਘ ਦਿਓਲ ਦੇ ਪਿਤਾ ਸਕੂਲ ਅਧਿਆਪਕ ਸਨ। ਉਹ ਧਰਮ ਸਿੰਘ ਨੂੰ ਅਧਿਆਪਕ ਬਣਾਉਣਾ ਚਾਹੁੰਦੇ ਸਨ, ਪ੍ਰੰਤੂ ਧਰਮ ਸਿੰਘ ਫ਼ਿਲਮ ਐਕਟਰ ਬਣਨ ਦੇ ਸੁਪਨੇ ਸਿਰਜ ਰਿਹਾ ਸੀ। ਇਸ ਲਈ ਉਸਨੂੰ ਫ਼ਿਲਮਾਂ ਵੇਖਣ ਦਾ ਸ਼ੌਕ ਸੀ। ਉਸਦੇ ਮਨ ਵਿਚ ਫ਼ਿਲਮ ਅਦਾਕਾਰ ਬਣਨ ਦੀ ਚਿਣਗ ਪੈਦਾ ਹੋ ਗਈ ਸੀ। ਇਸ ਲਈ ਉਹ ਵਾਰ-ਵਾਰ ਆਪਣੇ ਪਿਤਾ ਤੋਂ ਚੋਰੀ ਛਿੱਪੇ ਲੁਧਿਆਣਾ ਵਿਖੇ ਫ਼ਿਲਮਾਂ ਵੇਖਣ ਪੈਦਲ ਹੀ ਚਲਾ ਜਾਂਦਾ ਸੀ। ਉਸਦੇ ਪਿਤਾ ਦੇ ਸਰਕਾਰੀ ਸਕੂਲ ਦਾ ਅਧਿਆਪਕ ਹੋਣ ਕਰਕੇ ਬਦਲੀਆਂ ਹੁੰਦੀਆਂ ਰਹੀਆਂ, ਇਸ ਕਰਕੇ ਧਰਮ ਸਿੰਘ ਸਾਹਨੇਵਾਲ, ਢੰਡਾਰੀ ਕਲਾਂ, ਲਲਤੋਂ ਅਤੇ ਆਰੀਆ ਹਾਈ ਸਕੂਲ ਫਗਵਾੜਾ ਵਿਚ ਸਕੂਲੀ ਪੜ੍ਹਾਈ ਪ੍ਰਾਪਤ ਕਰਦਾ ਰਿਹਾ। ਉਸਨੇ ਇੰਟਰਮੀਡੀਏਟ ਤੱਕ ਦੀ ਪੜ੍ਹਾਈ ਰਾਮਗੜ੍ਹੀਆ ਕਾਲਜ ਫ਼ਗਵਾੜਾ ਵਿਚੋਂ 1952 ਵਿਚ ਕੀਤੀ। ਇਸ ਤੋਂ ਬਾਅਦ ਉਸਨੇ ਅਪ੍ਰੇਸ਼ਨ ਡਰਿੱਲਿੰਗ ਕੰਪਨੀ ਵਿਚ ਟਿਊਬਵੈਲ ਦੇ ਬੋਰ ਕਰਨ ਦੀ ਨੌਕਰੀ ਕਰ ਲਈ। ਇਸ ਨੌਕਰੀ ਕਰਕੇ ਉਹ ਸਾਰੇ ਪੰਜਾਬ ਵਿਚ ਵੱਖ-ਵੱਖ ਥਾਵਾਂ 'ਤੇ ਟਿਊਬਵੈਲਾਂ ਦੇ ਬੋਰ ਕਰਨ ਲਈ ਜਾਂਦਾ ਰਿਹਾ, ਪ੍ਰੰਤੂ ਉਸਦਾ ਅਜਿਹੇ ਬੋਰਿੰਗ ਕੰਮ ਵਿਚ ਦਿਲ ਨਾ ਲੱਗਿਆ। ਫਿਰ ਉਸਨੇ ਟਿਊਬਵੈਲ ਅਪ੍ਰੇਟਰ ਦੀ ਸਰਕਾਰੀ ਨੌਕਰੀ ਕਰ ਲਈ। ਉਥੇ ਵੀ ਉਸਦਾ ਦਿਲ ਨਾ ਲੱਗਿਆ ਕਿਉਂਕਿ ਉਸਦੇ ਮਨ ਮਸਤਕ ਵਿਚ ਤਾਂ ਫ਼ਿਲਮ ਐਕਟਰ ਬਣਨ ਦਾ ਭੂਤ ਸਵਾਰ ਹੋਇਆ ਸੀ। ਉਹ ਤੇ ਮੇਰਾ ਵੱਡੇ ਭਰਾ ਮਰਹੂਮ ਧਰਮ ਸਿੰਘ ਇਕੱਠੇ ਟਿਵੂਬਵੈਲ ਅਪ੍ਰੇਟਰ ਰਹੇ ਸਨ। ਉਸਨੇ 1955 ਵਿਚ 'ਦਿਲ ਲਗੀ' ਫਿਲਮ ਦੇਖੀ, ਉਸਨੂੰ ਇਹ ਫਿਲਮ ਬਹੁਤ ਪਸੰਦ ਆਈ ਅਤੇ ਕਈ ਵਾਰ ਫਿਲਮ ਦੇਖੀ।

ਧਰਮਿੰਦਰ ਦਾ ਕੱਦ-ਕਾਠ ਚੰਗਾ ਤੇ ਸੁਹਣਾ-ਸੁਨੱਖਾ ਗੱਭਰੂ ਸੀ। ਉਸਨੇ ਬਿਮਲ ਰਾਏ ਅਤੇ ਗੁਰੂ ਦੱਤ ਦੇ ਫ਼ਿਲਮ ਫ਼ੇਅਰ ਮੈਗਜ਼ੀਨ ਵਿਚ ਨਵੇਂ ਅਦਾਕਾਰਾਂ ਦੀ ਫ਼ਿਲਮਾਂ ਵਿਚ ਕੰਮ ਕਰਨ ਲਈ ਸਪਾਟ ਟੇਲੰਟ ਕੰਨਟੈਸਟ ਦਾ ਦਿੱਤਾ ਹੋਇਆ ਇਸ਼ਤਿਹਾਰ ਪੜ੍ਹਿਆ। ਇਹ ਇਸ਼ਤਿਹਾਰ ਪੜ੍ਹਕੇ ਉਸਨੇ ਮਾਲੇਰਕੋਟਲਾ ਸ਼ਹਿਰ ਦੇ ਜਾਨ ਮੁਹੰਮਦ (ਜੌਨ ਐਂਡ ਸਨਜ਼) ਸਟੂਡੀਓ ਤੋਂ ਇੱਕ ਰੰਗਦਾਰ ਤਸਵੀਰ ਖਿਚਵਾਈ। ਉਸਨੇ ਜੌਹਨ ਮੁਹੰਮਦ ਨੂੰ ਕਿਹਾ ਕਿ ਉਸਦੀ ਦਲੀਪ ਕੁਮਾਰ ਵਰਗੀ ਤਸਵੀਰ ਖਿੱਚ ਦੇ। ਫਿਰ ਉਹ 20 ਸਾਲ ਦੀ ਉਮਰ ਵਿਚ 1955 ਵਿਚ ਬੰਬਈ ਚਲਾ ਗਿਆ। ਉਸਨੇ ਇੰਟਰਵਿਊ ਦਿੱਤੀ ਤੇ ਉਹ ਰਮੇਸ਼ ਸੈਗਲ ਦੀ ਫ਼ਿਲਮ ਲਈ ਚੁਣੇ ਗਏ। ਅਖੀਰ 1960 ਵਿਚ ਅਰਜਨ ਹਿੰਗਲਾਨੀ ਦੀ ਫ਼ਿਲਮ 'ਦਿਲ ਭੀ ਤੇਰਾ ਹਮ ਭੀ ਤੇਰੇ' ਵਿਚ ਰੋਲ ਮਿਲ ਗਿਆ। ਇਸ ਫਿਲਮ ਦਾ ਉਸਨੂੰ 51 ਰੁਪਏ ਇਵਜ਼ਾਨਾ ਮਿਲਿਆ ਸੀ। ਇਸ ਤੋਂ ਸ਼ਬਨਮ 1961, ਅਨਪੜ੍ਹ 1962 ਵਿਚ ਥੋੜ੍ਹਾ ਬਹੁਤਾ ਕੰਮ ਕੀਤਾ। 1966 ਵਿਚ 'ਫੂਲ ਔਰ ਪੱਥਰ' ਵਿਚ ਮੀਨਾ ਕੁਮਾਰੀ ਨਾਲ ਕੰਮ ਕਰਨ ਦਾ ਮੌਕਾ ਮਿਲਿਆ, ਬਸ ਫਿਰ ਕੀ ਸੀ ਧਰਮ ਸਿੰਘ ਤੋਂ ਧਰਮੇਂਦਰ ਅਜਿਹਾ ਬਣਿਆ, ਲੋਕਾਂ ਵਲੋਂ ਉਸਦੇ ਕੰਮ ਨੂੰ ਪਹਿਲੀ ਵਾਰ ਮਾਣਤਾ ਮਿਲੀ। ਸ਼ੋਹਲੇ ਫ਼ਿਲਮ ਵਿਚ ਹੇਮਾ ਮਾਲਿਨੀ ਨਾਲ ਵੀਰੂ ਦਾ ਰੋਲ ਕੀਤਾ, ਇਸ ਰੋਲ ਤੋਂ ਬਾਅਦ ਤਾਂ ਉਸਦੀ ਚੜ੍ਹ ਮੱਚ ਗਈ। ਉਸਨੇ ਹੇਮਾ ਮਾਲਿਨੀ ਨਾਲ ਲਗਾਤਾਰ 28 ਫ਼ਿਲਮਾਂ ਕੀਤੀਆਂ। ਧਰਮੇਂਦਰ ਦੀ ਅਦਾਕਾਰੀ ਦੀ ਕਮਾਲ ਸੀ, ਜਿਸ ਕਰਕੇ ਉਸਨੇ ਇੱਕੋ ਸਾਲ 1973 ਵਿਚ ਅੱਠ ਅਤੇ ਇਕੋ ਸਾਲ 1987 ਵਿਚ ਉਸਨੇ ਨੌਂ ਸ਼ਾਹਕਾਰ ਫ਼ਿਲਮਾਂ ਬਣਾਕੇ ਰਿਕਾਰਡ ਬਣਾ ਦਿੱਤਾ। ਇਤਨੀਆਂ ਫ਼ਿਲਮਾ ਬਣਾਉਣੀਆਂ ਤੇ ਫਿਰ ਉਨ੍ਹਾਂ ਦਾ ਲੋਕਾਂ ਵਿਚ ਸਰਵਪ੍ਰਵਾਨਿਤ ਹੋਣਾ ਧਰਮੇਂਦਰ ਦੀ ਕਾਬਲੀਅਤ ਤੇ ਅਦਾਕਾਰੀ ਦਾ ਇਸਤੋਂ ਵੱਡਾ ਪ੍ਰਮਾਣ ਹੋਰ ਕੋਈ ਨਹੀਂ ਹੋ ਸਕਦਾ। 1983 ਵਿਚ 'ਵਿਜੇਤਾ ਫ਼ਿਲਮ' ਨਾਮ ਦੀ ਪ੍ਰੋਡਕਸ਼ਨ ਕੰਪਨੀ ਵੀ ਬਣਾਈ ਸੀ। ਉਸਨੇ ਦੋ ਫ਼ਿਲਮਾਂ ਬੇਤਾਬ 1983 ਅਤੇ ਬਰਸਾਤ ਬਣਾਈਆਂ। ਧਰਮੇਂਦਰ 2004 ਵਿਚ ਰਾਜਸਥਾਨ ਦੇ ਬੀਕਾਨੇਰ ਲੋਕ ਸਭਾ ਹਲਕੇ ਤੋਂ ਲੋਕ ਸਭਾ ਦੇ ਮੈਂਬਰ ਚੁਣੇ ਗਏ ਸਨ। ਉਹ 2009 ਤੱਕ ਬੀਕਾਨੇਰ ਹਲਕੇ ਦੀ ਪ੍ਰਤੀਨਿਧਤਾ ਕਰਦੇ ਰਹੇ ਹਨ।

ਧਰਮੇਂਦਰ ਨੂੰ ਉਸਦੀਆਂ ਫ਼ਿਲਮਾਂ ਵਿਚ ਬਿਹਤਰੀਨ ਅਦਾਕਾਰੀ ਕਰਕੇ ਬਹੁਤ ਸਾਰੇ ਮਾਨ-ਸਨਮਾਨ ਮਿਲੇ, ਜਿਨ੍ਹਾਂ ਵਿਚ ਰਾਸ਼ਟਰੀ ਫ਼ਿਲਮ ਪੁਰਸਕਾਰ ਵਿਸ਼ੇਸ਼ ਤੌਰ 'ਤੇ ਵਰਣਨਯੋਗ ਹੈ। ਇਸ ਤੋਂ ਇਲਾਵਾ ਲੜੀਵਾਰ 1991 ਵਿਚ 'ਘਾਇਲ' (ਨਿਰਮਾਤਾ) ਫ਼ਿਲਮ ਲਈ ਫ਼ਿਲਮ ਫ਼ੇਅਰ ਅਵਾਰਡ, ਉਸਨੂੰ ਹਿੰਦੀ ਫ਼ਿਲਮਾ ਵਿਚ ਯੋਗਦਾਨ ਲਈ 1997 ਵਿਚ ਫ਼ਿਲਮ ਫੇਅਰ ਲਾਈਫ ਟਾਈਮ ਅਚੀਵਮੈਂਟ ਅਵਾਰਡ ਮਿਲਿਆ, 1965 'ਆਈ ਮਿਲਨ ਕੀ ਬੇਲਾ' ਬੈਸਟ ਸਪੋਰਟਿੰਗ ਐਕਟਰ ਅਵਾਰਡ, 1967 'ਫੂਲ ਔਰ ਪੱਥਰ' ਲਈ ਸਰਵੋਤਮ ਐਕਟਰ ਲਈ ਫ਼ਿਲਮ ਫ਼ੇਅਰ ਅਵਾਰਡ, 1972 'ਮੇਰਾ ਗਾਉਂ ਮੇਰਾ ਦੇਸ਼' ਲਈ ਸਰਵੋਤਮ ਐਕਟਰ ਦਾ ਫ਼ਿਲਮ ਫ਼ੇਅਰ ਅਵਾਰਡ, 1974 'ਯਾਰੋਂ ਕੀ ਬਰਾਤ' ਲਈ ਸਰਵੋਤਮ ਐਕਟਰ ਦਾ ਫ਼ਿਲਮ ਫ਼ੇਅਰ ਅਵਾਰਡ, 1975 'ਰੇਸ਼ਮ ਕੀ ਡੋਰੀ' ਲਈ ਬੈਸਟ ਐਕਟਰ, 1984 'ਨੌਕਰ ਬੀਵੀ ਕਾ' ਲਈ ਫ਼ਿਲਮ ਫ਼ੇਅਰ ਬੈਸਟ ਕਾਮੇਡੀਅਨ ਅਵਾਰਡ। ਇਸੇ ਤਰ੍ਹਾਂ 1970 ਦੇ ਦਹਾਕੇ ਦੇ ਅਖੀਰ ਵਿਚ ਧਰਮੇਂਦਰ ਨੂੰ ਦੁਨੀਆਂ ਦੇ ਸਭ ਤੋਂ ਖ਼ੂਬਸੂਰਤ ਵਿਅਕਤੀਆਂ ਵਿਚੋਂ ਇੱਕ ਵੋਟ ਮਿਲੀ ਸੀ, ਜੋ ਭਾਰਤ ਵਿਚ ਸਿਰਫ਼ ਸਲਮਾਨ ਖ਼ਾਨ (ਬਾਲੀਵੁੱਡ) ਨੂੰ 2004 ਵਿਚ ਨੂੰ ਦੁਬਾਰਾ ਮਿਲੀ ਸੀ। ਧਰਮੇਂਦਰ ਨੂੰ ਵਿਸ਼ਵ ਦਾ ਆਇਰਨ ਮੈਨ ਅਵਾਰਡ ਵੀ ਮਿਲਿਆ ਸੀ। 2012 ਵਿਚ ਪਦਮ ਭੂਸ਼ਣ ਪੁਰਸਕਾਰ ਨਾਲ ਸਨਮਾਨਿਤ ਕੀਤਾ ਗਿਆ ਸੀ। ਉਹ ਲਾਲਚੀ ਬਿਲਕੁਲ ਨਹੀਂ ਸੀ ਅਤੇ ਨਾ ਹੀ ਗਰੂਰ ਕਰਦਾ ਸੀ। ਨਮਰਤਾ ਉਸਦਾ ਗਹਿਣਾ ਸੀ, ਪ੍ਰੰਤੂ ਆਪਣੇ ਸਵੈਮਾਣ ਨੂੰ ਠੇਸ ਨਹੀਂ ਲੱਗਣ ਦਿੰਦਾ ਸੀ। ਧਰਮਿੰਦਰ ਉਰਦੂ ਵਿਚ ਕਵਿਤਾਵਾਂ ਵੀ ਲਿਖਦਾ ਸੀ। ਆਪਣੀ ਸਫਲਤਾ ਬਾਰੇ ਉਹ ਗੁਣਗੁਣਾਂਦਾ ਸੀ:

ਮੌਕਾ ਦੀਆ ਮੁਕੱਦਰ ਨੇ, ਦਿਲ ਦਿਮਾਗ ਏਕ ਹੂਏ।

ਨੇਕੀ ਭੀ ਸਾਥ ਹੂਈ, ਮਿਹਨਤ ਔਰ ਮੁਸ਼ੱਕਤ ਕੇ।

ਮੰਜ਼ਲੇਂ ਤਹਿ ਹੋਤੀ ਗਈ, ਔਰ ਹਮ ਸੁਰਖ਼ੁਰੂ ਹੋਏ।

ਧਰਮ ਸਿੰਘ ਦਿਓਲ ਦਾ 1954 ਵਿਚ ਮਹਿਜ਼ 19 ਸਾਲ ਦੀ ਉਮਰ ਵਿਚ ਵਿਆਹ ਬਨਭੌਰੇ ਪਿੰਡ ਦੀ ਪਰਕਾਸ਼ ਕੌਰ ਨਾਲ ਹੋ ਗਿਆ। ਧਰਮੇਂਦਰ ਦੇ ਦੋ ਲੜਕੇ ਸਨੀ ਦਿਓਲ (ਅਜੈ ਸਿੰਘ ਦਿਓਲ) ਅਤੇ ਬੌਬੀ ਦਿਓਲ (ਵਿਜੈ ਸਿੰਘ ਦਿਓਲ) ਅਤੇ ਦੋ ਲੜਕੀਆਂ ਵਿਜੇਤਾ ਦਿਓਲ ਅਤੇ ਅਜੀਤਾ ਦਿਓਲ ਹਨ। ਹੇਮਾਂ ਮਾਲਿਨੀ ਦੀਆਂ ਵੀ ਧਰਮੇਂਦਰ ਦੀਆਂ ਦੋ ਲੜਕੀਆਂ ਈਸ਼ਾ ਦਿਓਲ ਅਤੇ ਅਹਾਨਾ ਦਿਓਲ ਹਨ।

# ਕੌਣ ਸੀ ਗੁਰੂਘਰ ਦਾ ਦੋਖੀ ਸਰਹਿੰਦ ਦਾ ਫੌਜ਼ਦਾਰ ਵਜ਼ੀਰ ਖਾਨ

ਬਲਰਾਜ ਸਿੰਘ ਸਿੱਧੂ
ਏ.ਆਈ.ਜੀ. (ਰਿਟਾ)
ਪੰਡੋਰੀ ਸਿੱਧਵਾਂ 95011-00062
ਪੰਜਾਬ ਮੇਲ USA





ਵਜ਼ੀਰ ਖਾਨ ਜਿਸ ਨੂੰ ਸਿੱਖ ਇਤਿਹਾਸ ਵਿਚ ਵਾਰ-ਵਾਰ ਸਰਹਿੰਦ ਦਾ ਸੂਬੇਦਾਰ ਲਿਖਿਆ ਗਿਆ ਹੈ, ਅਸਲ ਵਿਚ ਫੌਜ਼ਦਾਰ ਸੀ ਤੇ ਇਸ ਦਾ ਅਸਲ ਨਾਮ ਮਿਰਜ਼ਾ ਅਸਕਰੀ ਵਜ਼ੀਰ ਖਾਨ ਸੀ। ਸਰਹਿੰਦ ਸਰਕਾਰ, ਦਿੱਲੀ ਸੂਬੇ ਦੇ ਅਧੀਨ ਆਉਂਦੀ ਸੀ ਤੇ ਸਤਲੁਜ ਤੋਂ ਲੈ ਕੇ ਜਮਨਾ ਤੱਕ (ਸਮੇਤ ਪਹਾੜੀ ਰਾਜੇ) ਦਾ ਇਲਾਕਾ ਇਸ ਦੇ ਅਧੀਨ ਸੀ। ਵਜ਼ੀਰ ਖਾਨ ਇਰਾਨੀ ਨਸਲ ਦਾ ਕੱਟੜ ਸੁੰਨੀ ਮੁਸਲਿਮ ਸੀ, ਜਿਸ ਦਾ ਜਨਮ 1635 ਈਸਵੀ ਦੇ ਕਰੀਬ ਕੁੰਜਪੁਰਾ (ਹੁਣ ਜ਼ਿਲ੍ਹਾ ਕਰਨਾਲ, ਹਰਿਆਣਾ) 'ਚ ਹੋਇਆ ਸੀ। ਇਸ ਦਾ ਦਾਦਾ ਮਿਰਜ਼ਾ ਅਕਬਰ ਸ਼ਾਹੀ ਵਜ਼ੀਰ ਖਾਨ ਮੁਗਲ ਬਾਦਸ਼ਾਹ ਹੁਮਾਯੂੰ ਨਾਲ ਇਰਾਨ ਤੋਂ ਭਾਰਤ ਆਇਆ ਸੀ ਤੇ ਉਸ ਦਾ ਇੱਕ ਪ੍ਰਮੁੱਖ ਦਰਬਾਰੀ ਸੀ। ਹੁਮਾਯੂੰ 26 ਜੂਨ 1539 ਨੂੰ ਚੌਸਾ ਅਤੇ 17 ਮਈ 1540 ਨੂੰ ਕੰਨੌਜ ਦੀ ਜੰਗ ਵਿਚ ਸ਼ੇਰ ਸ਼ਾਹ ਸੂਰੀ ਤੋਂ ਹਾਰ ਕੇ ਇਰਾਨ ਭੱਜ ਗਿਆ ਸੀ, ਜਿੱਥੇ ਬਾਦਸ਼ਾਹ ਸ਼ਾਹ ਤੈਹਮਾਸਪ ਪਹਿਲੇ ਨੇ ਉਸ ਨੂੰ ਸ਼ਰਨ ਦਿੱਤੀ ਸੀ। ਸ਼ੇਰ ਸ਼ਾਹ ਸੂਰੀ ਤੇ ਉਸ ਦੇ ਪੁੱਤਰ ਇਸਲਾਮ ਸ਼ਾਹ ਦੀ ਕ੍ਰਮਵਾਰ 22 ਮਈ 1545 ਤੇ 22 ਨਵੰਬਰ 1554 ਈਸਵੀ ਨੂੰ ਹੋਈ ਮੌਤ ਤੋਂ ਬਾਅਦ 1555 ਈਸਵੀ ਵਿਚ 14 ਸਾਲ ਦੇ ਬਨਵਾਸ ਤੋਂ ਬਾਅਦ ਦਿੱਲੀ ਵਾਪਸ ਆ ਸਕਿਆ ਸੀ। ਵਜ਼ੀਰ ਖਾਨ ਦੇ ਬਾਪ ਦਾ ਨਾਮ ਮਿਰਜ਼ਾ ਜ਼ਹੀਰ ਹਰਮ ਖਾਨ ਤੇ ਮਾਂ ਦਾ ਨਾਮ ਅਮੀਨਾ ਬੇਗਮ ਸੀ। ਮਿਰਜ਼ਾ ਜ਼ਹੀਰ ਵੀ ਮੁਗਲ ਪ੍ਰਸ਼ਾਸ਼ਨ ਵਿਚ ਕਈ ਅਹਿਮ ਅਹੁਦਿਆਂ 'ਤੇ ਰਿਹਾ ਸੀ। ਵਜ਼ੀਰ ਖਾਨ 17-18 ਉਮਰ ਵਿਚ ਮੁਗਲ ਫੌਜ ਵਿਚ ਭਰਤੀ ਹੋ ਗਿਆ ਤੇ ਤਰੱਕੀ ਕਰਦਾ ਹੋਇਆ ਪੰਜ ਹਜ਼ਾਰੀ ਮਨਸਬਦਾਰ ਬਣ ਗਿਆ। ਮੁਗਲ ਰਾਜ ਵਿਚ ਅਫਸਰਾਂ ਨੂੰ ਜਾਗੀਰ ਦੀ ਬਜਾਏ ਮਨਸਬ ਦਿੱਤੀ ਜਾਂਦੀ ਸੀ। ਪੰਜ ਹਜ਼ਾਰੀ ਦਾ ਮਤਲਬ ਹੈ ਕਿ ਇਸ ਨੂੰ ਪੰਜ ਹਜ਼ਾਰ ਪੈਦਲ ਤੇ ਪੰਜ ਹਜ਼ਾਰ ਘੋੜਸਵਾਰ ਸੈਨਿਕ ਰੱਖਣ ਦਾ ਅਧਿਕਾਰ ਸੀ, ਜਿਨ੍ਹਾਂ ਦੀ ਤਨਖਾਹ ਦਿੱਲੀ ਦਰਬਾਰ ਵੱਲੋਂ ਅਦਾ ਕੀਤੀ ਜਾਂਦੀ ਸੀ। 1780-81 ਈਸਵੀ ਵਿਚ ਔਰੰਗਜ਼ੇਬ ਦੇ ਰਾਜ ਕਾਲ ਸਮੇਂ ਦਿੱਲੀ ਸੂਬੇ ਦੇ ਸੂਬੇਦਾਰ ਮੁਨੀਮ ਖਾਨ ਨੇ ਉਸ ਨੂੰ ਆਪਣੇ ਅਧੀਨ ਸਰਹਿੰਦ ਦਾ ਫੌਜਦਾਰ ਨਿਯੁਕਤ ਕੀਤਾ ਸੀ ਤੇ ਅਗਲੇ ਸੂਬੇਦਾਰ ਗਾਜ਼ੀਉਦੀਨ ਖਾਨ ਫਿਰੋਜ਼ ਜੰਗ ਨੇ ਵੀ ਉਸ ਦਾ ਇਹ ਅਹੁਦਾ ਕਾਇਮ ਰੱਖਿਆ।

ਗੁਰੂਘਰ ਨਾਲ ਦੁਸ਼ਮਣੀ ਦੀ ਕਰਤੂਤ ਤੋਂ ਇਲਾਵਾ ਇਤਿਹਾਸ ਵਿਚ ਇਸ ਦਾ ਕੋਈ ਹੋਰ ਕਾਰਨਾਮਾ ਸਾਹਮਣੇ ਨਹੀਂ ਆਇਆ। ਉਸ ਵੇਲੇ ਭਾਰਤ 'ਤੇ ਧਾਰਮਿਕ ਤੌਰ 'ਤੇ ਅਤਿਅੰਤ ਕੱਟੜ ਔਰੰਗਜ਼ੇਬ ਦਾ ਰਾਜ ਸੀ ਤੇ ਉਸ ਦੀ ਖੁਸ਼ਨੂਦੀ ਹਾਸਲ ਕਰਨ ਲਈ ਦਸਵੇਂ ਪਾਤਸ਼ਾਹ ਨਾਲ ਦੁਸ਼ਮਣੀ ਕਰਨ ਤੋਂ ਵਧੀਆ ਤਰੀਕਾ ਹੋਰ ਕੀ ਹੋ ਸਕਦਾ ਸੀ? ਇਸ ਨੇ ਪਹਾੜੀ ਰਾਜਿਆਂ ਦੀ ਮਦਦ ਨਾਲ ਆਨੰਦਪੁਰ ਸਾਹਿਬ 'ਤੇ ਕਈ ਵਾਰ ਹਮਲੇ ਕੀਤੇ, ਜੋ ਅਸਫਲ ਰਹੇ। ਪਰ 1704 ਈਸਵੀ ਨੂੰ ਕੀਤੀ ਗਈ ਕਈ ਮਹੀਨਿਆਂ ਦੀ ਘੇਰਾਬੰਦੀ ਤੋਂ ਬਾਅਦ ਗੁਰੂ ਸਾਹਿਬ ਨੂੰ ਆਨੰਦਪੁਰ ਦਾ ਕਿਲ੍ਹਾ ਛੱਡਣਾ ਪਿਆ। ਇਸ ਨੇ ਗੁਰੂ ਸਾਹਿਬ ਨਾਲ ਕੀਤੇ ਵਾਅਦੇ ਤੋੜ ਕੇ ਸਰਸਾ ਨਦੀ ਪਾਰ ਕਰਦੇ ਸਮੇਂ ਸਿੱਖਾਂ 'ਤੇ ਹਮਲਾ ਕਰ ਦਿੱਤਾ, ਜਿਸ ਕਾਰਨ ਗੁਰੂ ਸਾਹਿਬ ਦਾ ਪਰਿਵਾਰ ਵਿੱਛੜ ਗਿਆ ਸੀ। ਚਾਰੇ ਸਾਹਿਬਜ਼ਾਦੇ ਤੇ ਮਾਤਾ ਗੁਜਰੀ (ਮਾਤਾ ਗੁਜਰ ਕੌਰ) ਇਸ ਦੁਸ਼ਟ ਕਾਰਨ ਸ਼ਹੀਦ ਹੋਏ ਸਨ। ਸਾਹਿਬਜ਼ਾਦਾ ਅਜੀਤ ਸਿੰਘ (ਉਮਰ 17 ਸਾਲ) ਤੇ ਜੁਝਾਰ ਸਿੰਘ (ਉਮਰ 13 ਸਾਲ) ਚਮਕੌਰ ਦੀ ਜੰਗ ਵਿਚ ਦਸੰਬਰ 1704 ਈਸਵੀ ਨੂੰ ਸ਼ਹੀਦ ਹੋਏ ਤੇ ਛੋਟੇ ਸਾਹਿਬਜ਼ਾਦੇ ਜੋਰਾਵਰ ਸਿੰਘ (ਉਮਰ 9 ਸਾਲ) ਤੇ ਫਤਿਹ ਸਿੰਘ (ਉਮਰ 6 ਸਾਲ) ਨੂੰ 26-27 ਦਸੰਬਰ 1704 ਈਸਵੀ ਵਾਲੇ ਦਿਨ ਨੀਂਹਾਂ ਵਿਚ ਚਿਣ ਕੇ ਸ਼ਹੀਦ ਕੀਤਾ ਗਿਆ। ਸਾਹਿਬਜ਼ਾਦਿਆਂ ਦੀ ਸ਼ਹਾਦਤ ਦੀ ਖਬਰ ਸੁਣ ਕੇ ਮਾਤਾ ਗੁਜਰੀ ਨੇ ਵੀ ਸਵਾਸ ਤਿਆਗ ਦਿੱਤੇ ਸਨ।

ਇਥੇ ਇੱਕ ਸਵਾਲ ਪੈਦਾ ਹੁੰਦਾ ਹੈ ਕਿ ਵਜ਼ੀਰ ਖਾਨ ਨੇ ਛੋਟੇ ਸਾਹਿਬਜ਼ਾਦਿਆਂ ਨੂੰ ਔਰੰਗਜ਼ੇਬ ਦੇ ਹੁਕਮਾਂ ਨਾਲ ਸ਼ਹੀਦ ਕੀਤਾ ਸੀ ਜਾਂ ਉਹ ਖੁਦ ਹੀ ਐਨੀ ਘਟੀਆ ਮਾਨਸਿਕਤਾ ਦਾ ਵਿਅਕਤੀ ਸੀ ਕਿ ਅਜਿਹੀ ਘਿਣਾਉਣੀ ਹਰਕਤ ਕਰ ਗਿਆ। ਵਰਨਣਯੋਗ ਹੈ ਕਿ ਔਰੰਗਜ਼ੇਬ ਦੋ ਮੁਸਲਿਮ ਰਿਆਸਤਾਂ (ਬੀਜਾਪੁਰ ਤੇ ਗੋਲਕੁੰਡਾ) ਤੇ ਮਰਾਠਿਆਂ ਦੇ ਖਿਲਾਫ ਲੜਨ ਲਈ 1681 ਈਸਵੀ ਵਿਚ ਦੱਖਣ ਚਲਾ ਗਿਆ ਸੀ ਤੇ ਸੰਨ 1707 ਈਸਵੀ ਵਿਚ ਮੌਤ ਹੋਣ ਤੱਕ ਉਥੇ ਹੀ ਰਿਹਾ। ਛੋਟੇ ਸਾਹਿਬਜ਼ਾਦੇ 19-20 ਦਸੰਬਰ ਨੂੰ ਗ੍ਰਿਫਤਾਰ ਤੇ 26-27 ਦਸੰਬਰ ਨੂੰ ਸ਼ਹੀਦ ਕੀਤੇ ਗਏ ਸਨ। ਜੇ ਉਸ ਨੇ ਔਰੰਗਜ਼ੇਬ ਦੀ ਸਹਿਮਤੀ ਲਈ ਦੱਖਣ ਵੱਲ ਦੂਤ ਭੇਜੇ ਹੁੰਦੇ, ਤਾਂ ਉਹ ਕਈ ਮਹੀਨਿਆਂ ਤੱਕ ਵਾਪਸ ਹੀ ਨਹੀਂ ਆ ਸਕਦੇ ਸਨ। ਔਰੰਗਜ਼ੇਬ ਇਕੱਲਤਾ ਪ੍ਰੇਮੀ ਸੀ ਤੇ ਉਸ ਨੂੰ ਮਿਲਣ ਲਈ, ਤਾਂ ਦੂਸਰੇ ਦੇਸ਼ਾਂ ਦੇ ਰਾਜਦੂਤਾਂ ਨੂੰ ਵੀ ਕਈ-ਕਈ ਮਹੀਨੇ ਉਡੀਕਣਾ ਪੈਂਦਾ ਸੀ। ਵਜ਼ੀਰ ਖਾਨ ਵਰਗੇ ਛੋਟੇ ਅਫਸਰ ਦੇ ਦੂਤ ਤਾਂ ਉਸ ਨੂੰ ਮਿਲ ਹੀ ਨਹੀਂ ਸਕਦੇ ਸਨ। ਖੁਸ਼ਵੰਤ ਸਿੰਘ ਨੇ ਆਪਣੀ ਕਿਤਾਬ ਹਿਸਟਰੀ ਆਫ ਸਿਖਸ ਵਿਚ ਮੁਗਲ ਦਰਬਾਰ ਦੇ ਰਿਕਾਰਡ ਤੋਂ ਇਹ ਗੱਲ ਲਿਖੀ ਹੈ ਕਿ ਇਰਾਨ ਦੇ ਨਵ ਨਿਯੁਕਤ ਰਾਜਦੂਤ ਨੂੰ ਔਰੰਗਜ਼ੇਬ ਨੂੰ ਮਿਲਣ ਲਈ 4 ਮਹੀਨੇ ਲੱਗ ਗਏ ਸਨ। ਵੈਸੇ ਵੀ ਇਹ ਇੱਕ ਇਤਿਹਾਸਕ ਸੱਚਾਈ ਹੈ ਕਿ ਔਰੰਗਜ਼ੇਬ ਨੇ ਚਾਹੇ ਕਿੰਨੇ ਵੀ ਜ਼ੁਲਮ ਕੀਤੇ ਹੋਣ, ਉਸ ਨੇ ਕਦੇ ਵੀ ਆਪਣੇ ਕਿਸੇ ਵੱਡੇ ਦੁਸ਼ਮਣ ਦੇ ਬੱਚੇ ਕਤਲ ਨਹੀਂ ਸਨ ਕੀਤੇ।

ਸੰਨ 1689 ਈਸਵੀ ਵਿਚ ਉਸ ਨੇ ਸ਼ਿਵਾ ਜੀ ਮਰਾਠਾ ਦੇ ਪੁੱਤਰ ਛਤਰਪਤੀ ਸ਼ੰਭਾ ਜੀ ਨੂੰ ਪਰਿਵਾਰ ਸਮੇਤ ਗ੍ਰਿਫਤਾਰ ਕੀਤਾ ਸੀ। ਸ਼ੰਭਾ ਜੀ ਨੂੰ ਤਾਂ ਤਸੀਹੇ ਦੇ ਕੇ ਕਤਲ ਕਰ ਦਿੱਤਾ ਗਿਆ ਸੀ ਪਰ ਉਸ ਦੇ ਪੁੱਤਰ ਸ਼ਾਹੂ ਜੀ ਉਸ ਨੇ 18 ਸਾਲ ਆਪਣੇ ਕੋਲ ਰੱਖ ਕੇ ਪਾਲਿਆ ਸੀ ਤੇ ਮੁਸਲਮਾਨ ਬਣਾਉਣ ਦੀ ਕੋਸ਼ਿਸ਼ ਵੀ ਨਹੀਂ ਸੀ ਕੀਤੀ। ਔਰੰਗਜ਼ੇਬ ਦੀ ਮੌਤ ਤੋਂ ਬਾਅਦ ਹੀ ਉਸ ਦੀ ਰਿਹਾਈ ਹੋਈ ਸੀ। ਇਸ ਤੋਂ ਸਾਫ ਜ਼ਾਹਰ ਹੈ ਕਿ ਛੋਟੇ ਸਾਹਿਜ਼ਾਦਿਆਂ ਨੂੰ ਸ਼ਹੀਦ ਕਰਨ ਦਾ ਫੈਸਲਾ ਵਜ਼ੀਰ ਖਾਨ ਦਾ ਖੁਦ ਦਾ ਹੀ ਸੀ। ਔਰੰਗਜ਼ੇਬ ਦੀ ਮੌਤ ਤੋਂ ਬਾਅਦ ਗੁਰੂ ਗੋਬਿੰਦ ਸਿੰਘ ਸਾਹਿਬ ਨੇ ਤਖਤ ਨਸ਼ੀਨੀ ਦੀ ਜੰਗ ਸਮੇਂ ਉਸ ਦੇ ਵੱਡੇ ਪੁੱਤਰ ਬਹਾਦਰ ਸ਼ਾਹ ਦੀ ਉਸ ਦੇ ਭਰਾ ਮੁਹੰਮਦ ਆਜ਼ਮ ਸ਼ਾਹ ਦੇ ਖਿਲਾਫ ਜਾਜੂ ਦੀ ਜੰਗ (20 ਜੂਨ 1707 ਈਸਵੀ) ਵਿਚ ਸੈਨਿਕ ਮਦਦ ਕੀਤੀ ਸੀ। ਇਸ ਕਾਰਨ ਗੁਰੂ ਸਾਹਿਬ ਦੇ ਬਹਾਦਰ ਸ਼ਾਹ ਨਾਲ ਚੰਗੇ ਸਬੰਧ ਬਣ ਗਏ ਸਨ। ਇਸ ਤੋਂ ਡਰ ਕੇ ਵਜ਼ੀਰ ਖਾਨ ਨੇ ਜਮਸ਼ੇਦ ਖਾਨ ਅਤੇ ਵਾਸਿਲ ਬੇਗ ਨਾਮਕ ਦੋ ਭਾੜੇ ਦੇ ਕਾਤਲ ਦੱਖਣ ਵੱਲ ਭੇਜੇ, ਜਿਨ੍ਹਾਂ ਨੇ ਗੁਰੂ ਸਾਹਿਬ ਨੂੰ ਤੇਜ਼ਧਾਰ ਹਥਿਆਰਾਂ ਨਾਲ ਜ਼ਖਮੀ ਕਰ ਦਿੱਤਾ ਸੀ। ਇਸ ਕਾਰਨ 7 ਅਕਤੂਬਰ 1708 ਈਸਵੀ ਨੂੰ ਗੁਰੂ ਸਾਹਿਬ ਜੋਤੀ ਜੋਤ ਸਮਾਂ ਗਏ। ਪਰ ਇਸ ਤੋਂ ਬਾਅਦ ਇਸ ਦੁਸ਼ਟ ਦਾ ਆਖਰੀ ਸਮਾਂ ਵੀ ਜਲਦੀ ਹੀ ਆ ਗਿਆ ਸੀ। ਗੁਰੂ ਸਾਹਿਬ ਵੱਲੋਂ ਥਾਪੜਾ ਦੇ ਕੇ ਭੇਜੇ ਗਏ ਬਾਬਾ ਬੰਦਾ ਸਿੰਘ ਬਹਾਦਰ ਦੀ ਫੌਜ ਨਾਲ 12 ਮਈ 1710 ਵਾਲੇ ਦਿਨ ਹੋਈ ਚੱਪੜਚਿੜੀ ਦੀ ਜੰਗ ਦੌਰਾਨ ਭਾਈ ਫਤਿਹ ਸਿੰਘ ਨੇ ਸਿਰ ਵੱਢ ਕੇ ਇਸ ਨੂੰ ਨਰਕਾਂ ਵੱਲ ਤੋਰ ਦਿੱਤਾ।

# ਹੋਮਿਓਪੈਥੀ ਇਲਾਜ ਦੇ ਮੁੱਖ ਨਿਯਮ

ਡਾ. ਅਮੀਤਾ ਰਾਣੀ
7589363090
ਪੰਜਾਬ ਮੇਲ USA

**ਹੋਮਿਓਪੈਥੀ ਇਕ ਵਿਗਿਆਨ ਹੈ ਜਿਸ ਵਿਚ ਰੋਗੀ ਦੇ ਵਿਸ਼ੇਸ਼ ਅਤੇ ਅਸਾਧਾਰਣ ਲੱਛਣਾਂ ਨੂੰ ਧਿਆਨ ਵਿਚ ਰੱਖ ਕੇ ਦਵਾਈ ਚੁਣੀ ਜਾਂਦੀ ਹੈ।**

ਹੋਮਿਓਪੈਥੀ ਇਕ ਵਿਗਿਆਨ ਹੈ, ਜਿਸ ਵਿਚ ਰੋਗੀ ਦੇ ਵਿਸ਼ੇਸ਼ ਅਤੇ ਅਸਾਧਾਰਣ ਲੱਛਣਾਂ ਨੂੰ ਧਿਆਨ ਵਿਚ ਰੱਖ ਕੇ ਦਵਾਈ ਚੁਣੀ ਜਾਂਦੀ ਹੈ। ਇਸ ਵਿਚ ਕੇਵਲ ਰੋਗ ਦਾ ਨਾਮ ਦੇਖ ਕੇ ਇਲਾਜ ਨਹੀਂ ਕੀਤਾ ਜਾਂਦਾ, ਬਲਕਿ ਹਰ ਰੋਗੀ ਦੇ ਅੰਦਰਲੇ ਲੱਛਣਾਂ ਅਤੇ ਉਸਦੀ ਸਰੀਰਕ-ਮਾਨਸਿਕ ਅਵਸਥਾ ਦਾ ਵਿਸ਼ਲੇਸ਼ਣ ਕੀਤਾ ਜਾਂਦਾ ਹੈ।

## ਦਵਾਈ ਦੀ ਚੋਣ

ਜੇ ਰੋਗੀ ਵਿਚ ਅਸਾਧਾਰਣ ਲੱਛਣ ਮਿਲਣ, ਤਾਂ ਉਨ੍ਹਾਂ ਦੇ ਆਧਾਰ 'ਤੇ ਹੀ ਦਵਾਈ ਚੁਣੀ ਜਾਵੇ। ਆਮ ਲੱਛਣਾਂ ਲਈ ਕਿਤਾਬਾਂ ਸਹਾਇਕ ਹੁੰਦੀਆਂ ਹਨ, ਪਰ ਇਲਾਜ ਦੀ ਨੀਂਹ ਹਮੇਸ਼ਾ ਵਿਲੱਖਣ ਲੱਛਣ ਹੀ ਹੁੰਦੇ ਹਨ।

## ਦਵਾਈ ਦੇਣ ਤੋਂ ਬਾਅਦ ਪ੍ਰਤੀਕਿਰਿਆ

ਜੇ ਦਵਾਈ ਦੇਣ ਤੋਂ ਬਾਅਦ ਰੋਗ ਵਿਚ ਕੁਝ ਵਾਧਾ ਹੋਵੇ ਪਰ ਰੋਗ ਹੌਲੀ-ਹੌਲੀ ਠੀਕ ਹੋਣਾ ਸ਼ੁਰੂ ਹੋ ਜਾਵੇ, ਤਾਂ ਇਹ ਸਹੀ ਇਲਾਜ ਦੀ ਨਿਸ਼ਾਨੀ ਹੈ। ਸਭ ਤੋਂ ਵਧੀਆ ਹਾਲਤ ਉਹ ਹੈ, ਜਦੋਂ ਰੋਗ ਵੱਧੇ ਬਿਨਾਂ ਹੀ ਠੀਕ ਹੋਣਾ ਸ਼ੁਰੂ ਕਰੇ।

## ਦਵਾਈਆਂ ਦੀ ਦੁਹਰਾਵਟ

ਉੱਚ ਪੋਟੈਂਸੀ ਵਾਲੀਆਂ ਦਵਾਈਆਂ (200, 1000, 1ਐਮ) ਨੂੰ ਵਾਰ-ਵਾਰ ਨਾ ਦੁਹਰਾਓ। ਜੇ ਇਹ ਦਵਾਈ ਕੰਮ ਕਰ ਰਹੀ ਹੈ ਤਾਂ ਉਸਦੀ ਕਾਰਵਾਈ ਵਿਚ ਰੁਕਾਵਟ ਨਾ ਪਾਓ।

## ਨਵੇਂ ਲੱਛਣ

ਜੇ ਦਵਾਈ ਲੈਣ ਤੋਂ ਬਾਅਦ ਰੋਗੀ ਵਿਚ ਨਵੇਂ ਲੱਛਣ ਪ੍ਰਗਟ ਹੋਣ, ਤਾਂ ਫੌਰਨ








ਦਵਾਈ ਰੋਕ ਦਿਓ। ਜੇ ਲੱਛਣ ਗਲਤ ਦਿਸ਼ਾ ਵਿਚ ਜਾਣ ਲੱਗਣ ਜਾਂ ਬਾਹਰੀ ਰੋਗ ਅੰਦਰਲੇ ਅੰਗਾਂ ਵਿਚ ਵਧਣ ਲੱਗੇ, ਤਾਂ ਐਂਟੀਡੋਟ ਦਵਾਈ ਦੇਣੀ ਚਾਹੀਦੀ ਹੈ।

## ਦਵਾਈਆਂ ਵਿਚ ਅੰਤਰ

ਇੱਕ ਸਮੇਂ ਦੋ ਦਵਾਈਆਂ ਨਾ ਦਿਓ। ਜੇ ਦੋ ਦਵਾਈਆਂ ਦੇਣੀਆਂ ਹੀ ਪੈਣ ਤਾਂ ਘੱਟੋ-ਘੱਟ 15 ਮਿੰਟ ਦਾ ਅੰਤਰ ਰੱਖੋ।

ਲਾਭ ਨਾ ਹੋਣਾ ਜਾਂ ਰੁੱਕ ਜਾਣਾ

ਜੇ ਕੋਈ ਲਾਭ ਨਾ ਹੋਵੇ ਤਾਂ ਦਵਾਈਆਂ ਬੰਦ ਕਰੋ ਅਤੇ ਮੁੜ ਲੱਛਣਾਂ ਦੀ ਪਰਖ ਕਰਕੇ ਨਵਾਂ ਇਲਾਜ ਸ਼ੁਰੂ ਕਰੋ। ਜੇ ਲਾਭ ਹੋਣਾ ਸ਼ੁਰੂ ਹੋ ਗਿਆ ਹੈ, ਤਾਂ ਦਵਾਈ ਪੰਜ ਦਿਨ ਤੋਂ ਬਾਅਦ ਬੰਦ ਕਰੋ ਅਤੇ ਇੰਤਜ਼ਾਰ ਕਰੋ।

ਜੇ ਲਾਭ ਰੁੱਕ ਜਾਵੇ ਪਰ ਰੋਗ ਪੂਰੀ ਤਰ੍ਹਾਂ ਖ਼ਤਮ ਨਾ ਹੋਇਆ ਹੋਵੇ, ਤਾਂ ਉਸੇ ਦਵਾਈ ਦੀ 1ਐਮ ਪੋਟੈਂਸੀ ਦੀ ਇਕ ਖੁਰਾਕ ਦਿਓ ਅਤੇ ਇੱਕ ਮਹੀਨਾ ਕੁਝ ਨਾ ਦਿਓ।

## ਭੋਜਨ ਅਤੇ ਸਾਵਧਾਨੀਆਂ

- ਦਵਾਈ ਲੈਣ ਤੋਂ ਪਹਿਲਾਂ ਜਾਂ ਬਾਅਦ ਘੱਟੋ-ਘੱਟ ਇੱਕ ਘੰਟਾ ਭੋਜਨ ਨਾ ਕਰੋ।
- ਇਲਾਜ ਦੇ ਦੌਰਾਨ ਹਿੰਗ, ਸ਼ਰਾਬ, ਕੌਫੀ, ਭੰਗ, ਗਾਂਜਾ ਆਦਿ ਨਾ ਵਰਤੋ।
- ਭੋਜਨ ਸਾਦਾ ਅਤੇ ਸਿਹਤਮੰਦ ਹੋਣਾ ਚਾਹੀਦਾ ਹੈ।

## ਖੁਰਾਕ ਦਾ ਨਿਯਮ

- ਉੱਚ ਪੋਟੈਂਸੀ (200 ਜਾਂ 1000): ਹਫਤੇ ਵਿਚ ਇੱਕ ਵਾਰ ਸਵੇਰੇ ਪੰਜ ਬੂੰਦਾਂ।
- ਨਿਮਨ ਪੋਟੈਂਸੀ (6 ਜਾਂ 30): ਹਰ ਰੋਜ਼ ਤਿੰਨ ਵਾਰ ਬੂੰਦਾਂ।
- ਬੱਚਿਆਂ ਲਈ: ਵੱਡਿਆਂ ਦੀ ਅੱਧੀ ਖੁਰਾਕ।


ਹੋਮਿਓਪੈਥੀ ਦਾ ਸਹੀ ਲਾਭ ਤਦੋਂ ਮਿਲਦਾ ਹੈ, ਜਦੋਂ ਇਲਾਜ ਰੋਗੀ ਦੇ ਵਿਲੱਖਣ ਲੱਛਣਾਂ ਅਨੁਸਾਰ ਕੀਤਾ ਜਾਵੇ। ਦਵਾਈ ਦੀ ਚੋਣ ਵਿਚ ਧੀਰਜ ਅਤੇ ਧਿਆਨ ਬਹੁਤ ਜ਼ਰੂਰੀ ਹੈ। ਸਭ ਤੋਂ ਵੱਡੀ ਗੱਲ ਇਹ ਹੈ ਕਿ ਰੋਗ ਨੂੰ ਅੰਦਰੋਂ ਬਾਹਰ ਨਿਕਲਣਾ ਚਾਹੀਦਾ ਹੈ, ਨਾ ਕਿ ਬਾਹਰੋਂ ਅੰਦਰ ਵਧਣਾ।

# ਅਭੀ ਨਾ ਜਾਓ ਛੋੜ ਕੇ ...: 'ਹੀ ਮੈਨ' ਧਰਮਿੰਦਰ ਨੂੰ ਸਮਰਪਿਤ

## ਧਰਮਿੰਦਰ: ਇੱਕ ਯੁੱਗ ਨੂੰ ਅਲਵਿਦਾ, ਇੱਕ ਨਾਇਕ ਦੀ ਅਮਰਤਾ

-ਡਾ. ਸਤਿਆਵਾਨ ਸੌਰਭ
ਹਰਿਆਣਾ
ਮੋਬਾਈਲ: 94665-26148,
01255281381
ਪੰਜਾਬ ਮੇਲ USA





ਹਿੰਦੀ ਸਿਨੇਮਾ ਨੇ ਆਪਣੇ ਲੰਬੇ ਸਫ਼ਰ ਵਿਚ ਬਹੁਤ ਸਾਰੇ ਸਿਤਾਰਿਆਂ ਨੂੰ ਜਨਮ ਦਿੱਤਾ ਹੈ, ਪਰ ਕੁਝ ਅਜਿਹੇ ਵੀ ਹਨ ਜਿਨ੍ਹਾਂ ਦੀ ਚਮਕ ਸਮੇਂ ਦੇ ਨਾਲ ਕਦੇ ਵੀ ਮੱਧਮ ਨਹੀਂ ਪੈਂਦੀ, ਸਗੋਂ ਜਿਉਂਦੇ ਰਹਿੰਦੇ ਹਨ, ਹਰ ਪੀੜ੍ਹੀ ਦੀਆਂ ਅੱਖਾਂ ਵਿਚ ਇੱਕ ਨਵੀਂ ਚਮਕ ਲਿਆਉਂਦੇ ਹਨ। ਧਰਮਿੰਦਰ ਉਨ੍ਹਾਂ ਦੁਰਲੱਭ ਸਿਤਾਰਿਆਂ ਵਿਚੋਂ ਇੱਕ ਸਨ, ਜੋ ਸਿਰਫ਼ ਇੱਕ ਅਦਾਕਾਰ ਹੀ ਨਹੀਂ ਸਨ, ਸਗੋਂ ਭਾਰਤੀ ਸਮਾਜ ਦੇ ਭਾਵਨਾਤਮਕ ਤਾਣੇ-ਬਾਣੇ ਦਾ ਹਿੱਸਾ ਵੀ ਬਣ ਗਏ ਸਨ। ਉਨ੍ਹਾਂ ਦੇ ਜਾਣ ਨਾਲ ਇੱਕ ਅਜਿਹਾ ਖਲਾਅ ਪੈਦਾ ਹੋ ਗਿਆ ਹੈ, ਜਿਸਨੂੰ ਸ਼ਬਦਾਂ ਵਿਚ ਬਿਆਨ ਕਰਨਾ ਮੁਸ਼ਕਲ ਹੈ। ਉਹ ਸਿਰਫ਼ ਇੱਕ ਸਕਰੀਨ ਇਮੇਜ ਨਹੀਂ ਸਨ; ਉਹ ਇੱਕ ਅਜਿਹਾ ਇਨਸਾਨ ਸੀ, ਜਿਸਦੀ ਨਿੱਘ ਅਤੇ ਨਿਮਰਤਾ ਨੇ ਦਰਸ਼ਕਾਂ ਨੂੰ ਉਨ੍ਹਾਂ ਦੇ ਆਪਣੇ ਪਰਿਵਾਰ ਦੇ ਮੈਂਬਰ ਵਾਂਗ ਆਪਣੇ ਨਾਲ ਜੋੜਿਆ।

ਧਰਮਿੰਦਰ ਦੀ ਕਹਾਣੀ ਕਿਸੇ ਫਿਲਮੀ ਕਹਾਣੀ ਤੋਂ ਘੱਟ ਨਹੀਂ ਹੈ। ਪੰਜਾਬ ਦੇ ਇੱਕ ਛੋਟੇ ਜਿਹੇ ਪਿੰਡ ਨਸਰਾਲੀ ਤੋਂ ਸ਼ੁਰੂ ਹੋਇਆ ਇਹ ਸਫ਼ਰ ਸੰਘਰਸ਼, ਸਖ਼ਤ ਮਿਹਨਤ ਅਤੇ ਸੁਪਨਿਆਂ ਦੀ ਸ਼ਕਤੀ ਦੀ ਇੱਕ ਜਿਉਂਦੀ ਜਾਗਦੀ ਉਦਾਹਰਣ ਹੈ। ਜਦੋਂ ਇੱਕ ਨਿਮਰ ਕਿਸਾਨ ਪਰਿਵਾਰ ਵਿਚ ਪੈਦਾ ਹੋਇਆ ਮੁੰਡਾ ਫਿਲਮੀ ਦੁਨੀਆਂ ਦੀ ਚਮਕ ਅਤੇ ਗਲੈਮਰ ਤੱਕ ਪਹੁੰਚਦਾ ਹੈ, ਤਾਂ ਅਕਸਰ ਆਪਣੀ ਅਸਲੀ ਪਛਾਣ ਗੁਆ ਬੈਠਦਾ ਹੈ, ਪਰ ਧਰਮਿੰਦਰ ਅਜਿਹਾ ਨਹੀਂ ਸੀ। ਉਸਨੇ ਕਦੇ ਵੀ ਆਪਣੀਆਂ ਜੜ੍ਹਾਂ ਨਹੀਂ ਛੱਡੀਆਂ। ਉਹੀ ਸਾਦਗੀ, ਉਹੀ ਭਾਰਤੀਅਤਾ, ਉਹੀ ਆਪਣਾਪਣ ਦੀ ਭਾਵਨਾ ਉਸਦੀ ਹਰ ਮੁਸਕਰਾਹਟ ਵਿਚ ਸਪੱਸ਼ਟ ਸੀ। ਇਸੇ ਕਰਕੇ ਉਹ ਸਿਰਫ਼ ਇੱਕ "ਸਟਾਰ" ਹੀ ਨਹੀਂ, ਸਗੋਂ "ਦਿਲਾਂ ਦਾ ਹੀਰੋ" ਬਣ ਗਿਆ।

ਜਦੋਂ ਉਹ 1960 ਦੇ ਦਹਾਕੇ ਵਿਚ ਸਿਲਵਰ ਸਕ੍ਰੀਨ 'ਤੇ ਆਇਆ, ਤਾਂ ਦਰਸ਼ਕ ਕਲਪਨਾ ਵੀ ਨਹੀਂ ਕਰ ਸਕਦੇ ਸਨ ਕਿ ਇਹ ਨੌਜਵਾਨ ਆਉਣ ਵਾਲੇ ਦਹਾਕਿਆਂ ਤੱਕ ਹਿੰਦੀ ਸਿਨੇਮਾ ਦੇ ਸਭ ਤੋਂ ਪਿਆਰੇ ਚਿਹਰਿਆਂ ਵਿਚੋਂ ਇੱਕ ਬਣ ਜਾਵੇਗਾ। ਜਦੋਂ ਕਿ ਉਸਦੀ ਸ਼ੁਰੂਆਤ ਹੌਲੀ ਸੀ, ਉਸਦੀਆਂ ਅੱਖਾਂ ਵਿਚ ਮਾਸੂਮੀਅਤ ਅਤੇ ਉਸਦੇ ਸ਼ਖ਼ਸੀਅਤ ਵਿਚ ਛੁਪਿਆ ਡੂੰਘਾ ਵਿਸ਼ਵਾਸ ਜਲਦੀ ਹੀ ਲੋਕਾਂ ਦੇ ਦਿਲਾਂ ਨੂੰ ਛੂਹ ਲੈਂਦਾ ਸੀ। ਉਸਦੀਆਂ ਸ਼ੁਰੂਆਤੀ ਫਿਲਮਾਂ ਨੇ ਉਸਦੇ ਵਿਲੱਖਣ ਗੁਣਾਂ ਨੂੰ ਪ੍ਰਦਰਸ਼ਿਤ ਕੀਤਾ: ਸੰਵਾਦ ਦੀ ਸਾਦਗੀ, ਭਾਵਨਾਵਾਂ ਦਾ ਸਵੈ-ਇੱਛਾ ਨਾਲ ਪ੍ਰਗਟਾਵਾ ਅਤੇ ਉਸਦੇ ਪਾਤਰਾਂ ਪ੍ਰਤੀ ਇੱਕ ਇਮਾਨਦਾਰ ਪਹੁੰਚ।



ਸਮੇਂ ਦੇ ਨਾਲ, ਧਰਮਿੰਦਰ ਨੇ ਦਿਖਾਇਆ ਕਿ ਉਹ ਸਿਰਫ਼ ਇੱਕ ਰੋਮਾਂਟਿਕ ਹੀਰੋ ਨਹੀਂ ਸੀ, ਸਗੋਂ ਇੱਕ ਅਜਿਹਾ ਅਦਾਕਾਰ ਸੀ, ਜੋ ਹਰ ਸ਼ੈਲੀ ਵਿਚ ਫਿੱਟ ਬੈਠ ਸਕਦਾ ਸੀ। ਉਸਨੇ ਅਦਾਕਾਰੀ ਦੇ ਹਰ ਰੰਗ ਨੂੰ ਜੀਇਆ - ਰੋਮਾਂਸ ਦੀ ਕੋਮਲਤਾ, ਕਾਮੇਡੀ ਦੀ ਸੌਖ, ਐਕਸ਼ਨ ਦੀ ਤੀਬਰਤਾ, ਅਤੇ ਭਾਵਨਾਤਮਕ ਦ੍ਰਿਸ਼ਾਂ ਦੀ ਡੂੰਘਾਈ। "ਅਨੁਪਮਾ" ਅਤੇ "ਅਨਪੜ੍ਹ" ਵਿਚ ਉਸਦੇ ਰੋਮਾਂਟਿਕ ਚਿੱਤਰਣ ਨੇ ਦਰਸ਼ਕਾਂ ਨੂੰ ਮੋਹਿਤ ਕੀਤਾ, ਜਦੋਂਕਿ "ਮੇਰਾ ਗਾਓਂ ਮੇਰਾ ਦੇਸ਼" ਅਤੇ "ਸ਼ੋਲੇ" ਵਿਚ ਉਸਦੇ ਐਕਸ਼ਨ ਨਾਲ ਭਰਪੂਰ ਪ੍ਰਦਰਸ਼ਨ ਨੇ ਉਸਨੂੰ "ਹੀ-ਮੈਨ" ਦਾ ਖਿਤਾਬ ਦਿੱਤਾ। ਇਹ ਖਿਤਾਬ ਇੱਕ ਫੈਸ਼ਨ ਸਟੇਟਮੈਂਟ ਨਹੀਂ ਸੀ, ਸਗੋਂ ਉਸਦੀ ਅੰਦਰੂਨੀ ਮਜ਼ਬੂਤ ਸ਼ਖ਼ਸੀਅਤ ਦਾ ਪ੍ਰਮਾਣ ਸੀ।

"ਸ਼ੋਲੇ" ਦਾ ਵੀਰੂ ਭਾਰਤੀ ਸਿਨੇਮਾ ਇਤਿਹਾਸ ਦਾ ਇੱਕ ਅਜਿਹਾ ਕਿਰਦਾਰ ਹੈ, ਜਿਸਨੂੰ ਕਿਸੇ ਜਾਣ-ਪਛਾਣ ਦੀ ਲੋੜ ਨਹੀਂ ਹੈ। ਵੀਰੂ ਦੀ ਮੌਜ-ਮਸਤੀ, ਦੋਸਤੀ, ਬੇਫਿਕਰ ਰਵੱਈਏ ਅਤੇ ਦਿਲ ਦੀ ਡੂੰਘਾਈ ਨੇ ਇਸ ਕਿਰਦਾਰ ਨੂੰ ਅਮਰ ਬਣਾ ਦਿੱਤਾ। ਧਰਮਿੰਦਰ ਨੇ ਸਿਰਫ਼ ਇੱਕ ਭੂਮਿਕਾ ਨਹੀਂ ਨਿਭਾਈ, ਸਗੋਂ ਉਸਨੂੰ ਜੀਇਆ। ਇਸੇ ਕਰਕੇ ਵੀਰੂ ਅਜੇ ਵੀ ਦਰਸ਼ਕਾਂ ਦੇ ਚਿਹਰਿਆਂ 'ਤੇ ਮੁਸਕਰਾਹਟ ਲਿਆਉਂਦਾ ਹੈ। ਪਰ ਧਰਮਿੰਦਰ ਦਾ ਜਾਦੂ ਵੀਰੂ ਤੱਕ ਸੀਮਤ ਨਹੀਂ ਸੀ। "ਚੁਪਕੇ ਚੁਪਕੇ" ਵਿਚ ਉਸਦੀ ਗੰਭੀਰ ਸੋਚ ਵਾਲੀ ਕਾਮੇਡੀ ਸਾਬਤ ਕਰਦੀ ਹੈ ਕਿ ਕਾਮੇਡੀ ਹਮੇਸ਼ਾ ਓਵਰ-ਦੀ-ਟੌਪ ਐਕਸ਼ਨ ਜਾਂ ਅਤਿਕਥਨੀ ਤੋਂ ਨਹੀਂ ਆਉਂਦੀ; ਇਹ ਸ਼ਾਨ ਅਤੇ ਸਮੇਂ ਸਿਰ ਸੰਵਾਦ ਤੋਂ ਵੀ ਪੈਦਾ ਹੋ ਸਕਦੀ ਹੈ। ਧਰਮਿੰਦਰ ਇਸਦੀ ਇੱਕ ਜਿਉਂਦੀ ਜਾਗਦੀ ਉਦਾਹਰਣ ਸੀ।

ਉਸਦੀ ਅਦਾਕਾਰੀ ਦੀ ਨੀਂਹ ਹਮੇਸ਼ਾ ਸੱਚ ਸੀ। ਉਸਨੇ ਅਦਾਕਾਰੀ ਨਹੀਂ ਕੀਤੀ; ਉਸਨੇ ਸੱਚਾਈ ਪ੍ਰਗਟ ਕੀਤੀ। ਇਹ ਸੱਚਾਈ ਕਈ ਵਾਰ ਪਿਆਰ ਦੀ ਕੋਮਲਤਾ ਦੇ ਰੂਪ ਵਿਚ ਪ੍ਰਗਟ ਹੁੰਦੀ ਸੀ, ਕਈ ਵਾਰ ਟਕਰਾਅ ਦੀ ਕੁੜੱਤਣ ਦੇ ਰੂਪ ਵਿਚ। ਅੱਜ ਦੇ ਯੁੱਗ ਵਿਚ, ਜਦੋਂ ਅਦਾਕਾਰੀ ਤਕਨੀਕ ਅਤੇ ਸਤਹੀ ਸ਼ਿੰਗਾਰ 'ਤੇ ਨਿਰਭਰ ਹੋ ਰਹੀ ਹੈ, ਧਰਮਿੰਦਰ ਸਾਨੂੰ ਯਾਦ ਦਿਵਾਉਂਦੇ ਹਨ ਕਿ ਦਿਲ ਦਿਲ ਵਿਚ ਹੈ। ਇਹੀ ਗੁਣ ਹੈ, ਜਿਸਨੇ ਉਸਦੀਆਂ ਫਿਲਮਾਂ ਨੂੰ ਸਮੇਂ ਦੀਆਂ ਪਾਬੰਦੀਆਂ ਤੋਂ ਮੁਕਤ ਕੀਤਾ।

ਧਰਮਿੰਦਰ ਦਾ ਇੱਕ ਹੋਰ ਵੱਡਾ ਗੁਣ ਸੀ - ਉਸਦਾ ਸਾਦਾ ਸੁਭਾਅ। ਉਸਨੇ ਕਦੇ ਵੀ ਆਪਣੇ ਆਪ ਨੂੰ ਮਹਾਨ ਜਾਂ ਵੱਡਾ ਸਾਬਤ ਕਰਨ ਦੀ ਕੋਸ਼ਿਸ਼ ਨਹੀਂ ਕੀਤੀ। ਸੈਂਕੜੇ ਸਫਲ ਫਿਲਮਾਂ, ਲੱਖਾਂ ਪ੍ਰਸ਼ੰਸਕਾਂ ਅਤੇ ਦਹਾਕਿਆਂ ਦੀ ਪ੍ਰਸਿੱਧੀ ਤੋਂ ਬਾਅਦ ਵੀ, ਉਹ ਇੱਕ ਸਾਧਾਰਨ ਪੇਂਡੂ ਵਾਂਗ ਬੋਲਦਾ ਸੀ। ਉਸਦੀ ਨਿਮਰਤਾ ਕਿਸੇ ਨਕਲੀ ਨਿਮਰਤਾ ਦਾ ਨਤੀਜਾ ਨਹੀਂ ਸੀ; ਇਹ ਉਸਦੇ ਸੁਭਾਅ ਦਾ ਹਿੱਸਾ ਸੀ। ਇਹੀ ਕਾਰਨ ਹੈ ਕਿ ਉਹ ਇੰਡਸਟਰੀ ਦੇ ਅੰਦਰ ਅਤੇ ਬਾਹਰ ਬਰਾਬਰ ਸਤਿਕਾਰ ਦਾ ਪਾਤਰ ਬਣਿਆ ਰਿਹਾ।

ਧਰਮਿੰਦਰ ਨੇ ਕਦੇ ਵੀ ਆਪਣੇ ਨਿੱਜੀ ਅਤੇ ਰਾਜਨੀਤਿਕ ਜੀਵਨ ਵਿਚ ਆਪਣੀਆਂ ਕਦਰਾਂ-ਕੀਮਤਾਂ ਨੂੰ ਨਹੀਂ ਤਿਆਗਿਆ। ਉਹ 2004 ਵਿਚ ਲੋਕ ਸਭਾ ਲਈ ਚੁਣੇ ਗਏ ਸਨ ਅਤੇ ਆਪਣੇ ਤਰੀਕੇ ਨਾਲ ਜਨਤਾ ਦੀ ਸੇਵਾ ਕੀਤੀ। ਭਾਵੇਂ ਉਹ ਰਾਜਨੀਤੀ ਵਿਚ ਡੂੰਘਾਈ ਨਾਲ ਸ਼ਾਮਲ ਨਹੀਂ ਸਨ, ਪਰ ਇਹ ਸਪੱਸ਼ਟ ਸੀ ਕਿ ਉਹ ਸਮਾਜ ਦੇ ਇੱਕ ਜ਼ਿੰਮੇਵਾਰ ਨਾਗਰਿਕ ਵਜੋਂ ਆਪਣੀ ਭੂਮਿਕਾ ਨੂੰ ਸਮਝਦੇ ਸਨ। ਉਨ੍ਹਾਂ ਦਾ ਕਿਰਦਾਰ ਉਨ੍ਹਾਂ ਦੀ ਅਦਾਕਾਰੀ ਵਾਂਗ ਹੀ ਸਿੱਧਾ ਅਤੇ ਸਿੱਧਾ ਸੀ।

ਉਸਦੀ ਜੀਵਨ ਸ਼ੈਲੀ ਦੀ ਸਾਦਗੀ ਨੇ ਵੀ ਹਮੇਸ਼ਾ ਲੋਕਾਂ ਨੂੰ ਪ੍ਰਭਾਵਿਤ ਕੀਤਾ। ਉਸਦਾ ਫਾਰਮ ਹਾਊਸ, ਮੁੰਬਈ ਦੀ ਭੀੜ-ਭੜੱਕੇ ਤੋਂ ਦੂਰ, ਜ਼ਮੀਨ 'ਤੇ ਕੰਮ ਕਰਨਾ, ਖੇਤਾਂ ਨੂੰ ਪਾਣੀ ਦੇਣਾ, ਜਾਨਵਰਾਂ ਨਾਲ ਸਮਾਂ ਬਿਤਾਉਣਾ - ਇਹ ਸਭ ਉਸਦੀ ਆਤਮਾ ਨੂੰ ਸ਼ਾਂਤੀ ਦਿੰਦੇ ਸਨ। ਇਹ ਇੱਕ ਅਜਿਹੇ ਅਦਾਕਾਰ ਨੂੰ ਦਰਸਾਉਂਦਾ ਹੈ, ਜੋ ਚਮਕਦਾਰ ਪਰਦੇ ਤੋਂ ਪਰੇ, ਕੁਦਰਤ ਦੀ ਗੋਦ ਵਿਚ ਪੂਰੀ ਤਰ੍ਹਾਂ ਘਰ ਮਹਿਸੂਸ ਕਰਦਾ ਸੀ। ਇਹ ਇੱਕ ਅਜਿਹਾ ਗੁਣ ਹੈ, ਜੋ ਕਿਸੇ ਵੀ ਅਦਾਕਾਰ ਵਿਚ ਘੱਟ ਹੀ ਦੇਖਿਆ ਜਾਂਦਾ ਹੈ।

ਉਨ੍ਹਾਂ ਦੇ ਯੋਗਦਾਨ ਸਿਰਫ਼ ਉਨ੍ਹਾਂ ਦੇ ਸਮੇਂ ਤੱਕ ਹੀ ਸੀਮਿਤ ਨਹੀਂ ਹਨ। ਅੱਜ ਦੀ ਪੀੜ੍ਹੀ ਧਰਮਿੰਦਰ ਦੀਆਂ ਫਿਲਮਾਂ ਵਿਚ ਉਹੀ ਤਾਜ਼ਗੀ, ਉਹੀ ਮਨੁੱਖੀ ਸੰਵੇਦਨਸ਼ੀਲਤਾ ਅਤੇ ਉਹੀ ਸੰਚਾਰ ਸ਼ਕਤੀ ਪਾਉਂਦੀ ਹੈ, ਜੋ ਦਰਸ਼ਕਾਂ ਨੇ 40-50 ਸਾਲ ਪਹਿਲਾਂ ਮਹਿਸੂਸ ਕੀਤੀ ਸੀ। ਇਹ ਬਹੁਤ ਘੱਟ ਕਲਾਕਾਰਾਂ ਦਾ ਸੁਭਾਗ ਹੈ, ਜਿਨ੍ਹਾਂ ਦੀਆਂ ਫਿਲਮਾਂ ਦੀ ਸ਼ਕਤੀ ਪੀੜ੍ਹੀਆਂ ਤੋਂ ਪਾਰ ਹੁੰਦੀ ਹੈ। ਧਰਮਿੰਦਰ ਇਸ ਵਿਰਾਸਤ ਨੂੰ ਆਪਣੇ ਨਾਲ ਨਹੀਂ ਲੈ ਕੇ ਗਏ; ਉਨ੍ਹਾਂ ਨੇ ਇਸਨੂੰ ਸਮਾਜ ਲਈ ਛੱਡ ਦਿੱਤਾ।

ਅੱਜ ਜਦੋਂ ਅਸੀਂ ਉਸ ਬਾਰੇ ਸੋਚਦੇ ਹਾਂ, ਤਾਂ ਉਸ ਦੇ ਚਿਹਰੇ 'ਤੇ ਉਹ ਆਸਾਨ ਮੁਸਕਰਾਹਟ ਤੁਰੰਤ ਯਾਦ ਆਉਂਦੀ ਹੈ। ਇਹ ਇਸ ਤਰ੍ਹਾਂ ਹੈ, ਜਿਵੇਂ ਉਹ ਅਜੇ ਵੀ ਕਿਸੇ ਦ੍ਰਿਸ਼ ਲਈ ਤਿਆਰੀ ਕਰ ਰਿਹਾ ਹੋਵੇ, ਜਾਂ ਆਪਣੀ ਮਸ਼ਹੂਰ ਨਿਮਰਤਾ ਨਾਲ ਇੱਕ ਇੰਟਰਵਿਊ ਵਿਚ ਕਹਿ ਰਿਹਾ ਹੋਵੇ, "ਓਏ, ਮੈਂ ਇੱਕ ਮਹਾਨ ਅਦਾਕਾਰ ਨਹੀਂ ਹਾਂ, ਮੈਂ ਬਸ ਆਪਣੀ ਪੂਰੀ ਕੋਸ਼ਿਸ਼ ਕਰਦਾ ਹਾਂ।" ਇਸੇ ਰਵੱਈਏ ਨੇ ਉਸਨੂੰ ਮਹਾਨ ਬਣਾਇਆ।

ਧਰਮਿੰਦਰ ਦਾ ਦੇਹਾਂਤ ਸਿਰਫ਼ ਭਾਰਤੀ ਸਿਨੇਮਾ ਲਈ ਇੱਕ ਕਲਾਕਾਰ ਦਾ ਵਿਛੋੜਾ ਨਹੀਂ ਹੈ; ਇਹ ਇੱਕ ਯੁੱਗ ਦੇ ਅੰਤ ਨੂੰ ਦਰਸਾਉਂਦਾ ਹੈ। ਇੱਕ ਯੁੱਗ ਜਦੋਂ ਸਾਦਗੀ, ਭਾਵਨਾ ਅਤੇ ਮਨੁੱਖਤਾ ਅਦਾਕਾਰੀ ਦੀ ਰੀੜ੍ਹ ਦੀ ਹੱਡੀ ਸਨ। ਇੱਕ ਯੁੱਗ ਜਦੋਂ ਸਿਨੇਮਾ ਸਿਰਫ਼ ਮਨੋਰੰਜਨ ਨਹੀਂ ਸੀ, ਸਗੋਂ ਸਮਾਜ, ਪਰਿਵਾਰ ਅਤੇ ਰਿਸ਼ਤਿਆਂ ਦਾ ਸ਼ੀਸ਼ਾ ਸੀ। ਧਰਮਿੰਦਰ ਉਸ ਸ਼ੀਸ਼ੇ ਵਿਚ ਰੌਸ਼ਨੀ ਦੀ ਸਭ ਤੋਂ ਚਮਕਦਾਰ ਕਿਰਨ ਸੀ।

ਪਰ ਹਰ ਮਹਾਨ ਕਲਾਕਾਰ ਵਾਂਗ, ਧਰਮਿੰਦਰ ਨੇ ਸਾਬਤ ਕਰ ਦਿੱਤਾ ਹੈ ਕਿ ਭਾਵੇਂ ਸਰੀਰ ਚਲਾ ਜਾਵੇ, ਕਲਾ ਕਦੇ ਨਹੀਂ ਰਹਿੰਦੀ। ਉਸਦੀ ਆਵਾਜ਼, ਉਸਦਾ ਹਾਸਾ, ਉਸਦੀਆਂ ਅੱਖਾਂ ਵਿਚ ਚਮਕ, ਉਸਦੀਆਂ ਫਿਲਮਾਂ ਦੇ ਦ੍ਰਿਸ਼ - ਇਹ ਸਭ ਸਾਡੇ ਅੰਦਰ ਕਿਤੇ ਨਾ ਕਿਤੇ ਜ਼ਿੰਦਾ ਰਹਿਣਗੇ। ਇਹ ਸਿਰਫ਼ ਇਸ ਲਈ ਨਹੀਂ ਹੈ ਕਿਉਂਕਿ ਉਸਨੇ 300 ਤੋਂ ਵੱਧ ਫਿਲਮਾਂ ਵਿਚ ਕੰਮ ਕੀਤਾ ਹੈ, ਸਗੋਂ ਇਸ ਲਈ ਹੈ ਕਿਉਂਕਿ ਉਸਨੇ ਲੋਕਾਂ ਦੇ ਦਿਲਾਂ ਵਿਚ ਜਗ੍ਹਾ ਬਣਾਈ ਹੈ। ਇਹ ਸਿਨੇਮਾ ਦੀ ਅਸਲ ਸ਼ਕਤੀ ਹੈ - ਜਦੋਂ ਦਰਸ਼ਕ ਅਦਾਕਾਰ ਨੂੰ ਸਿਰਫ਼ ਇੱਕ ਅਦਾਕਾਰ ਵਜੋਂ ਨਹੀਂ, ਸਗੋਂ ਪਰਿਵਾਰ ਦੇ ਹਿੱਸੇ ਵਜੋਂ ਦੇਖਣਾ ਸ਼ੁਰੂ ਕਰਦੇ ਹਨ।

ਅੱਜ, ਜਦੋਂ ਅਸੀਂ ਸ਼ਰਧਾਂਜਲੀ ਵਿਚ ਇਸ ਲਾਈਨ ਨੂੰ ਯਾਦ ਕਰਦੇ ਹਾਂ - "ਅਭੀ ਨਾ ਜਾਓ ਛੋੜ ਕੇ..." - ਇਹ ਸਿਰਫ਼ ਇੱਕ ਗੀਤ ਦੀ ਇੱਕ ਲਾਈਨ ਨਹੀਂ ਹੈ। ਇਹ ਇੱਕ ਯੁੱਗ ਦੀ ਪੁਕਾਰ ਵਾਂਗ ਮਹਿਸੂਸ ਹੁੰਦਾ ਹੈ। ਪਰ ਮਹਾਨ ਕਲਾਕਾਰ ਸੱਚਮੁੱਚ ਕਦੇ ਨਹੀਂ ਜਾਂਦੇ। ਧਰਮਿੰਦਰ ਵੀ ਚਲੇ ਗਏ। ਉਹ ਸਾਡੇ ਗੀਤਾਂ ਵਿਚ, ਸਾਡੇ ਸੰਵਾਦਾਂ ਵਿਚ, ਸਾਡੀਆਂ ਫਿਲਮਾਂ ਵਿਚ ਅਤੇ ਸਭ ਤੋਂ ਵੱਧ, ਸਾਡੇ ਦਿਲਾਂ ਵਿਚ ਹੈ।

ਭਾਰਤੀ ਸਿਨੇਮਾ ਦੇ ਉਸ 'ਹੀ-ਮੈਨ' ਨੂੰ ਸੌ ਸਲਾਮ, ਜਿਸਦੀ ਸਾਦਗੀ ਨੇ ਸਾਨੂੰ ਇਨਸਾਨ ਬਣਨਾ ਸਿਖਾਇਆ ਅਤੇ ਜਿਸਦੀ ਮੁਸਕਰਾਹਟ ਨੇ ਪੀੜ੍ਹੀਆਂ ਨੂੰ ਜ਼ਿੰਦਗੀ ਦੀ ਸੁੰਦਰਤਾ ਦਾ ਅਹਿਸਾਸ ਕਰਵਾਇਆ।

# ਫਿਲਮ ਜਗਤ ਵਿਚ ਧਰੂ ਤਾਰੇ ਵਾਂਗੂ ਧਰਮੇਂਦਰ ਭਾਅ ਜੀ ਦਾ ਨਾਮ ਚਮਕਦਾ ਰਵੇਗਾ


ਬਲਵਿੰਦਰ ਬਾਲਮ
ਉਂਕਾਰ ਨਗਰ, ਗੁਰਦਾਸਪੁਰ (ਪੰਜਾਬ)
ਵਟਸਐਪ - 98156-25409, ਐਡਮਿੰਟਨ
ਪੰਜਾਬ ਮੇਲUSA



ਵਿਸ਼ਵ ਪ੍ਰਸਿੱਧ ਹਿੰਦੀ ਸਿਨੇਮਾ ਦੀ ਖ਼ੂਬਸੂਰਤ ਆਕਰਸ਼ਕ, ਮਿਲਣਸਾਰ, ਪੰਜਾਬ ਨਾਲ ਮੋਹ ਰੱਖਣ ਵਾਲੇ ਰੁਮਾਂਟਿਕ ਸੁਭਾਅ ਦੇ ਮਾਲਿਕ, ਹੱਸਮੁਖ, ਯਾਰਾਂ ਦੇ ਯਾਰ, ਖੁੱਲ੍ਹੇ-ਡੁੱਲ੍ਹੇ ਸੁਭਾਅ ਵਾਲੇ ਧਰਮੇਂਦਰ ਭਾਅ ਜੀ ਅੱਜ ਸਾਡੇ ਦਰਮਿਆਨ ਨਹੀਂ ਰਹੇ। ਪਰ ਉਨ੍ਹਾਂ ਦੇ ਸੁੰਦਰ ਅਭਿੰਨ ਕਾਰਜਾਂ ਕਰਕੇ ਉਨ੍ਹਾਂ ਦਾ ਨਾਮ ਰਹਿੰਦੀ ਦੁਨੀਆਂ ਤੱਕ ਰਵੇਗਾ। ਜਨੂੰਨ ਦੀ ਹੱਦ ਤਕ ਅਭਿਨੈ ਵਿਚ ਉਤਰਨ ਵਾਲੇ ਧਰਮੇਂਦਰ ਭਾਅ ਜੀ ਦੇ ਵਿਲੱਖਣ ਅਤੇ ਯਾਦ ਮਈ ਕਾਰਜਾਂ ਕਰਕੇ ਉਨ੍ਹਾਂ ਨੂੰ ਯਾਦ ਰੱਖਿਆ ਜਾਵੇਗਾ।

ਧਰਮ ਸਿੰਘ ਦਿਉਲ, ਫ਼ਿਲਮੀ ਪ੍ਰਸਿੱਧ ਨਾਂਅ ਧਰਮੇਂਦਰ। ਜਿਨ੍ਹਾਂ ਨੇ ਅਨੇਕਾਂ ਹੀ ਫਿਲਮਾਂ ਵਿਚ ਸਰਵੋਤਮ ਅਭਿਨੈਕਰ ਕੇ ਦੁਨੀਆਂ ਭਰ ਦੇ ਲੋਕਾਂ ਦਾ ਮਨ ਜਿੱਤਿਆ ਅਤੇ ਮਨੋਰੰਜਨ ਦੇ ਨਾਲ ਸਿੱਖਿਆਦਾਇਕ ਅਤੇ ਉਪਦੇਸ਼ਾਤਮਕ ਪ੍ਰਸਿੱਧ ਫ਼ਿਲਮਾਂ ਦਿੱਤੀਆਂ। ਉਨ੍ਹਾਂ ਨੇ ਵਿਅੰਗਾਤਮਿਕ, ਹਾਸਰੰਗ ਅਤੇ ਹਰ ਕਿਰਦਾਰ ਦੀ ਭੂਮਿਕਾ ਨਿਭਾ ਕੇ ਆਪਣੀ ਕਲਾ ਦਾ ਲੋਹਾ ਮੰਨਵਾਇਆ। ਰੁਮਾਂਟਿਕਤਾ ਅਤੇ ਜਨੂੰਨ ਦੀ ਹੱਦ ਤੱਕ ਅਭਿਨੈ ਵਿਚ ਉਤਸਕ ਵਾਲੇ ਧਰਮੇਂਦਰ ਭਾਅ ਜੀ ਦੇ ਵਿਲੱਖਣ ਅਤੇ ਯਾਦਮਈ ਕਾਰਜਾਂ ਕਰਕੇ ਉਨ੍ਹਾਂ ਨੇ ਵੀ ਧਨ ਦੌਲਤ, ਸ਼ੁਹਰਤ, ਪਰਿਵਾਰਿਕ, ਸਰੀਰਕ, ਭਤਿਕ, ਦੈਹਿਕ ਸੁੱਖਾਂ ਨੂੰ ਖ਼ੂਬ ਮਾਣਿਆ।

ਉਨ੍ਹਾਂ ਦੀ ਆਕਰਸ਼ਣਮਈ ਆਵਾਜ਼, ਮਿਕਨਾਤੀਸੀ ਪ੍ਰਭਾਵਸ਼ਾਲੀ ਸ਼ਖ਼ਸੀਅਤ, ਅਲਬੇਲੇ, ਭਾਵੁਕ, ਰੰਗ-ਰੰਗੀਲੇ, ਛੈਲ-ਛਬੀਲੇ, ਮਿਲਾਪੜੇ, ਸਾਂਵਾਂ ਦੇ ਰਹਿਬਰ, ਸਹਿਯੋਗੀ, ਖੁੱਲ੍ਹੇ-ਡੁੱਲੇ ਸੁਭਾਅ ਦੇ ਮਾਲਿਕ, ਵਿਅੰਗ ਕਲਾ ਵਿਚ ਨਿਪੁੰਨ, ਰੁਮਾਂਟਿਕ, ਨਿਡਰ, ਦਲੇਰ, ਖਾਣ-ਪੀਣ ਦੇ ਸ਼ੌਕੀਨ, ਸਰੀਰ ਦੇ ਮਾਲਿਕ ਅਤੇ ਵਿਸ਼ਵ ਦੇ ਖ਼ੂਬਸੂਰਤ, ਆਕਰਸ਼ਕ ਦਿੱਖ ਵਾਲੇ ਵਿਅਕਤੀਆਂ ਕਲਾਕਾਰਾਂ ਵਿਚ ਉਨ੍ਹਾਂ ਦਾ ਨਾਮ ਸ਼ਾਮਲ ਹੈ। ਫਿਲਮ ਜਗਤ ਵਿਚ ਧਰੂ ਤਾਰੇ ਵਾਂਗ ਉਨ੍ਹਾਂ ਦਾ ਨਾਮ ਚਮਕਦਾ ਰਵੇਗਾ।



ਉਨ੍ਹਾਂ ਇਕ ਰੇਡੀਉ ਮੁਲਾਕਾਤ ਵਿਚ ਕਿਹਾ ਸੀ ਕਿ ਫਿਲਮ ਜਾਂ ਕੈਮਰੇ ਦਾ ਨਾਮ ਆਉਂਦਿਆਂ ਹੀ ਮੈਂ ਸ਼ੇਰ ਹੋ ਜਾਂਦਾਂ, ਕੈਮਰਾ ਮੈਨੂੰ ਤੇ ਮੈਂ ਕੈਮਰੇ ਨੂੰ ਮੁਹੱਬਤ ਕਰਦਾ ਹੈ। ਫ਼ਿਲਮ ਇੰਡਸਟਰੀ ਮੇਰੀ ਫੈਮਿਲੀ ਹੈ।

ਧਰਮ ਸਿੰਘ ਦਿਉਲ, ਜਿਨ੍ਹਾਂ ਨੂੰ ਧਰਮੇਂਦਰ ਦੇ ਨਾਮ ਨਾਲ ਜਾਣਿਆ ਜਾਂਦਾ ਹੈ, ਇਕ ਭਾਰਤੀਏ ਅਭਿਨੇਤਾ, ਨਿਰਮਾਤਾ ਅਤੇ ਰਾਜਨੀਤਿਕ ਵੀ ਸਨ, ਉਹ ਲੋਕ ਸਭਾ ਹਲਕੇ ਬੀਕਾਨੇਰ ਦੇ ਸਾਂਸਦ ਰਹੇ। ਧਰਮੇਂਦਰ ਹਿੰਦੀ ਫ਼ਿਲਮਾਂ ਵਿਚ ਆਪਣੇ ਆਕਰਸ਼, ਮਰਮਸਪਰਸ਼ੀ ਕੰਮ ਲਈ ਜਾਣੇ ਜਾਂਦੇ ਸਨ।

ਧਰਮੇਂਦਰ ਦਾ ਜਨਮ 9 ਦਸੰਬਰ, 1935 ਨੂੰ ਪਿੰਡ ਨਸਰਾਲੀ ਵਿਖੇ ਹੋਇਆ। ਉਨ੍ਹਾਂ ਦੇ ਪਿਤਾ ਦਾ ਨਾਂਅ ਕੇਵਲ ਕ੍ਰਿਸ਼ਨ ਸਿੰਘ ਦਿਉਲ ਅਤੇ ਮਾਤਾ ਦਾ ਨਾਂਅ ਸਤਵੰਤ ਕੌਰ ਹੈ। ਉਨ੍ਹਾਂ ਨੇ ਦੋ ਵਿਆਹ ਕੀਤੇ। ਪਹਿਲੀ ਪਤਨੀ ਪ੍ਰਕਾਸ਼ ਕੌਰ ਅਤੇ ਦੂਸਰੀ ਪਤਨੀ ਪ੍ਰਸਿੱਧ ਅਭਿਨੇਤਰੀ ਹੇਮਾ ਮਾਲਿਨੀ ਹੈ।

ਉਨ੍ਹਾਂ ਦੇ ਬੱਚੇ ਪ੍ਰਸਿੱਧ ਅਭਿਨੇਤਾ ਸੰਨੀ ਦਿਓਲ, ਬੌਬੀ ਦਿਓਲ, ਈਸ਼ਾ ਦਿਓਲ, ਵਿਜੇਤਾ ਦਿਓਲ, ਅਹਾਨਾ ਦਿਓਲ ਅਤੇ ਅਜੇਤਾ ਦਿਓਲ ਹਨ।

ਧਰਮੇਂਦਰ ਨੂੰ ਭਾਰਤੀਏ ਸਿਨੇਮਾ ਵਿਚ ਸਭ ਤੋਂ ਮਹਾਨ ਸਭ ਤੋਂ ਸੁੰਦਰ ਅਤੇ ਵਿਉਪਾਰਿਕ ਰੂਪ ਵਿਚ ਸਫ਼ਲ ਫਿਲਮ ਸਿਤਾਰਿਆਂ ਵਿਚੋਂ ਇਕ ਮੰਨਿਆ ਜਾਂਦਾ ਹੈ ਅਤੇ ਬਾਲੀਵੁੱਡ ਦਾ 'ਹੀ ਮੈਨ' ਉਪਨਾਮ ਦਿੱਤਾ ਗਿਆ। ਛੇ ਦਹਾਕਿਆਂ ਤੋਂ ਵੱਧ ਦੇ ਸਿਨੇਮਾਈ ਕੈਰੀਅਰ ਨਾਲ, ਉਨ੍ਹਾਂ ਨੇ 300 ਤੋਂ ਜ਼ਿਆਦਾ ਫਿਲਮਾਂ ਵਿਚ ਖ਼ੂਬਸੂਰਤ ਅਭਿਨੈ ਕਰਕੇ ਆਪਣੀ ਕਲਾ ਦਾ ਲੋਹਾ ਮੰਨਵਾਇਆ।

ਧਰਮੇਂਦਰ ਦੇ ਨਾਮ ਹਿੰਦੀ ਸਿਨੇਮਾ ਵਿਚ ਸਭ ਤੋਂ ਜ਼ਿਆਦਾ ਹਿੱਟ ਫ਼ਿਲਮਾਂ ਵਿਚ ਅਭਿਨੈ ਕਰਨ ਦਾ ਰਿਕਾਰਡ 1973 ਵਿਚ, ਉਨ੍ਹਾਂ ਨੇ ਅੱਠ ਹਿੰਦੀ ਫ਼ਿਲਮਾਂ ਦਿੱਤੀਆਂ ਅਤੇ 1987 ਵਿਚ ਇਕ ਹੀ ਸਾਲ ਵਿਚ ਸੱਤ ਲਗਾਤਾਰ ਹਿੰਦੀ ਫ਼ਿਲਮਾਂ ਦਿੱਤੀਆਂ।

2012 'ਚ ਪਦਮ ਭੂਸ਼ਣ ਪੁਰਸਕਾਰ ਨਾਲ ਅਲੰਕਾਰਿਤ ਹੋਏ। ਉਨ੍ਹਾਂ ਨੂੰ ਉਪਨਾਮ ਕਰਕੇ ਹੀਮੈਨ, ਗਰਮ-ਧਰਮ ਦੀ ਸੰਘਿਆ ਵੀ ਦਿੱਤੀ ਜਾਂਦੀ ਸੀ।

ਧਰਮੇਂਦਰ ਨੇ 1960 ਵਿਚ 'ਦਿਲ ਵੀ ਤੇਰਾ ਹਮ ਭੀ ਤੇਰੇ' ਨਾਲ ਸ਼ੁਰੂਆਤ ਕੀਤੀ ਸੀ। ਉਨ੍ਹਾਂ ਨੇ ਪਹਿਲੀ ਵਾਰ 1960 ਦੇ ਦਹਾਕੇ ਦੇ ਅੱਧ ਵਿਚ 'ਆਈ ਮਿਲਣ ਕੀ ਬੇਲਾ', 'ਫੂਲ ਔਰ ਪੱਥਰ' ਅਤੇ 'ਆਏ ਦਿਨ ਬਹਾਰ ਕੇ' ਵਰਗੀਆਂ ਪ੍ਰਸਿੱਧ ਫਿਲਮਾਂ ਦੇ ਲਈ ਬਹੁਤ ਪ੍ਰਸਿੱਧੀ ਹਾਸਲ ਕੀਤੀ। ਉਨ੍ਹਾਂ ਨੇ 1960 ਦੇ ਦਹਾਕੇ ਤੋਂ ਲੈ ਕੇ 1980 ਦੇ ਦਹਾਕੇ ਤੱਕ ਲਗਾਤਾਰ ਕਈ ਸਫ਼ਲ ਹਿੰਦੀ ਫਿਲਮਾਂ ਵਿਚ ਅਭਿਨੈ ਕੀਤਾ, ਜਿਸ ਤਰ੍ਹਾਂ 'ਆਖੇਂ', 'ਸ਼ਿਕਾਰ', 'ਆਇਆ ਸਾਵਣ ਝੂਮ ਕੇ', 'ਜੀਵਨ ਮ੍ਰਿਤੂ', 'ਮੇਰਾ ਗਾਂਵ ਮੇਰਾ ਦੇਸ', 'ਸੀਤਾ ਔਰ ਗੀਤਾ', 'ਰਾਜਾਜਾਨੀ', 'ਯਾਦੋਂ ਕੀ ਬਾਰਾਤ', 'ਦੋਸਤ', 'ਸ਼ੋਲੇ', 'ਪ੍ਰਤਿਗਿਆ', 'ਚਰਸ', 'ਧਰਮਵੀਰ', 'ਚਾਚਾ ਭਤੀਜਾ', 'ਗੁਲਾਮੀ', 'ਹੁਕੂਮਤ', 'ਆਗ ਹੀ ਆਗ', 'ਐਲਾਨ ਏ ਜੰਗ', 'ਤਹਿਲਕਾ', 'ਅਨਪੜ੍ਹ', 'ਬੰਦਿਨੀ', 'ਹਕੀਕਤ', 'ਅਨੁਪਮਾ', 'ਮਮਤਾ', 'ਮਝਲੀ ਦੀਦੀ', 'ਸਤਿਏਕਾਮ', 'ਨਿਆਂ ਜ਼ਮਾਨਾ', 'ਸਮਾਧੀ', 'ਰੇਸ਼ਮ ਦੀ ਡੋਰੀ', 'ਚੁਪਕੇ-ਚੁਪਕੇ', 'ਦਿਲ ਲਗੀ', 'ਦ ਬਰਨਿੰਗ ਟਰੇਨ', 'ਗ਼ਜ਼ਬ', 'ਦੋ ਦਿਸਾਏਂ' ਅਤੇ 'ਹਥਿਆਰ' ਵਿਚ ਅਭਿਨੈ ਕੀਤਾ।

1990 ਦੇ ਦਹਾਕੇ ਦੇ ਅੰਤ ਵਿਚ ਉਨ੍ਹਾਂ ਕਈ ਸਫਲ ਅਤੇ ਸ਼ਲਾਘਾਯੋਗ ਫਿਲਮਾਂ ਵਿਚ ਚਰਿੱਤਰ ਭੂਮਿਕਾਵਾਂ ਨਿਭਾਈਆਂ। ਇਸ ਤਰ੍ਹਾਂ 'ਪਿਆਰ ਕੀਆਂ ਤੋਂ ਡਰਨਾ ਕਿਆ', 'ਲਾਈਫ ਇਨ ਏ ਮੈਟਰੋ', 'ਅਪਨੇ', 'ਜਾਨੀ ਗੱਦਾਰ', 'ਯਮਲਾ ਦੀਵਾਨਾ', 'ਰਾਕੀ ਅਤੇ ਰਾਣੀ ਕੀ ਪ੍ਰੇਮ ਕਹਾਣੀ', 'ਤੇਰੀ ਬਾਤੋਂ ਨੇ ਐਸਾ ਉਲਝਾ ਦੀਆ' ਆਦਿ।

1997 'ਚ ਉਨ੍ਹਾਂ ਨੂੰ ਬਾਲੀਵੁੱਡ 'ਚ ਉੱਘੇ ਸਮੁੱਚੇ ਯੋਗਦਾਨ ਦੇ ਲਈ ਫ਼ਿਲਮ ਫੇਅਰ ਲਾਈਫਟਾਈਮ ਅਚੀਵਮੈਂਟ ਪੁਰਸਕਾਰ ਮਿੱਲਿਆ। ਉਹ ਭਾਰਤ ਦੀ 15ਵੀਂ ਲੋਕ ਸਭਾ ਦੇ ਮੈਂਬਰ ਵੀ ਰਹੇ ਅਤੇ ਭਾਰਤੀ ਜਨਤਾ ਪਾਰਟੀ (ਭਾਜਪਾ) ਤੋਂ ਰਾਜਸਥਾਨ ਦੇ ਬੀਕਾਨੇਰ ਨਿਰਵਾਰਿਤ ਖੇਤਰ ਦਾ ਪ੍ਰਤੀਨਿਧੀਤਕ ਕਰਦੇ ਰਹੇ।

# ਫੈਮਲੀ ਫ਼ਿਲਮਾਂ ਦੇ ਚਰਚਿਤ ਚਿਹਰਾ 'ਜ਼ੈਲਦਾਰ ਜ਼ੋਰਾ ਸਿੰਘ'

-ਸੁਰਜੀਤ ਜੱਸਲ
98146-07737
ਪੰਜਾਬ ਮੇਲUSA



ਇੱਕ ਸਮਾਂ ਸੀ ਜਦ ਪੰਜਾਬੀ ਫ਼ਿਲਮਾਂ ਵਿਚ ਬੰਬੇ ਦੇ ਕਲਾਕਾਰਾਂ ਦਾ ਹੀ ਬੋਲਬਾਲਾ ਸੀ। ਰੰਗਮੰਚ ਦੇ ਕਲਾਕਾਰਾਂ ਨੂੰ ਪੰਜਾਬੀ ਫ਼ਿਲਮਾਂ 'ਚ ਸਮਾਂ-ਨਿੱਕੇ-ਮੋਟੇ ਕਿਰਦਾਰ ਹੀ ਮਿਲਦੇ ਸੀ। ਸਮਾਂ ਬਦਲਿਆ ਤਾਂ ਪੰਜਾਬ ਦੇ ਰੰਗਮੰਚ ਕਲਾਕਾਰ ਫ਼ਿਲਮਾਂ ਦਾ ਹਿੱਸਾ ਬਣਨ ਲੱਗੇ। ਇਸ ਲੇਖ ਵਿਚ ਜਿਹੜੇ ਫ਼ਿਲਮੀ ਕਲਾਕਾਰ ਦਾ ਜ਼ਿਕਰ ਕਰ ਰਹੇ ਹਾਂ, ਉਸਦੀ ਮੁੱਢਲੀ ਪਛਾਣ ਗੁਰਚੇਤ ਚਿੱਤਰਕਾਰ ਦੀਆਂ ਫੈਮਲੀ ਫ਼ਿਲਮਾਂ ਦੇ ਚਰਚਿਤ ਪਾਤਰ 'ਜ਼ੈਲਦਾਰ ਜੋਰਾ ਸਿੰਘ' ਵਜੋਂ ਬਣੀ, ਜੋ ਹਰੇਕ ਦ੍ਰਿਸ਼ 'ਚ ਨਸਵਾਰ ਦੀ ਚੂੰਡੀ ਨੱਕ 'ਚ ਲਾ ਕੇ, ਦੂਹਰੇ ਅੰਦਾਜ਼ 'ਚ ਛਿੱਕ ਮਾਰਦਾ ਹੁੰਦਾ ਤੇ ਕਹਿੰਦਾ "ਅਸੀਂ ਜ਼ੈਲਦਾਰ ਹੁੰਨੈ ਆਂ...ਸਾਡੀ ਵੀ ਕੋਈ ਇੱਜ਼ਤ ਐ...." ਇਸ ਪਾਤਰ ਦਾ ਅਸਲ ਨਾਂ ਪ੍ਰਕਾਸ਼ ਗਾਧੂ ਹੈ, ਜੋ ਅੱਜ ਪੰਜਾਬੀ-ਹਿੰਦੀ ਫ਼ਿਲਮਾਂ ਦਾ ਚਰਚਿਤ ਅਦਾਕਾਰ ਹੈ। ਪ੍ਰਕਾਸ਼ ਰੰਗਮੰਚ ਦਾ ਇੱਕ ਪਰਪੱਕ, ਹੰਢਿਆ ਹੋਇਆ ਕਲਾਕਾਰ ਹੈ। ਉਸਦੀ ਅਦਾਕਾਰੀ ਦੇ ਅਨੇਕਾਂ ਰੰਗ ਹਨ। ਹਰੇਕ ਫ਼ਿਲਮ ਵਿਚ ਉਸਨੇ ਨਵੇਂ ਕਿਰਦਾਰ ਨੂੰ ਨਿਭਾਇਆ, ਉਸਦੀ ਖਾਸੀਅਤ ਹੈ ਕਿ ਉਸਨੇ ਆਪਣੇ ਆਪ ਨੂੰ ਜ਼ੈਲਦਾਰ ਵਾਲੇ ਪਾਤਰ ਨਾਲ ਬੱਝ ਕੇ ਨਾ ਰੱਖਿਆ।

ਮਲੋਟ ਨੇੜਲੇ ਪਿੰਡ ਝੋਰੜਾਂ ਦੇ ਪ੍ਰਕਾਸ਼ ਸਿੰਘ ਗਿੱਲ ਉਰਫ਼ ਗਾਧੂ ਜਿਸ ਨੇ ਬਰਜਿੰਦਰਾ ਕਾਲਜ ਫਰੀਦਕੋਟ ਤੋਂ ਬੀ.ਏ. ਕੀਤੀ, ਵੱਲੋਂ ਕਾਲਜ ਦੇ ਦਿਨਾਂ 'ਚ ਬਤੌਰ ਕਾਮੇਡੀ ਕਲਾਕਾਰ ਬਣਾਈ ਪਛਾਣ ਨੇ ਉਸ ਨੂੰ ਅਚਾਨਕ ਕੈਮਰੇ ਮੂਹਰੇ ਲਿਆ ਖੜ੍ਹਾਇਆ। ਉਨ੍ਹਾਂ ਦਿਨਾਂ 'ਚ ਬਲਕਰਨ ਵੜਿੰਗ ਤੇ ਸੁਰਿੰਦਰ ਸਿੰਘ ਇਧਰ ਪੰਜਾਬੀ ਫ਼ਿਲਮ 'ਉਡੀਕਾਂ ਸਾਉਣ ਦੀਆਂ' ਬਣਾਉਣ ਆਏ ਸਨ। ਇਨ੍ਹਾਂ ਦੀ ਟੀਮ ਦਾ ਇੱਕ ਕਲਾਕਾਰ ਗੋਪੀ ਭੱਲਾ ਸਮੇਂ ਸਿਰ



ਪਹੁੰਚ ਨਾ ਸਕਿਆ ਤੇ ਉਹ ਕੰਮ ਚਲਾਉਣ ਲਈ ਕਿਸੇ ਨਵੇਂ ਕਾਮੇਡੀ ਕਲਾਕਾਰ ਨੂੰ ਲੱਭਣ ਲੱਗੇ। ਲੱਭਦੇ-ਲੱਭਦੇ ਉਹ ਪ੍ਰਕਾਸ਼ ਗਾਧੂ ਕੋਲ ਜਾ ਪੁੱਜੇ। ਕਾਲਜ ਸਮੇਂ 'ਚ ਯੁਵਕ ਮੇਲਿਆਂ 'ਚ ਕਈ ਇਨਾਮ ਜਿੱਤਣ ਵਾਲੇ ਪ੍ਰਕਾਸ਼ ਦੀ ਕੈਮਰੇ ਮੂਹਰੇ ਕੀਤੀ ਅਦਾਕਾਰੀ ਸੁਰਿੰਦਰ ਸਿੰਘ ਦੀ ਪਾਰੂਖ ਅੱਖ ਨੂੰ ਆਪਣੀ ਅਗਲੀ ਫ਼ਿਲਮ 'ਮੜ੍ਹੀ ਦਾ ਦੀਵਾ' ਲਈ ਚੁਣ ਲਿਆ। ਠੇਠ੍ਹ ਮਲਵੱਈ ਬੋਲੀ ਤੇ ਪਿੰਡਾਂ ਵਾਲੀ ਨਿਰੋਲ ਸਰੀਰਕ ਸ਼ੈਲੀ ਨੇ ਫ਼ਿਲਮ ਦੇ ਹੋਰਨਾਂ ਕਲਾਕਾਰਾਂ ਨੂੰ ਵੀ ਪ੍ਰਭਾਵਿਤ ਕੀਤਾ। ਰਾਜ ਬੱਬਰ, ਦੀਪਤੀ ਨਵਲ, ਪ੍ਰੀਕਸ਼ਤ ਸਾਹਨੀ ਤੇ ਪੰਕਜ ਕਪੂਰ ਵਰਗੇ ਵੱਡੇ ਕਲਾਕਾਰਾਂ ਨਾਲ ਕੰਮ ਕਰਕੇ ਪ੍ਰਕਾਸ਼ ਬੇਹੱਦ ਖੁਸ਼ ਹੋਇਆ। ਰਾਜ ਬੱਬਰ ਨੇ ਪ੍ਰਕਾਸ਼ ਨੂੰ ਥਾਪੀ ਦਿੰਦਿਆ ਕਿਹਾ, "ਪ੍ਰਕਾਸ਼ ਤੂੰ ਵਧੀਆ ਕਲਾਕਾਰ ਆਂ, ਮੇਰੇ ਕੋਲ ਬੰਬਈ ਚੱਲ, ਮੈਂ ਤੈਨੂੰ ਕੰਮ ਦੇਵਾਂਗਾ, ਕੋਲ ਰੱਖਾਂਗਾ...।" ਪਰ...ਪ੍ਰਕਾਸ਼ ਦੀਆਂ ਕੁਝ ਮਜਬੂਰੀਆਂ ਉਸ ਨੂੰ ਘਰੋਂ ਦੂਰ ਨਾ ਕਰ ਸਕੀਆਂ।

ਫੇਰ ਕਈ ਸਾਲ ਪ੍ਰਕਾਸ਼ ਚੁੱਪ ਰਿਹਾ। ਉਸ ਦੀ ਜ਼ਿੰਦਗੀ 'ਚ ਕਈ ਅਭੁੱਲ ਹਾਦਸੇ ਹੋਏ। ਮਾਤਾ ਜੀ ਸੁਰਗਵਾਸ ਹੋ ਗਏ। ਉਸ ਦੀ ਪਤਨੀ ਤੇ ਉਹ ਹਾਦਸੇ ਦਾ ਸ਼ਿਕਾਰ ਹੋ ਗਏ। ਉਹ ਕਈ ਮਹੀਨੇ ਮੰਜੇ 'ਤੇ ਪਿਆ ਰਿਹਾ। ਫੇਰ ਅਚਾਨਕ ਦੂਰਦਰਸ਼ਨ ਜਲੰਧਰ ਤੋਂ 'ਫਲਾਤੋ' ਲੜੀਵਾਰ ਚੱਲਿਆ, ਤਾਂ ਉਹ ਨਾਜ਼ਰ ਦੇ ਕਿਰਦਾਰ 'ਚ ਛਾ ਗਿਆ। ਫੇਰ ਸੂਲਾਂ ਵਿੰਨੇ ਫੁੱਲ, ਕੁਦੈਸ਼ਨ, ਬਲੀਦਾਨ ਤੇ ਯੁੱਗ ਬਦਲ ਗਿਆ, ਜਿਹੇ ਲੜੀਵਾਰਾਂ ਨਾਲ ਪ੍ਰਕਾਸ਼ ਗਾਧੂ ਮੁੜ ਸਰਗਰਮ ਹੁੰਦਾ ਨਜ਼ਰ ਆਇਆ।


ਟੈਲੀ ਫ਼ਿਲਮਾਂ ਦਾ ਦੌਰ ਸ਼ੁਰੂ ਹੋਇਆ ਤਾਂ ਪ੍ਰਕਾਸ਼ ਨੇ "ਫੌਜੀ ਦੀ ਫੈਮਲੀ, ਫੈਮਲੀ 421, ਫੈਮਲੀ ਛੜਿਆਂ ਦੀ, ਫੈਮਲੀ 422 ਤੇ 423, 424, 425, 426, 427, 428, 429, 430 ਨਵਾਂ ਸਮਾਜ ਫ਼ਿਲਮਾਂ ਰਾਹੀਂ ਆਪਣੀ ਚੰਗੀ ਹਾਜ਼ਰੀ ਲਵਾਈ। ਪ੍ਰਕਾਸ਼ ਦੱਸਦਾ ਹੈ ਕਿ 'ਫਲਾਤੋ' ਲੜੀਵਾਰ 'ਚ ਨਾਜ਼ਰ ਦੇ ਕਿਰਦਾਰ ਨੂੰ ਲੋਕਾਂ ਨੇ ਕਾਫ਼ੀ ਪਸੰਦ ਕੀਤਾ ਸੀ ਪਰ ਫੈਮਲੀ 421, 422 ਫ਼ਿਲਮਾਂ ਰਾਹੀਂ ਜ਼ੈਲਦਾਰ ਜ਼ੋਰਾ ਸਿੰਘ ਵਾਲੇ ਕਿਰਦਾਰ ਨੂੰ ਜੋ ਪਿਆਰ ਮਿਲਿਆ ਹੈ, ਉਹ ਬਹੁਤ ਜ਼ਿਆਦਾ ਹੈ। ਜਦੋਂ ਕਦੀ ਮਾਰਕੀਟ 'ਚ ਹੁੰਦਾ ਤਾਂ ਅਕਸਰ ਲੋਕੀਂ ਮੇਰਾ ਤਕੀਆ ਕਲਾਮ...ਸਾਡੀ ਵੀ ਕੋਈ ਇੱਜ਼ਤ ਏ...ਅਸੀਂ ਜ਼ੈਲਦਾਰ ਹੁੰਦੇ ਆਂ..." ਨਾਲ ਸੰਬੋਧਨ ਕਰਦੇ ਹਨ, ਤਾਂ ਬੜਾ ਚੰਗਾ ਲੱਗਦੈ। ਪ੍ਰਕਾਸ਼ ਰੰਗਮੰਚ ਦਾ ਇੱਕ ਪਰਪੱਕ, ਹੰਢਿਆ ਹੋਇਆ ਕਲਾਕਾਰ ਹੈ। ਉਸਦੀ ਅਦਾਕਾਰੀ ਦੇ ਅਨੇਕਾਂ ਰੰਗ ਹਨ। ਹਰੇਕ ਫ਼ਿਲਮ ਵਿਚ ਉਸਨੇ ਨਵੇਂ ਕਿਰਦਾਰ ਨੂੰ ਨਿਭਾਇਆ, ਉਸਦੀ ਖਾਸੀਅਤ ਹੈ ਕਿ ਉਸਨੇ ਆਪਣੇ ਆਪ ਨੂੰ ਜ਼ੈਲਦਾਰ ਵਾਲੇ ਪਾਤਰ ਨਾਲ ਬੱਝ ਕੇ ਨਾ ਰੱਖਿਆ। ਪ੍ਰਕਾਸ਼ ਗਾਧੂ ਸਿਰਫ਼ ਛੋਟੀਆਂ ਫ਼ਿਲਮਾਂ ਤੱਕ ਹੀ ਸੀਮਤ ਨਹੀਂ ਰਿਹਾ, ਬਲਕਿ ਵੱਡੇ ਪਰਦੇ ਦੀਆਂ ਫ਼ਿਲਮਾਂ ਦਾ ਵੀ ਸਥਾਪਤ ਕਲਾਕਾਰ ਹੈ। ਉਸਨੇ 80 ਦੇ ਕਰੀਬ ਪੰਜਾਬੀ ਫ਼ਿਲਮਾਂ ਅਤੇ ਵੈੱਬਸ਼ੀਰਜ ਵਿਚ ਅਦਾਕਾਰੀ ਵਿਖਾਈ ਹੈ। ਉਸਨੇ ਮੜ੍ਹੀ ਦਾ ਦੀਵਾ, ਉਡੀਕਾਂ ਸਾਉਣ ਦੀਆਂ, ਮਿੱਟੀ ਵਾਜ਼ਾਂ ਮਾਰਦੀ, ਜਵਾਨੀ ਜ਼ਿੰਦਾਵਾਦ, ਚੱਕ ਜਵਾਨਾ, ਸਾਹਬ ਬਹਾਦਰ, ਵੀਰਾਂ ਨਾਲ ਸਰਦਾਰੀ, ਨਿੱਕਾ ਜ਼ੈਲਦਾਰ, ਹਰਜੀਤਾ, ਅਫ਼ਸਰ, ਸਨ ਆਫ਼ ਮਨਜੀਤ ਸਿੰਘ, ਆਟੇ ਦੀ ਚਿੜੀ, ਸਤਿ ਸ੍ਰੀ ਆਕਾਲ ਇੰਗਲੈਂਡ, ਲਾਟੂ, ਬਣਜਾਰਾ-ਟਰੱਕ ਡਰਾਈਵਰ, ਕਾਕਾ ਜੀ, ਕਾਲਾ ਸ਼ਾਹ ਕਾਲਾ, ਰੱਬ ਦਾ ਰੇਡੀਓ 2, ਨਾਢੂ ਖਾਂ, ਦੂਰਬੀਨ, ਸਿੰਘਮ, ਮਿੰਦੋ ਤਸੀਲਦਾਰਨੀ, ਪੁਆੜਾ, ਖਤਰੇ ਦਾ ਘੁੱਗੂ, ਸ਼ਿਕਾਰੀ, ਡੈਡੀ ਕੂਲ-ਮੁੰਡੇ ਫੂਲ, ਬਾਜਰੇ ਦਾ ਸਿੱਟਾ, ਰੱਬਾ-ਰੱਬਾ ਮੀਂਹ ਵਰਸ਼ਾਅ, ਮੋਹ, ਮਾਪੇ, ਬੱਲੇ ਓਏ ਚਲਾਕ ਸੱਜਣਾ, ਹੁਸ਼ਿਆਰ ਸਿੰਘ ਆਦਿ ਫ਼ਿਲਮਾਂ ਵਿਚ ਅਹਿਮ ਕਿਰਦਾਰ ਨਿਭਾਏ ਹਨ।

# ਧਰਮਿੰਦਰ: ਪੰਜਾਬ ਦਾ ਪੁੱਤ ਤੇ ਬਾਲੀਵੁੱਡ ਦਾ ਹੀ-ਮੈਨ

## ਸ਼ੋਲੇ ਵਿਚ ਵੀਰੂ ਦਾ ਕਿਰਦਾਰ ਧਰਮਿੰਦਰ ਦੇ ਕਰੀਅਰ ਦਾ ਸਭ ਤੋਂ ਯਾਦਗਾਰ ਰਿਹਾ

ਗੁਰਬਿੰਦਰ ਗੁਰੀ
00447951590424
(ਵਟਸਐਪ)
ਪੰਜਾਬ ਮੇਲ USA





ਧਰਮਿੰਦਰ, ਇਹ ਨਾਮ ਸਿਰਫ਼ ਇਕ ਅਦਾਕਾਰ ਦਾ ਨਹੀਂ, ਸਗੋਂ ਭਾਰਤੀ ਸਿਨੇਮਾ ਦੀ ਇਕ ਪੂਰੀ ਕਹਾਣੀ ਦਾ ਪ੍ਰਤੀਕ ਹੈ। ਉਨ੍ਹਾਂ ਨੇ ਰੋਮਾਂਸ, ਐਕਸ਼ਨ, ਕਾਮੇਡੀ, ਤੇ ਭਾਵਨਾਵਾਂ ਦੇ ਹਰੇਕ ਰੰਗ ਨੂੰ ਅਦਾਕਾਰੀ ਰਾਹੀਂ ਜੀਵੰਤ ਕੀਤਾ। ਉਨ੍ਹਾਂ ਦੇ ਚਿਹਰੇ ਦੀ ਮੁਸਕਾਨ ਤੇ ਦਿਲ ਦੀ ਸਾਫ਼ਗੀ ਨੇ ਉਨ੍ਹਾਂ ਨੂੰ ਹਮੇਸ਼ਾਂ ਲੋਕਾਂ ਦੇ ਦਿਲਾਂ ਵਿਚ ਜਗ੍ਹਾ ਦਿੱਤੀ।

ਧਰਮਿੰਦਰ ਦਾ ਜਨਮ 8 ਦਸੰਬਰ, 1935 ਨੂੰ ਸਾਹਨੇਵਾਲ (ਜ਼ਿਲ੍ਹਾ ਲੁਧਿਆਣਾ, ਪੰਜਾਬ) 'ਚ ਹੋਇਆ। ਬਚਪਨ ਤੋਂ ਹੀ ਉਨ੍ਹਾਂ ਨੂੰ ਫ਼ਿਲਮਾਂ ਦਾ ਬਹੁਤ ਸ਼ੌਕ ਸੀ। ਉਹ ਸਕੂਲ ਦੇ ਸਮੇਂ ਤੋਂ ਹੀਰੋ ਬਣਨ ਦੇ ਸੁਪਨੇ ਦੇਖਦੇ ਸਨ।

ਉਨ੍ਹਾਂ ਨੇ ਫਿਲਮਫੇਅਰ ਟੇਲੈਂਟ ਹੰਟ ਮੁਕਾਬਲੇ 'ਚ ਹਿੱਸਾ ਲੈ ਕੇ ਜਿੱਤ ਪ੍ਰਾਪਤ ਕੀਤੀ, ਜਿਸ ਤੋਂ ਬਾਅਦ ਉਹ ਮੁੰਬਈ (ਤਦ ਦੀ ਬੰਬਈ) ਚਲੇ ਗਏ ਤੇ ਉਥੇ ਤੋਂ ਸ਼ੁਰੂ ਹੋਇਆ ਉਨ੍ਹਾਂ ਦਾ ਸੁਨਹਿਰਾ ਸਫ਼ਰ।

### ਫ਼ਿਲਮਾਂ ਦੀ ਸ਼ੁਰੂਆਤ ਤੇ ਕਾਮਯਾਬੀ ਦਾ ਸਫ਼ਰ

ਧਰਮਿੰਦਰ ਨੇ ਆਪਣੀ ਪਹਿਲੀ ਫ਼ਿਲਮ "ਦਿਲ ਭੀ ਤੇਰਾ ਹਮ ਭੀ ਤੇਰੇ" (1960) ਨਾਲ ਐਂਟਰੀ ਕੀਤੀ। ਸ਼ੁਰੂ ਵਿਚ ਉਨ੍ਹਾਂ ਨੂੰ ਰੋਮਾਂਟਿਕ ਹੀਰੋ ਵਜੋਂ ਪਸੰਦ ਕੀਤਾ ਗਿਆ।

ਫ਼ਿਲਮਾਂ ਜਿਵੇਂ : 'ਆਯਾ ਸਾਵਨ ਝੂਮ ਕੇ', 'ਮੇਰੇ ਹਮਦਮ ਮੇਰੇ ਦੋਸਤ', 'ਚੈਰੀ ਚੈਰੀ ਲੇਡੀ', 'ਆਕਾਸ਼ ਦੀਪ' ਉਨ੍ਹਾਂ ਨੂੰ ਘਰ-ਘਰ ਪ੍ਰਸਿੱਧ ਕਰ ਗਈਆਂ।

### ਹੀ-ਮੈਨ ਬਣਨ ਦਾ ਦੌਰ

ਜਦੋਂ ਧਰਮਿੰਦਰ ਨੇ ਐਕਸ਼ਨ ਫ਼ਿਲਮਾਂ ਕਰਨੀ ਸ਼ੁਰੂ ਕੀਤੀਆਂ, ਉਨ੍ਹਾਂ ਦਾ ਚਿੱਤਰ "ਹੀ-ਮੈਨ ਆਫ਼ ਬਾਲੀਵੁੱਡ" ਵਜੋਂ ਬਣ ਗਿਆ।


ਉਨ੍ਹਾਂ ਦੀਆਂ ਫ਼ਿਲਮਾਂ 'ਸ਼ੋਲੇ (1975)', 'ਸਤਾ ਮੇਵ ਜਯਤੇ', 'ਰਾਜਾ ਜਾਨੀ', 'ਯਾਦੋਂ ਕੀ ਬਾਰਾਤ', 'ਪਤਥਰ ਕੇ ਸਨਮ', 'ਧਰਮ ਵੀਰ' ਅਤੇ 'ਰਾਮ ਬਲਰਾਮ' ਨੇ ਉਨ੍ਹਾਂ ਨੂੰ ਅਮਰ ਕਰ ਦਿੱਤਾ।


### ਸ਼ੋਲੇ — ਧਰਮਿੰਦਰ ਦੀ ਸ਼ਾਨਦਾਰ ਫ਼ਿਲਮ

ਸ਼ੋਲੇ ਵਿਚ ਵੀਰੂ ਦਾ ਕਿਰਦਾਰ ਧਰਮਿੰਦਰ ਦੇ ਕਰੀਅਰ ਦਾ ਸਭ ਤੋਂ ਯਾਦਗਾਰ ਰਿਹਾ। ਉਨ੍ਹਾਂ ਦੇ ਕੁਝ ਮਸ਼ਹੂਰ ਡਾਇਲਾਗ ਅੱਜ ਵੀ ਲੋਕਾਂ ਦੇ ਮੂੰਹ 'ਤੇ ਹਨ, ਜਿਵੇਂ:—

"ਬਸੰਤੀ, ਇਨ ਕੁੱਤੋਂ ਕੇ ਸਾਹਮਣੇ ਮਤ ਨਾਚਨਾ!" "ਜੇ ਵੀਰੂ ਦਾ ਦਿਲ ਟੁੱਟ ਗਿਆ ਨਾ, ਤਾਂ ਧਰਤੀ ਹਿਲ ਜਾਏਗੀ!"

ਵੀਰੂ ਤੇ ਬਸੰਤੀ (ਹੇਮਾ ਮਾਲਿਨੀ) ਦੀ ਜੋੜੀ ਨੇ ਦਰਸ਼ਕਾਂ ਦੇ ਦਿਲਾਂ 'ਤੇ ਰਾਜ ਕੀਤਾ।





### ਪਿਆਰ ਦੀ ਕਹਾਣੀ: ਧਰਮਿੰਦਰ ਤੇ ਹੇਮਾ ਮਾਲਿਨੀ

ਫ਼ਿਲਮਾਂ ਕਰਦਿਆਂ-ਕਰਦਿਆਂ ਧਰਮਿੰਦਰ ਦਾ ਦਿਲ ਹੇਮਾ ਮਾਲਿਨੀ 'ਤੇ ਆ ਗਿਆ। ਦੋਵੇਂ ਨੇ ਮਿਲਕੇ ਕਈ ਹਿੱਟ ਫ਼ਿਲਮਾਂ ਦਿੱਤੀਆਂ, ਜਿਵੇਂ 'ਸੀਤਾ ਔਰ ਗੀਤਾ', 'ਸ਼ੋਲੇ', 'ਰਾਜਾ ਜਾਨੀ', 'ਚਰਸ' ਅਤੇ 'ਬਗਾਵਤ' ਉਨ੍ਹਾਂ ਦੀ ਜੋੜੀ ਨੂੰ ਦਰਸ਼ਕਾਂ ਨੇ ਬੇਹੱਦ ਪਸੰਦ ਕੀਤਾ। ਆਖ਼ਿਰਕਾਰ ਦੋਵੇਂ ਨੇ ਵਿਆਹ ਕਰ ਲਿਆ। ਉਨ੍ਹਾਂ ਦੀਆਂ ਧੀਆਂ ਏਸ਼ਾ ਤੇ ਅਹਾਨਾ ਦਿਓਲ ਵੀ ਅਦਾਕਾਰੀ ਦੀ ਦੁਨੀਆਂ 'ਚ ਆਈਆਂ।

### ਇਨਾਮ ਤੇ ਸਨਮਾਨ

ਧਰਮਿੰਦਰ ਨੂੰ ਸਿਨੇਮਾ ਵਿਚ ਬੇਹੱਦ ਯੋਗਦਾਨ ਲਈ ਕਈ ਇਨਾਮ ਮਿਲੇ:—

- ਫਿਲਮਫੇਅਰ ਲਾਈਫਟਾਈਮ ਅਚੀਵਮੈਂਟ ਐਵਾਰਡ (1997)
- ਪਦਮ ਭੂਸ਼ਨ ਐਵਾਰਡ (2012)
- ਕਈ ਰਾਸ਼ਟਰੀ ਤੇ ਅੰਤਰਰਾਸ਼ਟਰੀ ਮਾਨ-ਸਨਮਾਨ

ਉਨ੍ਹਾਂ ਦੀ ਨਿਮਰਤਾ, ਸਾਦਗੀ ਤੇ ਇਮਾਨਦਾਰੀ ਅੱਜ ਵੀ ਨੌਜਵਾਨ ਅਦਾਕਾਰਾਂ ਲਈ ਪ੍ਰੇਰਣਾ ਹੈ।

ਧਰਮਿੰਦਰ ਦੇ ਪੁੱਤਰ ਸਨੀ ਦਿਓਲ ਤੇ ਬੌਬੀ ਦਿਓਲ ਨੇ ਵੀ ਬਾਲੀਵੁੱਡ ਵਿੱਚ ਵੱਡਾ ਨਾਮ ਬਣਾਇਆ। ਉਨ੍ਹਾਂ ਦੀਆਂ ਅਦਾਕਾਰੀਆਂ ਵਿਚ ਵੀ ਪਿਤਾ ਦੀ ਛਾਪ ਸਾਫ਼ ਨਜ਼ਰ ਆਉਂਦੀ ਹੈ।

ਧਰਮਿੰਦਰ ਅੱਜ ਵੀ ਕਈ ਵਾਰ ਟੀ.ਵੀ. ਸ਼ੋਅਜ਼ ਜਾਂ ਫ਼ਿਲਮਾਂ ਵਿਚ ਵਿਸ਼ੇਸ਼ ਰੂਪ ਵਿਚ ਨਜ਼ਰ ਆਉਂਦੇ ਹਨ। ਹਾਲ ਹੀ ਵਿਚ ਉਹ ਫ਼ਿਲਮ "ਰੌਕੀ ਔਰ ਰਾਣੀ ਕੀ ਪ੍ਰੇਮ ਕਹਾਨੀ" (2023) ਵਿਚ ਦਰਸ਼ਕਾਂ ਦੇ ਦਿਲ ਜਿੱਤ ਗਏ।

### ਰਾਜਨੀਤੀ

2004 ਵਿਚ ਧਰਮਿੰਦਰ ਨੇ ਭਾਰਤੀ ਜਨਤਾ ਪਾਰਟੀ (ਬੀ.ਜੇ.ਪੀ.) ਤੋਂ ਬੀਕਾਨੇਰ ਤੋਂ ਚੋਣ ਲੜੀ ਤੇ ਜਿੱਤੀ। ਉਹ ਲੋਕਾਂ ਨਾਲ ਜੁੜੇ ਰਹੇ, ਪਰ ਉਨ੍ਹਾਂ ਦਾ ਦਿਲ ਹਮੇਸ਼ਾਂ ਫ਼ਿਲਮਾਂ ਵਿਚ ਹੀ ਵੱਸਦਾ ਰਿਹਾ।

ਧਰਮਿੰਦਰ ਸਿਰਫ਼ ਇਕ ਸਿਤਾਰਾ ਨਹੀਂ, ਸਗੋਂ ਪੰਜਾਬੀ ਮਿੱਟੀ ਦੀ ਮਹਿਕ ਹਨ। ਉਨ੍ਹਾਂ ਨੇ ਸਿਖਾਇਆ ਕਿ ਸਾਦਗੀ, ਮਿਹਨਤ ਤੇ ਵਿਸ਼ਵਾਸ ਨਾਲ ਕੋਈ ਵੀ ਮੰਜ਼ਿਲ ਪਾਈ ਜਾ ਸਕਦੀ ਹੈ। ਉਹ ਅੱਜ ਵੀ ਉਹੀ ਚਮਕਦੇ ਤਾਰੇ ਵਾਂਗ ਹਨ, ਜਿਹੜੇ ਕਦੇ ਮੁਰਝਾਉਂਦੇ ਨਹੀਂ।

### ਯਾਦਗਾਰ ਡਾਇਲਾਗ ਜਿਹੜੇ ਇਤਿਹਾਸ ਬਣ ਗਏ

"ਕਿੱਤਨੇ ਆਦਮੀ ਥੇ ?" (ਸ਼ੋਲੇ)

"ਮੇਰੀ ਮਾਂ ਕਹਤੀ ਥੀ ਕਿ ਦੁਨੀਆਂ ਵਿਚ ਸਭ ਤੋਂ ਵੱਡੀ ਤਾਕਤ ਇਮਾਨਦਾਰੀ ਹੈ।"

"ਹਮ ਪੰਜਾਬੀ ਜੋ ਵਾਅਦਾ ਕਰਤੇ ਹੈਂ, ਉਸੇ ਨਿਭਾਤੇ ਭੀ ਹੈਂ।"

"ਮੈਂ ਦਿਲੋਂ ਪਿਆਰ ਕਰਤਾ ਹੂੰ, ਦਿਲੋਂ ਜੀਤਾ ਹੂੰ।"

ਧਰਮਿੰਦਰ ਬਾਲੀਵੁੱਡ ਦਾ ਉਹ ਸਿਤਾਰਾ ਹੈ, ਜਿਸਦੀ ਚਮਕ ਕਦੇ ਘੱਟ ਨਹੀਂ ਹੋ ਸਕਦੀ। ਉਨ੍ਹਾਂ ਦੀ ਜ਼ਿੰਦਗੀ ਇਕ ਪ੍ਰੇਰਣਾ ਹੈ - ਪਿਆਰ, ਮਿਹਨਤ ਤੇ

# ਜਨਮ ਪੱਤ੍ਰੀ, ਬਾਬਾ ਨਾਨਕ ਜੀ ਕੀ

ਸਰਬਜੀਤ ਸਿੰਘ
ਸੈਕਰਾਮੈਂਟੋ
ਪੰਜਾਬ ਮੇਲ USA





**ਭਾਈ ਬਾਲਾ ਅਤੇ ਉਸ ਦੇ ਨਾਮ ਨਾਲ ਜਾਣੀ ਜਾਂਦੀ 'ਜਨਮਸਾਖੀ ਭਾਈ ਬਾਲਾ' ਦੇ ਕੱਟੜ ਹਮਾਇਤੀ ਅਨੁਰਾਗ ਸਿੰਘ ਅਤੇ ਡਾ. ਸੁਖਦਿਆਲ ਸਿੰਘ, ਇਸ ਗੱਲ 'ਤੇ ਸਹਿਮਤ ਹਨ ਕਿ ਭਾਈ ਬਾਲੇ ਨੇ ਗੁਰੂ ਅੰਗਦ ਸਾਹਿਬ ਜੀ ਦੀ ਹਜ਼ੂਰੀ ਵਿਚ ਜਨਮ ਸਾਖੀ ਲਿਖਵਾਈ ਸੀ। ਜਿਸ ਦਾ ਆਧਾਰ, ਗੁਰੂ ਨਾਨਕ ਜੀ ਦੀ ਜਨਮ ਪ੍ਰਤੀ ਸੀ। ਉਸ ਜਨਮ ਪ੍ਰਤੀ ਬਾਰੇ, ਅਨੁਰਾਗ ਸਿੰਘ ਦਾ ਮੰਨਣਾ ਹੈ ਕਿ, "ਗੁਰੂ ਨਾਨਕ ਦੇਵ ਜੀ ਦੀ ਜਨਮ ਪੱਤਰੀ, ਮਿਤੀ ਵੈਸਾਖ ਸੁਦੀ 5, 1582 ਬਿ:/ਅਪ੍ਰੈਲ 27, 1525 ਈ: ਵਿਚ ਲਿਖੀ ਗਈ ਸੀ।**

ਜਨਮਪਤ੍ਰੀ ਸੰਗਯਾ—ਉਹ ਪਤ੍ਰ, ਜਿਸ ਉੱਪਰ ਕਿਸੇ ਦੇ ਜਨਮ ਸਮੇਂ ਦੇ ਦਿਨ, ਤਿਥਿ, ਸਾਲ, ਯੋਗ, ਕਰਣ ਛਤ੍ਰ, ਰਾਸ਼ੀ ਅਤੇ ਗ੍ਰਹਿਾਂ ਦੀ ਸ਼ੁੱਭ ਅਸ਼ੁੱਭ ਦਸ਼ਾ ਦਾ ਨਿਰਣਾ ਲਿਖਿਆ ਹੋਵੇ। (ਮਹਾਨ ਕੋਸ਼)

ਜਨਮ ਪੱਤ੍ਰੀ, ਜਨਮ ਕੁੰਡਲੀ ਜਾਂ ਟੇਵਾ, ਉਹ ਦਸਤਾਵੇਜ਼ ਹੁੰਦਾ ਹੈ, ਜਿਸ ਉੱਪਰ ਨਵੇਂ ਜਨਮੇ ਬੱਚੇ ਦੇ ਜਨਮ ਸਮੇਂ ਦੇ ਹਿਸਾਬ ਨਾਲ, ਉਸ ਦਾ ਭਵਿੱਖ ਦਰਜ ਕੀਤਾ ਹੁੰਦਾ। ਇਹ ਮੰਨਿਆ ਜਾਂਦਾ ਹੈ ਕਿ ਭਵਿੱਖਬਾਣੀ ਜੀਵਨ ਦੇ ਸਾਰੇ ਖੇਤਰਾਂ ਜਿਵੇਂ ਸਿਹਤ, ਗ੍ਰਿਸਤ, ਵਿੱਤੀ ਮੁਸ਼ਕਲਾ ਅਤੇ ਨੌਕਰੀ-ਵਪਾਰ ਆਦਿ, ਅੰਦਰੂਨੀ ਤਾਕਤਾਂ ਅਤੇ ਕਮਜ਼ੋਰੀਆਂ ਦੀ ਨਿਸ਼ਾਨਦੇਹੀ ਕਰਦੀ ਹੈ। ਇਸਨੂੰ ਸਮਝ ਕੇ, ਬਿਹਤਰ ਫੈਸਲੇ ਲਏ ਜਾ ਸਕਦੇ ਹਨ ਅਤੇ ਭਵਿੱਖ ਵਿਚ ਆਉਣ ਵਾਲੀਆਂ ਸਮੱਸਿਆਵਾਂ ਦਾ ਸਾਹਮਣਾ ਕਰਨ ਲਈ ਅਗਾਊਂ ਵਿਉਂਤਬੰਦੀ ਕੀਤੀ ਜਾ ਸਕਦੀ ਹੈ।

ਜਨਮਸਾਖੀਆਂ ਮੁਤਾਬਕ ਮਹਿਤਾ ਕਾਲੂ ਜੀ ਨੇ ਵੀ, ਆਪਣੇ ਸਪੁੱਤਰ 'ਬਾਬਾ ਨਾਨਕ' ਦੇ ਜਨਮ ਵੇਲੇ, ਪੰਡਤ ਹਰਦਿਆਲ ਤੋਂ ਜਨਮਪੱਤ੍ਰੀ ਤਿਆਰ ਕਰਵਾਈ ਸੀ। ਇਹ ਗੱਲ ਭਾਈ ਬਾਲਾ, ਗੁਰੂ ਅੰਗਦ ਸਾਹਿਬ ਜੀ ਨੂੰ ਖੁਦ ਦੱਸ ਰਿਹਾ ਹੈ।

"ਬਾਲੇ ਕਹਿਆ ਜੀ ਇਹੁ ਮੈਨੂੰ ਮਲੂਮ ਨਾਹੀ। ਪਰ ਜੀ ਇਤਨੀ ਮੈਂ ਸੁਣਦਾ ਸਾ ਲੋਕਾਂ ਦੇ ਮੂਹੋਂ। ਹਰਿਦਿਆਲ ਮਿਸਰ ਆਖਦਾ ਆਹਾ। ਜੋ ਭਾਈ ਇਨੀ ਮਹੂਰਤੇ ਅਤੇ ਸਤਾਈ ਨਛਤਰੀਂ ਅਤੇ ਕਤਕ ਦੀ ਪੂਰਨਮਾਸ਼ੀ ਸੰਸਾਰ ਤੇ ਕੋਈ ਨਾਹੀ ਜਨਮਿਆ। ਇਹੁ ਕੋਈ ਕਾਲੂ ਦੇ ਘਰਿ ਕੋਈ ਵਡਾ ਅਵਤਾਰੀ ਜਨਮਿਆ ਹੈ। ਇਤਨੀ ਮੈਂ ਸੁਣਦਾ ਸੀ ਅਤੇ ਜੀ ਹੋਰ ਭੀ ਸੁਣੀਦੀ ਸੀ, ਜੋ ਮਹਿਤੇ ਕਾਲੂੰ ਤਿਤੇ ਸਮੇਂ ਜਨਮ ਪਤ੍ਰੀ ਲਿਖਾਈ (1535 ਈ.) ਮਿਤੀ ਵੈਸਾਖ ਸੁਦੀ ਪੰਚਮੀ। ਫਿਰਿ ਗੁਰੂ ਅੰਗਦ ਕਹਿਆ, ਭਾਈ ਬਾਲਾ ਕਿਵੇਂ ਜਨਮਪਤ੍ਰੀ ਭੀ ਹਥਿ ਆਵੇ। ਫਿਰਿ ਬਾਲੇ ਕਹਿਆ: ਜੀ ਗੁਰੂ ਜਾਣੇ ਪਰ ਖੋਜ ਕੀਤਿਆ ਹਥਿ ਆਵੇ"। (ਡਾ. ਸੁਖਦਿਆਲ ਸਿੰਘ, ਜੀਵਨ ਇਤਿਹਾਸ ਗੁਰੂ ਨਾਨਕ ਸਾਹਿਬ, ਪੰਨਾ 48)

"ਖਡੂਰ ਸਾਹਿਬ ਹੀ ਰਹਿ ਕੇ ਭਾਈ ਬਾਲੇ ਅਤੇ ਪੈੜੇ ਮੋਖੇ ਦੇ ਸਹਿਯੋਗ ਨਾਲ 1541 ਈ: ਵਿਚ ਗੁਰੂ ਨਾਨਕ ਦੇਵ ਜੀ ਦੀ ਜਨਮ ਪੱਤਰੀ (ਮਿਤੀ ਵੈਸਾਖ ਸੁਦੀ 5, 1582 ਬਿ:/ਅਪ੍ਰੈਲ 27, 1525 ਈ:) ਦੇ ਅਧਾਰ 'ਤੇ ਇੱਕ ਜਨਮਸਾਖੀ ਤਿਆਰ ਕਰਵਾਈ। ਜਿਸ ਨੂੰ ਜਨਮਸਾਖੀ ਭਾਈ ਬਾਲਾ ਦੇ ਨਾਮ ਨਾਲ ਜਾਣਿਆ ਜਾਂਦਾ ਹੈ। ਇਸ ਵਿਚ ਗੁਰੂ ਅੰਗਦ ਦੇਵ ਜੀ ਨੇ ਆਪਣੇ ਨਿੱਜੀ ਅਨੁਭਵ ਵੀ ਸਾਂਝੇ ਕੀਤੇ। ਇਸ ਜਨਮ ਸਾਖੀ ਨੂੰ ਕਪਟੀ ਮੀਣੇ ਅਤੇ ਹੰਦਾਲੀਏ ਗੁਰੂਆਂ ਨੇ ਦੂਸ਼ਿਤ ਕੀਤਾ"। (ਅਨੁਰਾਗ ਸਿੰਘ, ਇਲਾਹੀ ਗਿਆਨ ਦਾ ਸਾਗਰ ਆਦਿ ਗੁਰੂ ਗ੍ਰੰਥ ਸਾਹਿਬ ਜੀ, ਪੰਨਾ 30)

ਭਾਈ ਬਾਲਾ ਅਤੇ ਉਸ ਦੇ ਨਾਮ ਨਾਲ ਜਾਣੀ ਜਾਂਦੀ 'ਜਨਮਸਾਖੀ ਭਾਈ ਬਾਲਾ' ਦੇ ਕੱਟੜ ਹਮਾਇਤੀ ਅਨੁਰਾਗ ਸਿੰਘ ਅਤੇ ਡਾ. ਸੁਖਦਿਆਲ ਸਿੰਘ, ਇਸ ਗੱਲ 'ਤੇ ਸਹਿਮਤ ਹਨ ਕਿ ਭਾਈ ਬਾਲੇ ਨੇ ਗੁਰੂ ਅੰਗਦ ਸਾਹਿਬ ਜੀ ਦੀ ਹਜ਼ੂਰੀ ਵਿਚ ਜਨਮ ਸਾਖੀ ਲਿਖਵਾਈ ਸੀ। ਜਿਸ ਦਾ ਆਧਾਰ, ਗੁਰੂ ਨਾਨਕ ਜੀ ਦੀ ਜਨਮ ਪ੍ਰਤੀ ਸੀ। ਉਸ ਜਨਮ ਪ੍ਰਤੀ ਬਾਰੇ, ਅਨੁਰਾਗ ਸਿੰਘ ਦਾ ਮੰਨਣਾ ਹੈ ਕਿ, "ਗੁਰੂ ਨਾਨਕ ਦੇਵ ਜੀ ਦੀ ਜਨਮ ਪੱਤਰੀ, ਮਿਤੀ ਵੈਸਾਖ ਸੁਦੀ 5, 1582 ਬਿ:/ਅਪ੍ਰੈਲ 27, 1525 ਈ: ਵਿਚ ਲਿਖੀ ਗਈ ਸੀ। ਪਰ ਡਾ. ਸੁਖਦਿਆਲ ਸਿੰਘ ਦੀ ਖੋਜ ਮੁਤਾਬਕ, "1535 ਈ. ਮਿਤੀ ਵੈਸਾਖ ਸੁਦੀ ਪੰਚਮੀ। ਸੀ। ਇਨ੍ਹਾਂ ਦੋਵਾਂ ਇਤਿਹਾਸਕਾਰਾਂ ਵੱਲੋਂ ਜਨਮਪਤ੍ਰੀ ਲਿਖੇ ਜਾਣ ਦੀਆ ਦਿੱਤੀਆ ਗਈਆਂ ਤਾਰੀਖਾਂ ਵਿਚ ਸਿਰਫ 10 ਸਾਲ ਦਾ ਅੰਤਰ ਹੈ।

ਬਾਲੇ ਵਾਲੀ ਜਨਮ ਸਾਖੀ ਮੁਤਾਬਕ, ਗੁਰੂ ਨਾਨਕ ਜੀ ਦਾ ਜਨਮ, ਕੱਤਕ ਦੀ ਪੁੰਨਿਆ, ਸੰਤਮ 1526 ਬਿ: ਨੂੰ ਹੋਇਆ ਸੀ। ਇਹ ਤਾਰੀਖ ਭਾਈ ਬਾਲੇ ਨੇ ਗੁਰੂ ਅੰਗਦ ਸਾਹਿਬ ਜੀ ਨੂੰ ਖੁਦ ਦੱਸੀ ਸੀ, "ਹਰਿਦਿਆਲ ਮਿਸਰ ਆਖਦਾ ਆਹਾ। ਜੋ ਭਾਈ ਇਨੀ ਮਹੂਰਤੇ ਅਤੇ ਸਤਾਈ ਨਛਤਰੀਂ ਅਤੇ ਕਤਕ ਦੀ ਪੂਰਨਮਾਸ਼ੀ ਸੰਸਾਰ ਤੇ ਕੋਈ ਨਾਹੀ ਜਨਮਿਆ। ਇਹੁ ਕੋਈ ਕਾਲੂ ਦੇ ਘਰਿ ਕੋਈ ਵਡਾ ਅਵਤਾਰੀ ਜਨਮਿਆ ਹੈ। ਇਤਨੀ ਮੈਂ ਸੁਣਦਾ ਸੀ ਅਤੇ ਜੀ ਹੋਰ ਭੀ ਸੁਣੀਦੀ ਸੀ, ਜੋ ਮਹਿਤੇ ਕਾਲੂੰ ਤਿਤੇ ਸਮੇਂ ਜਨਮ ਪਤ੍ਰੀ ਲਿਖਾਈ"।

ਕੱਤਕ ਦੀ ਪੁੰਨਿਆ ਸੰਮਤ 1526 ਬਿਕ੍ਰਮੀ ਦਿਨ ਸ਼ੁਕਰਵਾਰ ਵਾਲੇ ਦਿਨ ਸਤਾਈਵਾ ਨਛੱਤਰ (ਰੇਵਤੀ) ਨਹੀਂ ਸੀ, ਉਸ ਦਾ ਤਾਂ ਬਾਈਵਾਂ ਨਛੱਤਰ (ਅਸ਼ਵਨੀ) ਸੀ। ਦੂਜਾ ਅਤੇ ਸਭ ਤੋਂ ਮਹੱਤਵ ਪੂਰਨ ਨੁਕਤਾ, "ਹੋਰ ਭੀ ਸੁਣੀਦੀ ਸੀ, ਜੋ ਮਹਿਤੇ ਕਾਲੂੰ ਤਿਤੇ ਸਮੇਂ ਜਨਮ ਪਤ੍ਰੀ ਲਿਖਾਈ"। ਡਾ. ਸੁਰਿੰਦਰ ਸਿੰਘ ਕੋਹਲੀ ਨੇ 'ਤਿਤੇ' ਦੇ ਅਰਥ, 'ਉਸੇ' ਕੀਤੇ ਹਨ (ਪੰਨਾ 48) ਭਾਵ ਉਸੇ ਸਮੇਂ ਜਨਮ ਪਤ੍ਰੀ ਲਿਖਵਾਈ ਗਈ। ਬਾਲਕ ਦਾ ਜਨਮ ਹੁੰਦਾ ਹੈ ਕੱਤਕ ਦੀ ਪੁੰਨਿਆ ਸੰਮਤ 1526 ਬਿ: ਨੂੰ, ਅਨੁਰਾਗ ਸਿੰਘ ਮੁਤਾਬਕ ਜਨਮ ਪ੍ਰਤੀ ਲਿਖੀ ਗਈ, ਵੈਸਾਖ ਸੁਦੀ ਪੰਚਮੀ, ਸੰਮਤ 1582 ਬਿ:, ਅਤੇ ਡਾ. ਸੁਖਦਿਆਲ ਸਿੰਘ ਮੁਤਾਬਕ ਵੈਸਾਖ ਸੁਦੀ ਪੰਚਮੀ, ਸੰਮਤ 1592 ਬਿ:, ਦੋਵਾਂ ਸੱਜਣਾ ਨੇ ਬਾਲੇ ਵਾਲੀ ਜਨਮ ਸਾਖੀ ਵਿਚ ਦਰਜ ਇਸ ਵਾਰਤਾ ਨੂੰ ਹਿੰਦਾਲੀਆਂ ਵੱਲੋਂ ਕੀਤੀ ਗਈ ਮਿਲਾਵਟ ਨਹੀਂ ਮੰਨਿਆ। ਇਹ ਤਾਂ ਭਾਈ ਬਾਈ ਵੱਲੋਂ ਲਿਖਵਾਏ ਹੋਏ 'ਨਿਰਮਲ ਬਚਨ' ਹਨ।

"ਇਹ ਉਹ ਭੂਮਿਕਾ ਜਾਂ ਜਾਣਕਾਰੀ ਹੈ, ਜਿਹੜੀ ਭਾਈ ਬਾਲੇ ਵਾਲੀ ਜਨਮਸਾਖੀ ਦੇ ਸ਼ੁਰੂ ਵਿਚ ਦਿੱਤੀ ਗਈ ਹੈ। ਭਲਾ ਦੇਖਿਆ ਜਾਵੇ ਤਾਂ ਇਸ ਤੋਂ ਵੱਧ ਵਿਸ਼ਵਾਸ ਕਰਨ ਯੋਗ ਹੋਰ ਕਿਹੜੀ ਸ਼ਬਦਾਵਲੀ ਹੋ ਸਕਦੀ ਹੈ? ਇਹ ਪੰਜਾਬੀ ਦੀ ਗੁਰਮੁਖੀ ਅੱਖਰਾਂ ਵਿਚ ਪਹਿਲੀ ਲਿਖਤ ਹੈ। ਇਤਨੀ ਪੁਰਾਤਨ ਲਿਖਤ ਦਾ ਇਸ ਤੋਂ ਵਧੀਆਂ ਕੋਈ ਹੋਰ ਢੰਗ ਨਹੀਂ ਹੋ ਸਕਦਾ। ਇਸ ਵਿਚ ਲਿਖੀ ਗਈ ਹਰ ਗੱਲ ਮੰਨਣ ਯੋਗ ਹੈ"। (ਡਾ. ਸੁਖਦਿਆਲ ਸਿੰਘ, ਉਹੀ, ਪੰਨਾ 50)

ਹੁਣ ਇਥੇ ਇਕ ਹੋਰ ਪਹਾੜ ਜਿੱਡਾ ਸਵਾਲ ਸਾਹਮਣੇ ਆ ਖਲੋਤਾ ਹੈ, ਉਹ ਹੈ ਇਸੇ ਜਨਮ ਸਾਖੀ ਦੀਆਂ ਆਰੰਭਕ ਪੰਗਤੀ, "ਜਨਮਪਤ੍ਰੀ ਬਾਬੇ ਨਾਨਕ ਜੀ ਕੀ ਸੰਮਤ 1582 ਪੰਦ੍ਰਾ ਸੈ ਬਿਆਸੀ ਮਿਤੀ ਵੈਸਾਖ ਸੁਦੀ 5 ਪੋਥੀ ਲਿਖੀ ਪੈੜੇ ਮੋਖੇ ਸੁਲਤਾਨ ਪੁਰ ਦੇ ਖਤਰੇਟੇ, ਗੁਰੂ ਅੰਗਦ ਜੀ ਲਿਖਵਾਈ ਪੈਵੇ ਲਿਖੀ।"। ਸਵਾਲ ਇਹ ਹੈ ਕਿ ਜੇ ਇਹ ਤਾਰੀਖ ਜਨਮਪਤ੍ਰੀ ਲਿਖਣ ਦੀ ਤਾਰੀਖ ਹੈ, ਤਾਂ ਬਾਬੇ ਨਾਨਕ ਜੀ ਕੀ ਜਨਮ ਪਤ੍ਰੀ ਦਾ ਲੇਖਕ ਕੌਣ ਹੋਇਆ, ਮਿਸਰ ਹਰਦਿਆਲ ਜਾਂ ਮੋਖਾ ਪੈੜਾ? ਹੁਣ ਇਸ ਤਾਰੀਖ ਨੂੰ ਜਨਮ ਸਾਖੀ ਲਿਖਣ ਦੀ ਤਾਰੀਖ ਤਾਂ ਤੁਸੀ ਮੰਨਣ ਨੂੰ ਤਿਆਰ ਨਹੀਂ ਹੋ। "ਕਿਸੇ ਵੀ ਪੁਰਾਤਨ ਖਰੜੇ ਦੇ ਲਿਖਣ ਦੀ ਤਿਥ-ਸੰਮਤ ਖਰੜੇ ਦੇ ਸ਼ੁਰੂ ਵਿਚ ਦਿੱਤਾ, ਅਗਰ ਮਿਲੇ ਤਾਂ ਸਾਂਝਾ ਕਰਨਾ। ਇਹ ਸਿਰਫ ਸੰਗਤਾ ਨੂੰ ਗੁਮਰਾਹ ਕਰਨ ਲਈ ਝੂਠ ਬੋਲਿਆ ਗਿਆ"। (ਅਨੁਰਾਗ ਸਿੰਘ)

ਚਲੋ, ਹੁਣ ਹੱਥ ਲਿਖਤ ਖਰੜੇ ਦੇ ਆਰੰਭ ਵਿਚ ਲਿਖੀ ਤਿਥ-ਸੰਮਤ ਨੂੰ ਜਨਮਪਤ੍ਰੀ ਲਿਖਣ ਦੀ ਤਾਰੀਖ ਹੀ ਸਾਬਿਤ ਕਰ ਦਿਓ।

## ਤਿੱਥ ਅਤੇ ਤਾਰੀਖ ਅਤੇ ਪ੍ਰਵਿਸ਼ਟਾ:-

ਗੁਰੂ ਨਾਨਕ ਜੀ ਦੀ ਜਨਮ ਤਾਰੀਖ ਬਾਲੇ ਵਾਲੀ ਜਨਮ ਸਾਖੀ ਦੇ ਹਵਾਲੇ ਨਾਲ, ਕੱਤਕ ਦੀ ਪੁੰਨਿਆ ਸੰਮਤ 1526 ਬਿ:, 20 ਅਕਤੂਬਰ 1469 ਈ: ਲਿਖੀ ਮਿਲਦੀ ਹੈ।

"Five years later a son was born to Tripta on the full moon day of October 20, 1469 A.D. kartik Puranmashi, 1526 B.S. at Talwandi, now known as Nankana Sahib". (Dr Trilochan Singh, Guru Nanak, Founder of Sikhism -Page 3)

ਲੈ: ਕਰਨਲ ਸੁਰਜੀਤ ਸਿੰਘ ਨਿਸ਼ਾਨ, ਡਾ. ਹਰਜਿੰਦਰ ਸਿੰਘ ਦਿਲਗੀਰ ਵੀ ਇਸੇ ਤਾਰੀਖ ਨਾਲ ਸਹਿਮਤ ਹਨ। "20 ਗੋਬਿੰਦ ਸਿੰਘ ਮਾਹ, 1469, ਪ੍ਰਕਾਸ਼ ਪੁਰਬ ਗੁਰੂ ਨਾਨਕ ਸਾਹਿਬ"। (ਡਾ. ਦਿਲਗੀਰ) ਦਮਦਮੀ ਟਕਟਾਲ ਦਾ ਤਾਂ ਆਲਮ ਹੀ ਨਿਰਾਲਾ ਹੈ, ਉਨ੍ਹਾਂ ਦੇ ਮਹਾਪੁਰਖ ਤਾਂ 29 ਨਵੰਬਰ 1469 ਈ: ਲਿਖੀ ਬੈਠੇ ਹੈ।

ਕੱਤਕ ਸੁਦੀ 15 (ਪੁੰਨਿਆ) 20 ਅਕਤੂਬਰ 1469 ਦਿਨ ਸ਼ੁਕਰਵਾਰ ਨੂੰ ਸੀ। ਜਨਮਸਾਖੀ ਮੁਤਾਬਕ ਗੁਰੂ ਨਾਨਕ ਜੀ ਦਾ ਜਨਮ ਪੁੰਨਿਆ ਦੀ ਰਾਤ, ਅੱਧੀ ਰਾਤ ਤੋਂ ਪਿੱਛੋਂ ਹੋਇਆ ਸੀ। "ਜੇ ਪਹਿਲੇ ਦੂਹ ਪਹਰਾ ਅੰਦਿਰ ਜਨਮ ਹੋਦਾ ਤਾਂ ਸਾਹੂਕਾਰ ਹੁੰਦਾ। ਇਹ ਪਿਛਲੇ ਪਹਿਰ ਢਲਦੀ ਰਾਤ ਜਨਮਿਆ ਹੈ"। "ਪਿਛਲੇ ਪਹਿਰ ਢਲਦੀ ਰਾਤ" ਤੋਂ ਕਿਹੜਾ ਪਹਿਰ ਸਮਝਿਆ ਜਾਵੇ? ਪਿਛਲਾ ਪਹਿਰ ਆਖਰੀ ਪਹਿਰ (ਚੌਥਾ ਪਹਿਰ) ਵੀ ਹੋ ਸਕਦਾ ਹੈ। ਜਨਮਸਾਖੀਆਂ ਵਿਚ ਸਾਨੂੰ "ਸਵਾ ਪਹਿਰ ਰਾਤ ਰਹਿੰਦਿਆ" ਵੀ ਪੜ੍ਹਨ ਨੂੰ ਮਿਲਦਾ ਹੈ। ਪੁੰਨਿਆ ਦੀ ਤਿਥ ਦਾ ਆਰੰਭ 20 ਅਕਤੂਬਰ ਸਵੇਰੇ 6:14 AM 'ਤੇ ਹੋਇਆ ਸੀ। ਸੂਰਜ 6:49 AM 'ਤੇ ਚੜ੍ਹਿਆ ਸੀ। (ਇਹ ਸਮਾਂ ਨਨਕਾਣਾ ਸਾਹਿਬ ਦਾ ਹੈ) ਇਸ ਲਈ ਸ਼ੁਕਰਵਾਰ 20 ਅਕਤੂਬਰ ਨੂੰ ਸਵੇਰੇ ਸੂਰਜ ਚੜ੍ਹਨ ਵੇਲੇ ਪੁੰਨਿਆ ਦੀ ਤਿਥ ਹੋਣ ਕਾਰਨ, 21 ਤਾਰੀਖ ਨੂੰ ਸੂਰਜ ਚੜ੍ਹਨ ਵੇਲੇ ਤੀਕ ਪੁੰਨਿਆ ਹੀ ਗਿਣੀ ਜਾਵੇਗੀ। 20 ਅਕਤੂਬਰ ਨੂੰ ਸੂਰਜ 5:49 PM 'ਤੇ ਛਿਪਿਆ ਸੀ ਅਤੇ 21 ਤਾਰੀਖ ਸਵੇਰੇ 6:50 AM 'ਤੇ ਚੜ੍ਹਿਆ ਸੀ। ਮੋਟੇ ਤੌਰ 'ਤੇ ਵੇਖੀਏ ਤਾਂ 20 ਅਕਤੂਬਰ ਦੀ ਰਾਤ 13 ਘੰਟਿਆਂ ਦੀ ਸੀ। ਤਾਂ ਅਸੀਂ ਕਹਿ ਸਕਦੇ ਹਾਂ ਕਿ ਇਕ ਪਹਿਰ ਦਾ ਸਮਾ 3 ਘੰਟੇ 15 ਮਿੰਟ ਦਾ ਬਣਦਾ ਹੈ। ਤੀਜੇ ਪਹਿਰ ਦਾ ਆਰੰਭ 5:49 PM+6:30= 12:19 AM 'ਤੇ ਹੋਇਆ ਸੀ। ਅਤੇ ਚੌਥੇ ਪਹਿਰ ਦਾ ਆਰੰਭ 12:19+3:15= 3:34 'ਤੇ ਹੋਇਆ ਸੀ। ਜੇ ਸਵਾ ਪਹਿਰ ਰਾਤ ਰਹਿੰਦਿਆ ਨੂੰ ਮੰਨ ਲਿਆ ਜਾਵੇ, ਤਾਂ ਇਹ ਸਮਾ ਲਗਭਗ 2:45 AM ਬਣਦਾ ਹੈ। ਇਕ ਗੱਲ ਤਾਂ ਸਪੱਸ਼ਟ ਹੈ ਕਿ ਇਹ ਸਮਾਂ 21 ਅਕਤੂਬਰ ਦਾ ਬਣਦਾ ਹੈ। 20 ਅਕਤੂਬਰ ਤੋਂ 21 ਅਕਤੂਬਰ ਰਾਤ 12 ਵਜੇ ਹੋ ਗਈ ਸੀ। ਇਸ ਲਈ ਗੁਰੂ ਜੀ ਦੇ ਜਨਮ ਦੀ ਤਿੱਥ, ਕੱਤਕ ਦੀ ਪੁੰਨਿਆ, ਤਾਰੀਖ 21 ਅਕਤੂਬਰ ਅਤੇ ਪ੍ਰਵਿਸ਼ਟਾ 21 ਕੱਤਕ ਬਣਦਾ ਹੈ। ਕੀ ਹੁਣ ਅਨੁਰਾਗ ਸਿੰਘ, ਡਾ. ਤ੍ਰਿਲੋਚਨ ਸਿੰਘ ਵੱਲੋਂ (ਕਿਤਿਓਂ ਨਕਲ ਮਾਰ ਕੇ) ਲਿਖੀ ਗਲਤ ਤਾਰੀਖ 20 ਅਕਤੂਬਰ ਨੂੰ, ਗਲਤ ਕਹਿਣ ਦਾ ਹੌਂਸਲਾ ਕਰੇਗਾ?

ਇਹ ਦੋਵੇ ਇਤਿਹਾਸਕਾਰ, ਜਿਹੜੇ ਸ. ਕਰਮ ਸਿੰਘ ਹਿਸਟੋਰੀਅਨ ਦੀ ਆਲੋਚਨਾ (ਬਹੁਤ ਹੀ ਘਟੀਆਂ ਸ਼ਬਦਾਂ ਵਿਚ) ਰੂਪੀ ਮੰਗਲਾਚਰਣ ਲਿਖ ਕੇ ਆਪਣੀ ਗੱਲ ਆਰੰਭ ਕਰਦੇ ਹਨ, ਇਨ੍ਹਾਂ ਨੂੰ ਬੇਨਤੀ ਹੈ ਕਿ ਸ. ਕਰਮ ਸਿੰਘ ਜੀ ਤਾਂ ਹੁਣ ਇਸ ਦੁਨੀਆਂ ਵਿਚ ਨਹੀਂ ਹਨ, ਜਿਹੜੇ ਤੁਹਾਡੇ ਸਵਾਲਾਂ ਦੇ ਜਵਾਬ ਦੇ ਸਕਣ। ਪਰ, ਤੁਸੀਂ ਤਾਂ ਦੋਵੇਂ ਜਿਉਂਦੇ-ਜਾਗਦੇ ਹੋ, ਦਿਓ ਆਪਣੇ ਜਿਉਂਦੇ ਹੋਣ ਦਾ ਸਬੂਤ, ਕਰੋ ਆਪਣਾ-ਆਪਣਾ ਪੱਖ ਸਪੱਸ਼ਟ ਅਤੇ ਕਰਾਉ ਉਸ ਜਨਮ ਸਾਖੀ ਦੇ ਦਰਸ਼ਨ, ਜਿਹੜੀ 1596 ਬਿ: ਦੇ ਅਖੀਰ ਵਿਚ, ਗੁਰੂ ਅੰਗਦ ਸਾਹਿਬ ਜੀ ਦੀ ਹਜ਼ੂਰੀ ਵਿਚ ਲਿਖੀ ਗਈ ਸੀ। ਤਾਂ ਜੋ ਕੱਤਕ ਕਿ ਵੈਸਾਖ ਦਾ ਮਸਲਾ ਸਦਾ ਲਈ ਹੱਲ ਕੀਤਾ ਜਾ ਸਕੇ।

# ਹਿਜ਼ਰਤਨਾਮਾ 93: ਮਾਸਟਰ ਸੋਹਣ ਸਿੰਘ ਮਲਸੀਆਂ

# ‘ਸੋਹਣ ਸਿੰਘ ਨੂੰ ਤਾਂ ਪ੍ਰਣਾਮ ਲਿਖੀਦਾ’

ਮੁਲਾਕਾਤੀ: ਸਤਵੀਰ ਸਿੰਘ ਚਾਨੀਆਂ
92569-73526
ਪੰਜਾਬ ਮੇਲ USA



ਵੰਡ ਦੀਆਂ ਕਹਾਣੀਆਂ ਦੇ ਅਸਲ ਪਾਤਰਾਂ ਨੂੰ ਲੱਭਦਿਆਂ, ਮਿਲਦਿਆਂ ਕੰਬੋਜ ਸਿੱਖਾਂ ਦੇ ਚੱਕ 47/5ਐੱਲ ਵਧਾਵਾ ਸਿੰਘ ਵਾਲਾ (ਮਿੰਟਗੁਮਰੀ) ਦੇ ਖ਼ੌਫ਼ਨਾਕ ਕਤਲੇਆਮ ’ਚੋਂ ਬਚ ਗਏ ਮਾਸਟਰ ਸੋਹਣ ਸਿੰਘ ਵਲੋਂ ਜਾਨ ਦੀ ਬਾਜ਼ੀ ਲਾਉਂਦਿਆਂ ਬਚਾਅ ਪੱਖ ਵਜੋਂ ਇਕ ਮਿਸਾਲੀ ਰੋਲ ਅਦਾ ਕੀਤਾ ਗਿਆ। ਉਸ ਦੇ ਪਰਿਵਾਰ ਨੂੰ ਲੱਭਣ ਅਤੇ ਮਿਲਣ ਲਈ ਮੈਂ ਲੰਬੇ ਸਮੇਂ ਤੋਂ ਬੇਚੈਨ ਸਾਂ। ਉਹ ਚਿਰੋਕਣੀ ਰੀਝ ਅੱਜ ਪੂਰੀ ਹੋਈ। ਜਿਵੇਂ ਮੈਨੂੰ ਮੇਰਾ ਮੁਕਾਮ ਮਿਲ ਗਿਆ ਹੋਵੇ। ਉਹ ਤਾਂ ਵੈਸੇ ਸਦੀਵੀ ਵਿਛੁੰਨੇ ਹੋ ਚੁੱਕੇ ਨੇ, ਫਿਰ ਵੀ ਉਸ ਦੇ ਪੁੱਤਰ ਨੂੰ ਮਿਲ ਕੇ ਤਸੱਲੀ ਹੋਈ। ਇਸ ਦਾ ਸੂਤਰਧਾਰ ਬਣਿਆਂ ਸ. ਹਰਜੀਤ ਸਿੰਘ ਰੰਧਾਵਾ ਪੁੱਤਰ ਵਰਿਆਮ ਸਿੰਘ ਪਿੰਡ ਹਵੇਲੀ-ਮਲਸੀਆਂ। ਪੇਸ਼ ਹੈ ਸੋਹਣ ਸਿੰਘ ਦੀ ਕਹਾਣੀ ਉਸ ਦੇ ਪੁੱਤਰ ਦੀ ਜ਼ੁਬਾਨੀ।-

“ਮੇਰੇ ਪਿਤਾ ਸ. ਸੋਹਣ ਸਿੰਘ ਜੀ (1917-86) ਤਿੰਨ ਭਾਈ ਸਨ। ਜੱਦੀ ਪਿੰਡ ਸਾਡਾ ਲੰਮਾ ਪਿੰਡ, ਜਲੰਧਰ ਹੈ। ਰੌਲਿਆਂ ਤੋਂ ਪਹਿਲਾਂ ਹੀ ਸਾਡੇ ਬਾਬਾ ਜੀ ਝੰਡਾ ਸਿੰਘ ਪੁੱਤਰ ਵਧਾਵਾ ਸਿੰਘ ਉਥੋਂ ਜ਼ਮੀਨ ਵੇਚ ਕੇ ਸ਼ਾਹਕੋਟ ਦੇ ਪਿੰਡ ਗਿੱਦੜ ਪਿੰਡੀ ਆ ਆਬਾਦ ਹੋਏ। ਉਥੋਂ ਹੀ ਜਦ ਬਾਰਾਂ ਖੁੱਲ੍ਹੀਆਂ, ਤਾਂ ਬਾਬਾ ਜੀ ਸਮੇਤ ਪਰਿਵਾਰ ਕੰਬੋਜ ਸਿੱਖਾਂ ਦੇ ਚੱਕ 47/5ਐੱਲ (ਮਿੰਟਗੁਮਰੀ) ਵਿਚ ਜਾ ਆਬਾਦ ਹੋਏ, ਜਿਸ ਨੂੰ ਕੋਈ ਦੋ ਕੋਹ ਦੀ ਵਾਟ ਉਤੇ ਲਾਹੌਰ-ਮੁਲਤਾਨ ਟਰੈਕ ਤੇ ’ਟੇਸ਼ਣ ਯੂਸਫ਼ ਵਾਲਾ ਲੱਗਦਾ। ਗੁਆਂਢੀ ਪਿੰਡ 48 ਚੱਕ ਸੈਣੀ ਸਿੱਖਾਂ ਦਾ ਪਿੰਡ ਸੀ, ਜਿਸ ਦੇ ਰਾਹ ’ਤੇ ਦੋਹਾਂ ਪਿੰਡਾਂ ਦਾ ਸਾਂਝਾ ਪ੍ਰਾਇਮਰੀ ਸਕੂਲ ਸੀ। ਉਥੇ ਮਾਸਟਰ 47 ਚੱਕੋਂ ਹੀ ’ਰੋੜਿਆਂ ਦਾ ਸਾਈਂ ਦਿੱਤਾ ਅਤੇ ਖੱਤਰੀਆਂ ਦਾ ਦਰਸ਼ਣ ਸਿੰਘ ਹੁੰਦੇ। ਇਕ ਮਾਸਟਰ ਗੁਆਂਢੀ 50 ਚੱਕੋਂ ਮੁਸਲਮਾਨ ਸੀ। ਹੋਰ ਗੁਆਂਢੀ ਪਿੰਡ ਮਲਗੱਧਾ 36/4ਐੱਲ ਸੀ, ਜਿਥੇ ਮੂਲ ਨਿਵਾਸੀ ਜਾਂਗਲੀ ਚੋਰ ਉਚੱਕੇ ਅਤੇ ਲੁੱਟ-ਖੋਹ ਬਿਰਤੀ ਵਾਲਿਆਂ ਦਾ ਵਾਸ ਸੀ। ਘਰਤੋੜ ਸਿੰਘ ਨਿਹੰਗ ਪਿੰਡ ਮੁੰਡਿਆਂ ਨੂੰ ਗੱਤਕਾ ਸਿਖਾਉਂਦਾ, ਸਾਲਾਨਾ ਮੇਲੇ ਤੇ ’ਨੰਦਪੁਰ ਸਾਬ ਜਥਾ ਲੈ ਕੇ ਜਾਂਦਾ।

ਪਿਤਾ ਜੀ ਨੇ ਓਧਰੋਂ ਮਿਡਲ ਸਕੂਲ ਪਾਸ ਕਰਕੇ ਮਾਸਟਰੀ ਦੀ ਬੇਸਿਕ ਕਰ ਕੁੱਝ ਸਮਾਂ ਮਾਸਟਰੀ ਕੀਤੀ। ਪਰ ਉਨ੍ਹਾਂ ਖਾਨਗੀ ਖੇਤੀਬਾੜੀ ਜਾਂ ਮਾਸਟਰੀ ਵਿਚ ਦਿਲ ਨਾ ਲਾਇਆ। ਪਿੰਡ ਵਿਚ ਰਾਸ਼ਨ ਦਾ ਡੀਪੂ ਚਲਾਇਆ। ਉਕਾੜਾ ਮੰਡੀ ਵਿਚ ਆੜਤ ਵੀ ਕੀਤੀ। ਉਨ੍ਹਾਂ ਸਮਿਆਂ ਵਿਚ ਅਤੇ ਇਧਰ ਆ ਕੇ ਵੀ ਸਰਦਾਰ ਹਰਕ੍ਰਿਸ਼ਨ ਸਿੰਘ ਸੁਰਜੀਤ ਅਤੇ ਸਰਦਾਰ ਦਰਬਾਰਾ ਸਿੰਘ ਮੁੱਖ ਮੰਤਰੀ ਪੰਜਾਬ ਨਾਲ ਪੱਗ ਵੱਟ ਭਰਾਵਾਂ ਵਾਲੀ ਗੂੜ੍ਹੀ ਮਿੱਤਰਤਾ ਨਿਭਾਈ।

**ਮੱਜ਼੍ਹਬੀ ਦੰਗੱਈਆਂ ਵਲੋਂ ਕਤਲੇਆਮ:**

ਪਿਤਾ ਜੀ ਅਕਸਰ ਗੱਲਾਂ ਕਰਦਿਆਂ ਕਈ ਦਫ਼ਾ ਭਾਵੁਕ ਹੋ ਜਾਂਦੇ। ਜ਼ੁਬਾਨ ਭਾਰੀ ਜਾਂ ਖਾਮੋਸ਼ ਹੋ ਜਾਂਦੀ। ਉਨ੍ਹਾਂ ਦੱਸਿਆ ਸੀ ਕਿ ਜਦ ਭਾਰਤ ਦੀ ਆਜ਼ਾਦੀ ਅਤੇ ਵੰਡ ਦੀ ਹਵਾ ਗਰਮ ਹੋਣ ਲੱਗੀ, ਤਾਂ ਚੜ੍ਹਦੇ ਸਾਉਣ ਸਾਡਾ 47/5ਐੱਲ ਵੀ ਮੱਜ਼੍ਹਬੀ ਅੱਗ ਦੀ ਲਪੇਟ ਵਿਚ ਆ ਗਿਆ। ਪਿੰਡ ਦੇ ਕਰੀਬ 70% ਹਿੰਦੂ-ਸਿੱਖ ਉਸ ਝੁੱਲ੍ਹੀ ਕਾਲ਼ੀ ਹਨ੍ਹੇਰੀ ਵਿਚ ਮਾਰੇ ਗਏ। ਗੁਆਂਢੀ ਪਿੰਡਾਂ ਤੋਂ ਢੋਲ ਦੀ ਤਾਲ ’ਤੇ ਦੋ ਦਫ਼ਾ ਦੰਗੱਈਆਂ ਨੂੰ ਖਦੇੜ ਦਿੱਤਾ ਗਿਆ। ਪਰ ਤੀਜੀ ਵਾਰ ਉਹ ਬਲੋਚ ਮਿਲਟਰੀ ਨੂੰ ਨਾਲ ਲੈ ਕੇ ਆਏ। ਮਿਲਟਰੀ ਨੇ ਸਿੱਖ ਕਿਆਂ ਦੇ ਹਥਿਆਰ ਜ਼ਬਤ ਕਰ ਰਫਿਊਜੀ ਕੈਂਪ ਵਿਚ ਪਹੁੰਚਾਉਣ ਦਾ ਭਰੋਸਾ ਦਿੱਤਾ ਪਰ ਉਨ੍ਹਾਂ ਉਲਟ ਦੰਗੱਈਆਂ ਦਾ ਸਾਥ ਦੇ ਕੇ ਗੁਰੂ ਦੇ ਬਚਨਾਂ ਨੂੰ ਸੱਚ ਸਾਬਤ ਕਰ ਦਿੱਤਾ। ਕੁਝ ਪਰਿਵਾਰਾਂ ਮਾਸਟਰ ਸਾਈਂ ਦਿੱਤਾ ਦੇ ਘਰ ਪਨਾਹ ਲੈ ਰੱਖੀ ਸੀ, ਉਨ੍ਹਾਂ ਸਾਰਿਆਂ ਨੂੰ ਤਾਂ 50 ਚੱਕ ਦਾ ਮੁਸਲਮਾਨ ਮਾਸਟਰ ਬਚਾਅ ਕੇ ਲੈ ਗਿਆ ਪਰ ਪਿੰਡ ਦਾ ਵੱਡਾ ’ਕੱਠ ਖੰਗਰਾਂ ਦੀ ਹਵੇਲੀ ਵਿਚ ਪਨਾਹ ਲਈ ਬੈਠਾ ਸੀ, ਜਿਸ ਵਿਚੋਂ ਕਰੀਬ 80% ਮਾਰੇ ਗਏ ਅਤੇ ਕਈ ਬਹੂ-ਬੇਟੀਆਂ ਤਾਈਂ ਧਾੜਵੀ ਜਬਰੀ ਉਠਾ ਕੇ ਲੈ ਗਏ। ਉਸ ਕਤਲੇਆਮ ਵਿਚ ਜਿਥੇ ਜ਼ੈਲਦਾਰ ਵਧਾਵਾ ਸਿੰਘ ਦਾ ਸਿਰ ਕਲਮ ਕਰ, ਨੇਜ਼ੇ ’ਤੇ ਟੰਗ ਪਿੰਡ ਵਿਚ ਘੁਮਾਇਆ ਗਿਆ, ਉਥੇ ਪਿਤਾ ਜੀ ਦੇ ਦਾਦਾ, ਦਾਦੀ, ਮਾਤਾ-ਪਿਤਾ, ਵੱਡਾ ਭਾਈ ਭਗਵਾਨ ਸਿੰਘ (ਜੋ ਜ਼ੈਲਦਾਰ ਵਧਾਵਾ ਸਿੰਘ ਜੱਦੀ ਪਿੰਡ ਟੁਰਨਾ- ਲੋਹੀਆਂ ਦੀ ਭੈਣ ਗੇਬੋ ਨੂੰ ਵਿਆਹਿਆ ਹੋਇਆ ਸੀ) ਭਰਜਾਈ ਗੇਬੋ ਸਮੇਤ ਪਰਿਵਾਰ, ਚਾਚੇ, ਤਾਏ, ਭੂਆ ਵਗੈਰਾ ਸਮੇਤ ਸਾਡੇ ਪਰਿਵਾਰ ਦੇ 21 ਮੈਂਬਰ ਮਾਰੇ ਗਏ। ਸੋਹਣ ਸਿੰਘ ਖ਼ੁਦ ਅਤੇ ਉਨ੍ਹਾਂ ਦਾ ਭਤੀਜਾ ਕੇਵਲ ਸਿੰਘ ਪੁੱਤਰ ਭਗਵਾਨ ਸਿੰਘ ਜਿਸ ਨੂੰ ਜ਼ਖ਼ਮੀ ਹਾਲਤ ਵਿਚ ਕਮਾਦੀ ਵਿਚੋਂ ਪਿਤਾ ਜੀ ਨੇ ਲੱਭਿਆ ਸੀ, ਹੀ ਬਚ ਪਾਏ। ਜਥੇਦਾਰ ਸ਼ਿੰਗਾਰਾ ਸਿੰਘ ਲੋਹੀਆਂ ਦਾ ਪਰਿਵਾਰ, ਪਿੰਡ ਟੁਰਨਾ-ਲੋਹੀਆਂ ਤੋਂ ਜ਼ੈਲਦਾਰ ਵਧਾਵਾ ਸਿੰਘ ਸਮੇਤ ਉਹਦੇ ਪਰਿਵਾਰ ਦੇ 31 ਮੈਂਬਰ, ਫੁੱਮ੍ਹਣ ਸਿੰਘ ਪਿੰਡ ਭੱਟੀਆਂ-ਫਿਲੌਰ ਦੇ 30 ਮੈਂਬਰ ਅਤੇ ਲਛਮਣ ਸਿੰਘ ਚੰਦੀ ਹਾਲ ਆਬਾਦ ਪਿੰਡ ਤੇਹਿੰਗ-ਫਿਲੌਰ ਦੇ ਪਰਵਾਰਿਕ ਮੈਂਬਰ ਵੀ ਆਜ਼ਾਦੀ ਦੀ ਭੇਟ ਚੜ੍ਹ ਗਏ। ਮੇਰੀ ਪਤਨੀ ਕੁਲਦੀਪ ਕੌਰ ਪੁੱਤਰੀ ਚਰਨ ਸਿੰਘ ਪੇਕਾ ਪਿੰਡ ਕਰ੍ਹੇ ਹਾਲ ਆਬਾਦ ਜੱਕੋਪੁਰ-ਲੋਹੀਆਂ ਦੇ ਦਾਦਾ ਲਾਭ ਸਿੰਘ, ਦਾਦੀ ਹਰ ਕੌਰ ਅਤੇ ਭੂਆ ਜੀ ਦਾ ਸਾਰਾ ਪਰਿਵਾਰ ਵੀ ਖੰਗਰਾਂ ਦੀ ਹਵੇਲੀ ਕਤਲ ਕਾਂਡ ਦੀ ਭੇਟ ਚੜ੍ਹ ਗਿਆ। ਪਿਤਾ ਜੀ ਨੇ ਹੱਠ ਰੱਖਦਿਆਂ, ਧਾੜਵੀਆਂ ਦੇ ਪਿੰਡੋਂ ਜਾਣ ਉਪਰੰਤ ਮਰ ਗਿਆਂ ਦੇ ਸੰਸਕਾਰ ਦਾ ਪ੍ਰਬੰਧ ਕੀਤਾ। ਫੱਟੜਾਂ ਨੂੰ ਸਾਂਭਿਆ। ਜਬਰੀ ਉਠਾ ਕੇ ਲੈ ਗਿਆਂ ਨੂੰ ਡੋਗਰਾ ਮਿਲਟਰੀ ਦੀ ਸਹਾਇਤਾ ਨਾਲ ਗੁਆਂਢੀ ਪਿੰਡਾਂ ਵਿਚੋਂ ਲੱਭ-ਲੱਭ ਉਕਾੜਾ ਦੇ ਰਫਿਊਜੀ ਕੈਂਪ ਵਿਚ ਪਹੁੰਚਾਇਆ।

---0---

**ਜ਼ੈਲਦਾਰ ਵਧਾਵਾ ਸਿੰਘ (ਟੁਰਨਾ-ਲੋਹੀਆਂ) ਦੇ ਭਰਾ ਕਿਸ਼ਨ ਸਿੰਘ/ਜੀਵਨ ਕੌਰ ਦੀ ਬੇਟੀ ਬੀਬੀ ਸਲਵੰਤ ਕੌਰ ਹਾਲ ਆਬਾਦ ਦਾਨੇਵਾਲ-ਸਾਹਕੋਟ ਦਾ ਬਿਆਨ-**

“ਓਧਰ ਮੋਰਚਾ ਟੁੱਟ ਜਾਣ ’ਤੇ, ਖੰਗਰਾਂ ਦੀ ਹਵੇਲੀ ਉਪਰ ਧਾੜਵੀਆਂ ਵਲੋਂ ਵੱਢ-ਵਢਾਂਗਾ ’ਚ ਬਲੋਚ ਮਿਲਟਰੀ ਨੇ ਵੀ ਧਾੜਵੀਆਂ ਦਾ ਸਾਥ ਦਿੱਤਾ। ਮੇਰੇ ਤਾਇਆ ਜਵਾਲਾ ਸਿੰਘ ਜੋ ਪਰਿਵਾਰ ਸਮੇਤ ਇੱਧਰ ਹੀ ਰਿਹਾ, ਬਾਰ ਵਿਚ ਨਹੀਂ ਗਿਆ, ਦਾ ਬੇਟਾ ਅਮਰ ਸਿੰਘ ਜੋਂ 47ਵਿਆਂ ਵਿਚ ਰਣਧੀਰ ਸਕੂਲ ਕਪੂਰਥਲਾ ਦਾ ਵਿਦਿਆਰਥੀ ਸੀ, ਉਧਰ 47 ਚੱਕ ਛੁੱਟੀਆਂ ਕੱਟਣ ਗਿਆ, ਉਸ ਦੇ ਪੱਟ ਵਿਚ ਗੋਲੀ ਲੱਗਣ ਨਾਲ ਜ਼ਿਆਦਾ ਖ਼ੂਨ ਬਹਿ ਜਾਣ ਕਰਕੇ ਮਾਰਿਆ ਗਿਆ। ਮੇਰੀਆਂ ਅੱਖਾਂ ਸਾਹਵੇਂ ਪਿੰਡ ਦੇ ਗੁਰਦੁਆਰੇ ਦਾ ਗ੍ਰੰਥੀ ਸਿੰਘ ਬਰਛੇ ਮਾਰ-ਮਾਰ, ਮਾਰਤਾ। ਸੈਂਕੜਿਆਂ ਦੇ ਹਿਸਾਬ ਕਤਲ ਹੋਏ। ਗਹਿਣਾ-ਗੱਟਾ ਲੁੱਟ ਲਿਆ। ਕਈ ਮੁਟਿਆਰਾਂ ਤਾਈਂ ਧੂਹ ਕੇ ਲੈ ਗਏ। ਤਦੋਂ ਹੀ ਮੈਂ ਤਾਂ ਬੇਹੋਸ਼ ਹੋ ਗਈ। ਕਈ ਔਰਤਾਂ ਅਤੇ ਮੁਟਿਆਰਾਂ ਆਪਣੀ ਇੱਜ਼ਤ ਬਚਾਉਣ ਲਈ ਚੁਰੱਸਤੇ ਵਿਚਲੇ ਖੂਹ ਵਿਚ ਛਾਲਾਂ ਮਾਰ ਗਈਆਂ। ਕਈ ਬਚ ਗਏ ਬੱਚਿਆਂ ਅਤੇ ਔਰਤਾਂ ਨੂੰ ਵੀ ਧਾੜਵੀ ਆਪਣੇ ਨਾਲ ਲੈ ਗਏ। ਮੈਨੂੰ ਵੀ ਇਕ ਮੁਸਲਿਮ ਆਪਣੇ ਗੁਆਂਢੀ ਪਿੰਡ, ਨਾਲ ਲੈ ਗਿਆ। ਕੋਈ ਹਫ਼ਤਾ ਕੁ ਮੈਂ ਉਨ੍ਹਾਂ ਘਰ ਰਹੀ। ਉਸ ਦੇ ਘਰੋਂ ਭਲੀ ਤੀਵੀਂ ਸੀ। ਮੈਨੂੰ ਨੁਹਾਇਆ ਧੁਆਇਆ, ਪਹਿਨਣ ਲਈ ਕੱਪੜੇ ਦਿੱਤੇ। ਇਵੇਂ ਇਕ ਦਿਨ ਖੰਡ ਡੀਪੂ ਵਾਲਾ ਸੋਹਣ ਸਿੰਘ ਡੋਗਰਾ ਮਿਲਟਰੀ ਦਾ ਟਰੱਕ ਲੈ ਕੇ ਉਸ ਪਿੰਡ ਬੱਚਿਆਂ ਅਤੇ ਔਰਤਾਂ ਦੀ ਭਾਲ਼ ਵਿਚ ਆਇਆ। ਮਿਲਟਰੀ ਨੇ ਪਿੰਡ ਦੇ ਚੌਧਰੀਆਂ ਨੂੰ ਬੁਲਾ ਕੇ ਸਖ਼ਤ ਤਾੜਨਾ ਕਰਦਿਆਂ ਬੱਚਿਆਂ, ਔਰਤਾਂ ਨੂੰ ਵਾਪਸ ਕਰਨ ਲਈ ਦਬਾਅ ਬਣਾਇਆ। ਮੈਨੂੰ ਵੀ ਘਰ ਵਾਲਾ ਮੁਸਲਿਮ ਬਾਹਰ ਪਿੰਡ ਦੇ ਚੁਰੱਸਤੇ ’ਚ ਜਿੱਥੇ ਪਹਿਲਾਂ ਹੀ 18-20 ਸਿੱਖ ਬੱਚੇ ਅਤੇ ਬੀਬੀਆਂ ਕੱਠੀਆਂ ਕੀਤੀਆਂ ਹੋਈਆਂ ਸਨ, ਛੱਡ ਗਿਆ। ਉਸੇ ਮਿਲਟਰੀ ਟਰੱਕ ਵਿਚ ਸਾਨੂੰ ਸਭਨਾਂ, ਉਕਾੜਾ ਕੈਂਪ ਵਿਚ ਲੈ ਜਾਇਆ ਗਿਆ। ਉਥੇ ਸਾਡੇ 47/5ਐੱਲ ਚੱਕੋਂ ਹੋਰ ਵੀ ਕਈ ਬਚੇ-ਖੁਚੇ ਕਾਂਜਲੀ ਵਾਲੀ ਭੂਆ, ਉਸ ਦੇ ਤਿੰਨੋਂ ਬੇਟੇ, ਦੋ ਸਾਡਾ ਨਰਮਾ ਚੁੱਗਣ ਵਾਲੀਆਂ ਬੀਬੀਆਂ ਵਗੈਰਾ ਮਿਲ ਗਏ। ਸਾਰੇ ਹੀ ਧਾਹਾਂ ਮਾਰ-ਮਾਰ ਰੋਏ ਕਿ ਕੀ ਤੋਂ ਕੀ ਭਾਣਾ, ਪਲਾਂ ਛਿਣਾ ਵਿਚ ਹੀ ਵਾਪਰ ਗਿਆ।”

---0---

**ਫੁੱਮ੍ਹਣ ਸਿੰਘ ਦੀ ਤਾਏ-ਚਾਚਿਓਂ ਭੈਣ ਪ੍ਰਕਾਸ਼ ਕੌਰ ਖਿੰਡਾ ਜੋਂ ਲੰਮਾ ਪਿੰਡ-ਜਲੰਧਰ ਆਬਾਦ ਹੈ, ਉਸ ਦਾ ਸੋਹਣ ਸਿੰਘ ਬਾਰੇ ਬਿਆਨ ਉਸ ਦੀ ਜ਼ੁਬਾਨੀ-**

“ਸਾਡੇ ਟੱਬਰ ਦੇ ਕੁੱਲ 35 ਮੈਂਬਰਾਂ ਵਿਚੋਂ ਕਰੀਬ 30 ਮੈਂਬਰ ਆਜ਼ਾਦੀ ਦੀ ਭੇਟ ਚੜ੍ਹ ਗਏ। ਕੇਵਲ ਪੰਜ, ਉਮਰਾਂ ਦੇ ਜ਼ਖ਼ਮ ਖਾ ਕੇ ਵਾਪਸ ਪਰਤੇ। ਸ਼ਾਬਾਸ਼ ਖੰਡ ਡੀਪੂ ਵਾਲੇ ਸੋਹਣ ਸਿੰਘ ਦੇ ਜਿਨ੍ਹਾਂ ਆਪਣੀ ਜਾਨ ਖ਼ਤਰੇ ਵਿਚ ਪਾ ਕੇ ਡੋਗਰਾ ਮਿਲਟਰੀ ਦਾ ਟਰੱਕ ਲਿਆਂਦਾ। ਜ਼ਖ਼ਮੀ, ਬਚ ਗਿਆਂ, ਜਬਰੀ ਉਠਾਕੇ ਲੈਜਾਈਆਂ ਗਈਆਂ ਬਹੂ-ਬੇਟੀਆਂ ਨੂੰ ਆਲ਼ੇ-ਦੁਆਲ਼ੇ ਪਿੰਡਾਂ ’ਚੋਂ ਵੀ ਲੱਭ-ਲੱਭ ਉਕਾੜਾ ਦੇ ਰਫਿਊਜੀ ਕੈਂਪ ਵਿਚ ਪਹੁੰਚਾਇਆ। ਉਥੇ ਹੀ ਮੈਂ ਅਮਰ ਕੌਰ, ਤਾਏ ਹਜ਼ਾਰਾ ਸਿੰਘ ਦੀ ਬੇਟੀ ਬਚਨ ਕੌਰ, ਚਾਚੇ ਮੇਹਰ ਸਿੰਘ ਦੇ ਘਰੋਂ ਚਾਚੀ ਸੰਤ ਕੌਰ ਅਤੇ ਉਨ੍ਹਾਂ ਦੀ ਬੇਟੀ ਸੁਰਿੰਦਰ ਕੌਰ, ਭੂਆ ਹਰ ਕੌਰ ਦਾ ਪਰਿਵਾਰ ਉਕਾੜਾ ਕੈਂਪ ਵਿਚ ਅੱਗੜ-ਪਿੱਛੜ ’ਕੱਠੇ ਹੋ ਗਏ। ਜਦ ਸੁਰਿੰਦਰ ਕੌਰ ਨੂੰ ਸੋਹਣ ਸਿੰਘ ਚਾਚੀ ਸੰਤ ਕੌਰ ਦੇ ਹਵਾਲੇ ਕਰਨ ਆਇਆ, ਤਾਂ ਚਾਚੀ ਨੇ ਸੋਹਣ ਸਿੰਘ ਨੂੰ ਵੈਣ ਪਾਉਂਦਿਆਂ ਉਲ੍ਹਾਮਾ ਦਿੱਤਾ, “ਸੋਹਣ ਸਿਆਂ, ਸਾਡੀਆਂ ਧੀਆਂ ਭੈਣਾਂ ਲੱਭ-ਲੱਭ ਲਈ ਆਉਂਦੈਂ ਪਰ ਕੁਨਬੇ ਦਾ ਦੀਵਾ ਬਲ਼ਦਾ ਰੱਖਣ ਲਈ, ਕੋਈ ਮੁੰਡਾ ਵੀ ਲੱਭ, ਸਾਡੀ ਝੋਲ਼ੀ ਪਾ ਦੇ।” ਸੋਹਣ ਸਿੰਘ ਨੇ ਆਖਿਆ, “ਭਾਬੀ, ਮੈਂ ਸਿਰ ਦੀ ਬਾਜ਼ੀ ਲਾ ਰਿਹੈਂ।” ਅਗਲੇ ਦਿਨ ਹੀ ਦੁਪਹਿਰ ਸਮੇਂ ਸੋਹਣ ਸਿੰਘ ਨੇ, ਚਾਚੇ ਚਾਨਣ ਸਿੰਘ ਦਾ ਬੇਟਾ ਫੁੰਮ੍ਹਣ ਜਿਸ ਦਾ ਜ਼ਖ਼ਮੀ ਸਿਰ ਮੁੰਨਿਆਂ ਪਹਿਰਾਵਾ ਅਤੇ ਸ਼ਕਲੋਂ ਬੇ ਪਛਾਣ ਸੀ, ਗੁਆਂਢੀ ਪਿੰਡ 44 ਚੱਕੋਂ ਲਿਆ, ਚਾਚੀ ਸੰਤ ਕੌਰ ਦੀ ਝੋਲ਼ੀ ਆ ਪਾਇਆ। ਚਾਚੀ ਉਸ ਨੂੰ ਪਛਾਣੇ ਨਾ। ਉਸ ਨੇ ਫੁੰਮਣ ਤੋਂ ਪਰਿਵਾਰਕ ਮੈਂਬਰਾਂ ਦੇ ਨਾਵਾਂ ਦੀ ਤਸਦੀਕ ਕਰਕੇ ਉਸ ਨੂੰ ਗਲ਼ ਲਾ, ਸੋਹਣ ਸਿੰਘ ਨੂੰ ਅਸੀਸ ਦਿੰਦਿਆਂ ਕਿਹਾ, “ਸੋਹਣ ਸਿੰਘਾ ਸਦ ਨਮਸਕਾਰ ਤੈਨੂੰ।”

---0---

ਪਿਤਾ ਜੀ ਨੂੰ ਕੱਚੀ ਪਰਚੀ ਇਧਰ ਸੰਢਾਵਾਲ-ਲੋਹੀਆਂ ਦੀ ਪਈ। ਉਪਰੰਤ ਪੱਕੀ ਪਰਚੀ ਮਲਸੀਹਾਂ ਦੀ। ਪਿਤਾ ਜੀ ਦੀ ਦੂਜੀ ਸ਼ਾਦੀ ਸੇਖੇ (ਲੰਮਾ ਪਿੰਡ, ਜਲੰਧਰ) ਦੇ ਸ. ਨੱਥਾ ਦੀ ਬੇਟੀ ਅਤੇ ਮਾਸਟਰ ਗੁਲਜ਼ਾਰ ਸਿੰਘ ਦੀ ਭੈਣ ਗਿਆਨ ਕੌਰ ਨਾਲ ਹੋਈ। ਜਿਸ ਦੀ ਕੁੱਖੋਂ ਦੋ ਬੇਟੇ ਅਤੇ ਤਿੰਨ ਧੀਆਂ ਨੇ ਜਨਮ ਲਿਆ। ਪਿਤਾ ਜੀ ਲਗਾਤਾਰ ਪੱਚੀ ਸਾਲ ਮਲਸੀਹਾਂ ਦੇ ਸਰਪੰਚ ਅਤੇ ਤਮਾਮ ਉਮਰ ਪਿੰਡ ਦੇ ਲੰਬੜਦਾਰ ਰਹੇ। ਮੈਂ ਖੁਦ ਵੀ ਪੰਦਰਾਂ ਸਾਲ ਪਿੰਡ ਗੋਬਿੰਦ ਗੜ੍ਹ-ਮਲਸੀਆਂ ਦਾ ਸਰਪੰਚ ਰਿਹੈਂ। ਇਸ ਵਕਤ ਦੋ ਪੈਟਰੌਲ ਪੰਪ ਅਤੇ ਕਰੀਬ ਪੰਜਾਹ ਏਕੜ ਦੀ ਖੇਤੀਬਾੜੀ ਹੈ। ਇਸ ਸਭ ਦਾ ਸਿਹਰਾ ਪਿਤਾ ਜੀ ਸਿਰ ਬੱਝਦਾ ਹੈ।”



ਮਾਸਟਰ ਸੋਹਣ ਸਿੰਘ ਜੀ ਦੇ ਪੋਰਟਰੇਟ ਨਾਲ ਉਨ੍ਹਾਂ ਦਾ ਬੇਟਾ, ਨਿਰਮਲ ਸਿੰਘ ਖਿੰਡਾ ਅਤੇ ਲੇਖਕ ਮੁਲਾਕਾਤ ਸਮੇਂ



ਬੀਬੀ ਪ੍ਰਕਾਸ਼ ਕੌਰ ਲੰਮਾ ਪਿੰਡ- ਜਲੰਧਰ ਨਾਲ ਲੇਖਕ ਮੁਲਾਕਾਤ ਸਮੇਂ



ਬੀਬੀ ਸਲਵੰਤ ਕੌਰ ਦਾਨੇਵਾਲ ਨਾਲ ਲੇਖਕ ਮੁਲਾਕਾਤ ਸਮੇਂ

# ਵਿਦੇਸ਼ਾਂ 'ਚ ਵਿਗੜ ਰਿਹਾ ਪੰਜਾਬੀਆਂ ਦਾ ਅਕਸ



-ਪ੍ਰੋ. ਕੁਲਬੀਰ ਸਿੰਘ
94171-53513
ਪੰਜਾਬ ਮੇਲ USA



ਜਦ 2010 ਵਿਚ ਮੈਂ ਆਸਟਰੇਲੀਆ ਘੁੰਮਣ-ਫਿਰਨ ਗਿਆ, ਤਾਂ ਰੋਜ਼ਾਨਾ ਅਜੀਤ ਦੇ ਪ੍ਰਤੀਨਿਧ ਸਰਤਾਜ ਸਿੰਘ ਧੌਲ ਨੇ ਦੱਸਿਆ ਕਿ ਪੰਜਾਬ ਦੇ ਖਾਂਦੇ-ਪੀਂਦੇ ਘਰਾਂ ਦੇ ਮੁੰਡੇ ਇਥੇ ਆ ਕੇ ਬੜੀ ਹੁੱਲੜਬਾਜ਼ੀ ਕਰਦੇ ਹਨ। ਨਿਯਮ-ਕਾਨੂੰਨ ਤੋੜਦੇ ਹਨ। ਮਨਮਰਜ਼ੀ ਕਰਦੇ ਹਨ। ਲੜਾਈ-ਝਗੜਿਆਂ ਵਿਚ ਲੱਗੇ ਰਹਿੰਦੇ ਹਨ। ਉਨ੍ਹਾਂ ਦੇ ਇੰਝ ਕਰਨ ਨਾਲ ਸਾਰੇ ਪੰਜਾਬੀਆਂ ਦਾ ਅਕਸ ਵਿਗੜਦਾ ਹੈ। ਸਥਾਨਕ ਲੋਕਾਂ ਵਿਚ ਬੁਰਾ ਪ੍ਰਭਾਵ ਜਾਂਦਾ ਹੈ।

ਅੱਜ ਪੰਦਰਾਂ ਸਾਲਾਂ ਬਾਅਦ 2025 ਵਿਚ ਸਾਰੇ ਮੁਲਕਾਂ ਵਿਚੋਂ ਇਹ ਆਵਾਜ਼ਾਂ ਆ ਰਹੀਆਂ ਹਨ। ਵਿਦੇਸ਼ਾਂ ਵਿਚ ਲਗਾਤਾਰ ਪੰਜਾਬੀਆਂ ਦਾ ਅਕਸ ਵਿਗੜ ਰਿਹਾ ਹੈ, ਇਸਦੇ ਬਹੁਤ ਸਾਰੇ ਕਾਰਨ ਹਨ।

ਸੰਤੁਲਿਤ ਤੇ ਮਿਆਰੀ ਵਿਚਾਰ ਪੇਸ਼ ਕਰਨ ਵਾਲੇ ਚਲੰਤ ਮਾਮਲਿਆਂ 'ਤੇ ਆਧਾਰਿਤ ਇਕ ਪ੍ਰੋਗਰਾਮ ਵਿਚ ਬੀਤੇ ਦਿਨੀਂ ਇਸ ਮਸਲੇ ਸੰਬੰਧੀ ਵਿਸਥਾਰ ਵਿਚ ਚਰਚਾ ਕੀਤੀ ਗਈ। ਚਰਚਾ ਦਾ ਸਿਰਲੇਖ ਸੀ ਵਿਦੇਸ਼ਾਂ ਵਿਚ ਵਿਗੜ ਰਿਹਾ ਪੰਜਾਬੀਆਂ ਦਾ ਅਕਸ।

ਅੱਜਕੱਲ੍ਹ ਦੇਸ਼-ਵਿਦੇਸ਼ ਦੀਆਂ ਪੰਜਾਬੀਆਂ ਅਖ਼ਬਾਰਾਂ ਵਿਚ ਪਰਵਾਸੀ ਪੰਜਾਬੀਆਂ ਨਾਲ ਸੰਬੰਧਤ ਪ੍ਰਕਾਸ਼ਿਤ ਖ਼ਬਰਾਂ ਵਿਚੋਂ 70 ਪ੍ਰਤੀਸ਼ਤ ਖ਼ਬਰਾਂ ਨਾਂਹ-ਪੱਖੀ ਹੁੰਦੀਆਂ ਹਨ। ਬੁਰੀਆਂ ਆਦਤਾਂ, ਬੁਰਾ ਵਿਹਾਰ, ਲੜਾਈ ਝਗੜਾ, ਕੁੱਟ ਮਾਰ, ਨਿਯਮ ਕਾਨੂੰਨ ਦੀ ਉਲੰਘਣਾ, ਗੈਰ-ਕਾਨੂੰਨੀ ਢੰਗ ਨਾਲ ਵੱਖ-ਵੱਖ ਦੇਸ਼ਾਂ ਵਿਚ ਦਾਖਲਾ, ਦਿਖਾਵਾ, ਐਸ਼ਪ੍ਰਸਤੀ ਅਤੇ ਕਾਨੂੰਨ ਨੂੰ ਆਪਣੇ ਹੱਥਾਂ ਵਿਚ ਲੈਣ ਵਰਗੀਆਂ ਖ਼ਬਰਾਂ ਵਿਕਸਤ ਮੁਲਕਾਂ ਦੀਆਂ ਸਰਕਾਰਾਂ, ਪ੍ਰਸ਼ਾਸਨ ਅਤੇ ਪੁਲਿਸ ਵਾਲੇ ਬੜੇ ਸਬਰ, ਬੜੇ ਸਹਿਜ, ਬੜੇ ਤੁਹੋਮਲ, ਬੜੇ ਸਲੀਕੇ ਤੋਂ ਕੰਮ ਲੈਂਦੇ ਹਨ। ਪਰੰਤੂ ਜਦ ਪਾਣੀ ਸਿਰ ਤੋਂ ਲੰਘ ਜਾਂਦਾ ਹੈ, ਅੰਤ ਹੋ ਜਾਂਦੀ ਹੈ ਤਾਂ ਚੁਸਤੀ-ਫੁਰਤੀ ਨਾਲ ਸਖ਼ਤੀ ਵੀ ਬਹੁਤ ਕਰਦੇ ਹਨ।

ਵਿਦੇਸ਼ਾਂ ਵਿਚੋਂ ਪੰਜਾਬੀਆਂ ਬਾਰੇ ਹਮੇਸ਼ਾ ਚੰਗੀਆਂ, ਮਾਣ-ਤਾਣ ਵਾਲੀਆਂ ਖ਼ਬਰਾਂ ਆਉਂਦੀਆਂ ਸਨ ਪਰੰਤੂ ਵੇਖਦੇ-ਵੇਖਦੇ ਹਾਲਾਤ ਬਦ ਤੋਂ ਬਦਤਰ ਹੁੰਦੇ ਜਾ ਰਹੇ ਹਨ। ਇਹ ਬੇਹੱਦ ਚਿੰਤਾ ਵਾਲੀ ਗੱਲ ਹੈ। ਪੰਜਾਬੀ ਮਿਹਨਤ, ਇਮਾਨਦਾਰੀ ਲਈ ਜਾਣੇ ਜਾਂਦੇ ਸਨ। ਰੇਲਗੱਡੀ ਦੇ ਜਿਸ ਡੱਬੇ ਵਿਚ ਕੋਈ ਸਰਦਾਰ ਬੈਠਾ ਹੋਵੇ, ਉਥੇ ਔਰਤਾਂ ਖੁਦ ਨੂੰ ਸੁਰੱਖਿਅਤ ਸਮਝਦੀਆਂ ਸਨ।

ਪੰਜਾਬ ਦੀ ਧਰਤੀ ਤੋਂ ਸਮੇਂ-ਸਮੇਂ ਵੱਖ-ਵੱਖ ਉੱਠਦੀਆਂ ਰਹੀਆਂ। ਪੰਜਾਬੀ ਉਨ੍ਹਾਂ ਵਿਚ ਵੱਧ-ਚੜ੍ਹ ਕੇ ਹਿੱਸਾ ਲੈਂਦੇ ਰਹੇ। ਜ਼ੁਲਮ ਅਤੇ ਵਧੀਕੀ ਵਿਰੁੱਧ ਖੜ੍ਹੇ ਹੋਣਾ ਪੰਜਾਬੀਆਂ ਦਾ ਸੁਭਾਅ ਰਿਹਾ ਹੈ। ਇਸੇ ਸਦਕਾ ਭਾਰਤ ਵਿਚ ਹੀ ਨਹੀਂ, ਸਗੋਂ ਵਿਦੇਸ਼ਾਂ ਵਿਚ ਵੀ ਪੰਜਾਬੀਆਂ ਨੂੰ ਅਣਖ ਅਤੇ ਇੱਜ਼ਤ ਵਾਲੇ ਲੋਕਾਂ ਵੱਲੋਂ ਜਾਣਿਆ ਜਾਂਦਾ ਰਿਹਾ ਹੈ। ਪਰ ਅੱਜ ਸਮਾਂ ਬਦਲ ਗਿਆ ਹੈ। ਰੋਜ਼ ਗੋਲੀਆਂ ਚੱਲ ਰਹੀਆਂ ਹਨ। ਲੜਾਈ-ਝਗੜੇ ਹੋ ਰਹੇ ਹਨ।

ਕਦੇ ਅਜਿਹੀਆਂ ਖ਼ਬਰਾਂ ਯੂ.ਪੀ., ਬਿਹਾਰ ਤੋਂ ਆਉਂਦੀਆਂ ਸਨ। ਅੱਜ ਪੰਜਾਬੀ ਉਨ੍ਹਾਂ ਲੀਹਾਂ 'ਤੇ ਚੱਲ ਪਏ ਹਨ। ਇਹ ਸਾਰਾ ਸਿਲਸਲਾ ਇਥੇ ਤੱਕ ਸੀਮਤ ਨਹੀਂ ਰਿਹਾ। ਪੰਜਾਬੀ ਜਿਹੜੇ-ਜਿਹੜੇ ਮੁਲਕ ਵਿਚ ਗਏ, ਇਹ ਸਾਰਾ ਕੁਝ ਹੁਣ ਉਥੇ ਵਾਪਰ ਰਿਹਾ ਹੈ।

ਅਮਰੀਕਾ 'ਚ 12 ਪੰਜਾਬੀਆ ਨੂੰ ਗ੍ਰਿਫਤਾਰ ਕੀਤਾ ਗਿਆ ਕਿਉਂਕਿ ਉਨ੍ਹਾਂ ਨੇ ਰਲ ਕੇ ਇਕ ਅਜਿਹੀ ਕੰਪਨੀ ਖੋਲ੍ਹੀ ਜਿਹੜੀ ਲੋਕਾਂ ਦਾ ਤਰ੍ਹਾਂ-ਤਰ੍ਹਾਂ ਦਾ ਸਮਾਨ ਇਕ ਥਾਂ ਤੋਂ ਦੂਸਰੀ ਥਾਂ ਪਹੁੰਚਾਉਣ ਦੀ ਜ਼ਿੰਮੇਵਾਰੀ ਲੈਂਦੀ ਸੀ। ਉਹ ਲੋਕਾਂ ਕੋਲੋਂ ਸਮਾਨ ਲੈ ਤਾਂ ਲੈਂਦੇ ਪਰੰਤੂ ਪਹੁੰਚਾਉਂਦੇ ਨਹੀਂ ਸਨ। ਆਪਣੇ ਕੋਲ ਹੀ ਰੱਖ ਲੈਂਦੇ ਸਨ। ਇਹ ਧੰਦਾ ਆਖਰ ਕਿੰਨੀ ਦੇਰ ਚੱਲਦਾ? ਅਖੀਰ ਪੁਲਿਸ ਦੇ ਅੜਿੱਕੇ ਆ ਗਏ ਅਤੇ ਪੰਜਾਬੀ ਭਾਈਚਾਰੇ ਦੀ ਖੂਬ ਬਦਨਾਮੀ ਹੋਈ।

ਅੱਜ ਸਮੁੱਚਾ ਮਾਹੌਲ ਪਰਵਾਸੀ ਪੰਜਾਬੀਆਂ ਦੇ ਖਿਲਾਫ਼ ਬਣਿਆ ਹੋਇਆ ਹੈ ਪਰੰਤੂ ਕੋਈ ਬੁੱਧੀਜੀਵੀ, ਕੋਈ ਲੇਖਕ ਇਸ ਸੰਬੰਧ ਵਿਚ ਗੱਲ ਨਹੀਂ ਕਰ ਰਿਹਾ।

ਨੌਜਵਾਨਾਂ ਨੂੰ, ਮਾਪਿਆਂ ਨੂੰ ਇਨ੍ਹਾਂ ਪੱਖਾਂ ਤੋਂ ਹੁਣ ਹੋਰ ਵਧੇਰੇ ਚੌਕਸ ਰਹਿਣ ਦੀ ਲੋੜ ਹੈ। ਚੰਗੇ ਸੰਸਕਾਰ, ਚੰਗੀਆਂ ਨੈਤਿਕ ਕਦਰਾਂ-ਕੀਮਤਾਂ ਸਿਖਾਉਣ ਅਪਨਾਉਣ ਦੀ ਜ਼ਰੂਰਤ ਹੈ।

ਵਿਦੇਸ਼ਾਂ ਵਿਚ ਬਹੁਤ ਸਾਰੇ ਪੰਜਾਬੀ ਲਗਾਤਾਰ ਸਮਾਜ ਵਿਰੋਧੀ ਗਤੀਵਿਧੀਆਂ ਵਿਚ ਲੱਗੇ ਹੋਏ ਹਨ, ਜਿਸ ਨਾਲ ਪੰਜਾਬੀਆਂ ਦਾ, ਪਰਵਾਸੀਆਂ ਦਾ ਅਕਸ ਦਿਨੋਂ-ਦਿਨ ਹਰ ਵਿਗੜ ਰਿਹਾ ਹੈ। ਜੇ ਅਜਿਹਾ ਜਾਰੀ ਰਹਿੰਦਾ ਹੈ, ਤਾਂ ਭਵਿੱਖ ਵਿਚ ਪੰਜਾਬੀਆਂ ਨੂੰ ਕਈ ਤਰ੍ਹਾਂ ਦੀਆਂ ਮੁਸ਼ਕਿਲਾਂ ਦਾ ਸਾਹਮਣਾ ਕਰਨਾ ਪੈ ਸਕਦਾ ਹੈ। ਕਿਉਂਕਿ ਉਥੋਂ ਦੀਆਂ ਸਰਕਾਰਾਂ ਦਾ, ਸਥਾਨਕ ਲੋਕਾਂ ਦਾ, ਪੁਲਿਸ ਦਾ ਸਬਰ ਦਾ ਪਿਆਲਾ ਨੱਕੋ-ਨੱਕ ਭਰ ਚੁੱਕਾ ਹੈ।

ਪਰਵਾਸੀ ਨਾਲ ਜੁੜੀ ਅਮਰੀਕਾ ਦੀ ਸਖ਼ਤੀ ਸੰਬੰਧੀ ਆਪਾਂ ਰੋਜ਼ਾਨਾ ਪੜ੍ਹਦੇ, ਸੁਣਦੇ, ਵੇਖਦੇ ਹਾਂ। ਕੈਨੇਡਾ ਵੀ ਸਖ਼ਤ ਕਦਮ ਚੁੱਕਣ ਦੇ ਰੌਂਅ ਵਿਚ ਹੈ। ਬਹੁਤ ਸਾਰੇ ਮੁਲਕਾਂ ਨੇ ਪਹਿਲਾਂ ਹੀ ਸਖ਼ਤ ਰੁਖ਼ ਅਪਣਾਇਆ ਹੋਇਆ ਹੈ। ਇੰਗਲੈਂਡ ਵੀ ਪਰਵਾਸ ਦੇ ਸੰਬੰਧ ਵਿਚ ਡੈਨਮਾਰਕ ਮਾਡਲ ਅਪਨਾਉਣ ਬਾਰੇ ਵਿਚਾਰ ਕਰ ਰਿਹਾ ਹੈ। ਗ੍ਰਹਿ ਮੰਤਰੀ ਸਬਾਨਾ ਮਹਿਮੂਦ ਨੇ ਆਪਣੇ ਸੀਨੀਅਰ ਅਧਿਕਾਰੀਆਂ ਨੂੰ ਡੈਨਮਾਰਕ ਮਾਡਲ ਦਾ ਅਧਿਐਨ ਕਰਨ ਲਈ ਕੋਪਨਹੈਮਨ ਭੇਜਿਆ ਹੈ। ਡੈਨਮਾਰਕ ਪਰਵਾਸ ਦੇ ਮਾਮਲੇ ਵਿਚ ਯੂਰਪ ਦੇ ਦੇਸ਼ਾਂ ਵਿਚੋਂ ਸਭ ਤੋਂ ਸਖ਼ਤ ਹੈ। ਅਮਰੀਕਾ ਨੇ ਬਿਮਾਰ ਲੋਕਾਂ ਨੂੰ ਵੀਜ਼ਾ ਨਾ ਦੇਣ ਦੀ ਗੱਲ ਕਹੀ ਹੈ। ਪੰਜਾਬੀਆਂ ਨੂੰ ਵਿਦੇਸ਼ਾਂ ਵਿਚ ਸਮਝ-ਸਲੀਕੇ ਨਾਲ ਰਹਿਣ ਦਾ ਰਾਹ ਚੁਣਨਾ ਪੈਣਾ ਹੈ। ਵਰਨਾ ਭਵਿੱਖ ਵਿਚ ਵਿਦੇਸ਼-ਉਡਾਰੀ ਕੇਵਲ ਸੁਪਨਾ ਬਣ ਕੇ ਰਹਿ ਜਾਵੇਗੀ। ਕਿਉਂਕਿ ਉਥੋਂ ਦੀਆਂ ਸਰਕਾਰਾਂ ਇਹ ਕਹਿਣ ਲਈ ਮਜਬੂਰ ਹੋ ਗਈਆਂ ਹਨ ਕਿ ਜੇਕਰ ਇਹ ਕੁਝ ਕਰਨਾ ਹੈ, ਤਾਂ ਆਪਣੇ ਮੁਲਕਾਂ ਵਿਚ ਜਾ ਕੇ ਕਰੋ।

# ਡਿਜ਼ੀਟਲ ਲਤ ਤੋਂ ਆਜ਼ਾਦੀ

-ਵਿਜੈ ਗਰਗ
ਸੇਵਾਮੁਕਤ ਪ੍ਰਿੰਸੀਪਲ ਕਾਲਮਨਵੀਸ, ਉੱਘੇ
ਸਿੱਖਿਆ ਸ਼ਾਸਤਰੀ ਗਲੀ ਕੌਰ ਚੰਦ
ਐੱਮ.ਐੱਚ.ਆਰ. ਮਲੋਟ ਪੰਜਾਬ
ਪੰਜਾਬ ਮੇਲ USA





ਜਿੱਥੇ ਕੋਵਿਡ-19 ਸੰਕਟ ਨੇ ਵਿਦਿਆਰਥੀਆਂ ਨੂੰ ਔਨਲਾਈਨ ਸਿੱਖਿਆ ਦਾ ਇੱਕ ਪ੍ਰਭਾਵਸ਼ਾਲੀ ਵਿਕਲਪ ਪ੍ਰਦਾਨ ਕੀਤਾ, ਉੱਥੇ ਇਸਨੇ ਉਨ੍ਹਾਂ ਨੂੰ ਡਿਜ਼ੀਟਲ ਲਤ ਦਾ ਸਾਹਮਣਾ ਵੀ ਕਰਨਾ ਪਿਆ। ਮਾਪਿਆਂ ਦਾ ਮੰਨਣਾ ਸੀ ਕਿ ਉਨ੍ਹਾਂ ਦੇ ਬੱਚੇ ਔਨਲਾਈਨ ਪੜ੍ਹਾਈ ਵਿਚ ਰੁੱਝੇ ਹੋਏ ਸਨ, ਪਰ ਉਨ੍ਹਾਂ ਵਿਚੋਂ ਵੱਡੀ ਗਿਣਤੀ ਔਨਲਾਈਨ ਗੇਮਾਂ ਦੇ ਆਦੀ ਸਨ। ਸਿੱਖਣ ਦੇ ਤਰੀਕਿਆਂ ਅਤੇ ਜੀਵਨ ਸ਼ੈਲੀ ਵਿਚ ਹਾਲ ਹੀ ਵਿਚ ਹੋਏ ਬਦਲਾਅ ਨੇ ਬੱਚਿਆਂ ਨੂੰ ਡਿਜੀਟਲ ਤੌਰ 'ਤੇ ਆਦੀ ਬਣਾਉਂਦੇ ਜਾ ਰਹੇ ਹਨ। ਹਾਲਾਂਕਿ, ਉਹ ਅਕਸਰ ਇਸਨੂੰ ਆਮ ਸਮਝਦੇ ਸਨ। ਜੇਕਰ ਮਾਪਿਆਂ ਨੇ ਉਨ੍ਹਾਂ ਨੂੰ ਰੋਕਣ ਦੀ ਕੋਸ਼ਿਸ਼ ਕੀਤੀ, ਤਾਂ ਉਹ ਕਿਸੇ ਵੀ ਝਿੜਕ ਨੂੰ ਬਰਦਾਸ਼ਤ ਨਹੀਂ ਕਰ ਸਕੇ ਅਤੇ ਹਮਲਾਵਰ ਹੋ ਗਏ। ਕੁਝ ਮਾਮਲਿਆਂ ਵਿਚ, ਵਿਦਿਆਰਥੀਆਂ ਨੇ ਮਾਪਿਆਂ ਦੀ ਸਖ਼ਤੀ ਤੋਂ ਬਾਅਦ ਖੁਦਕੁਸ਼ੀ ਵੀ ਕਰ ਲਈ। ਕੇਰਲਾ ਵਿਚ, ਚਾਰ ਸਾਲਾਂ ਦੇ ਅੰਦਰ ਇਕੱਲੇ ਪਲੱਕੜ ਵਿਚ 41 ਬੱਚਿਆਂ ਦੁਆਰਾ ਖੁਦਕੁਸ਼ੀ ਕਰਨ ਦੀਆਂ ਦੁਖਦਾਈ ਖ਼ਬਰਾਂ ਸਾਹਮਣੇ ਆਈਆਂ, ਜਿਸ ਨੇ ਪ੍ਰਸ਼ਾਸਨ ਅਤੇ ਮਾਪਿਆਂ ਨੂੰ ਚਿੰਤਤ ਕਰ ਦਿੱਤਾ। ਕੇਰਲਾ ਸਰਕਾਰ ਨੇ ਬੱਚਿਆਂ ਨੂੰ ਡਿਜੀਟਲ ਲਤ ਤੋਂ ਮੁਕਤ ਕਰਨ ਲਈ ਇੱਕ ਨਵੀਂ ਪਹਿਲਕਦਮੀ ਸ਼ੁਰੂ ਕੀਤੀ। ਪਲੱਕੜ ਵਿਚ ਛੇ ਨਸ਼ਾ ਛੁਡਾਊ ਕੇਂਦਰ ਸਥਾਪਤ ਕੀਤੇ ਗਏ ਹਨ, ਜਿੱਥੇ ਬੱਚਿਆਂ ਦੀ ਸਲਾਹ ਦਿੱਤੀ ਜਾਂਦੀ ਹੈ। ਇੱਥੇ ਮਨੋਵਿਗਿਆਨੀ ਨਸ਼ਾ ਤੋਂ ਪ੍ਰਭਾਵਿਤ ਬੱਚਿਆਂ 'ਤੇ ਇੰਟਰਨੈੱਟ ਲਤ ਦੇ ਟੈਸਟ ਕਰਦੇ ਹਨ, ਜੋ ਉਨ੍ਹਾਂ ਦੀ ਨਸ਼ਾ ਦੇ ਪੱਧਰ ਨੂੰ ਨਿਰਧਾਰਤ ਕਰਦੇ ਹਨ। ਇਸ ਦੇ ਆਧਾਰ 'ਤੇ, ਸਲਾਹ ਦਿੱਤੀ ਜਾਂਦੀ ਹੈ। ਜਦੋਂਕਿ ਕੁਝ ਅਭਿਆਸ ਕੀਤੇ ਜਾਂਦੇ ਹਨ, ਹੋਰ ਰਚਨਾਤਮਕ ਗਤੀਵਿਧੀਆਂ ਵੀ ਉਨ੍ਹਾਂ ਨੂੰ ਨਸ਼ਾ ਦੂਰ ਕਰਨ ਵਿਚ ਮਦਦ ਕਰਨ ਲਈ ਵਰਤੀਆਂ ਜਾਂਦੀਆਂ ਹਨ। ਇਸ ਸਮੇਂ ਦੌਰਾਨ ਦਸ ਤੋਂ ਪੰਦਰਾਂ ਇੱਕ ਘੰਟੇ ਦੇ ਸੈਸ਼ਨ ਕੀਤੇ ਜਾਂਦੇ ਹਨ। ਸਿਰਫ਼ ਚਾਰ ਜਾਂ ਪੰਜ ਸੈਸ਼ਨਾਂ ਤੋਂ ਬਾਅਦ ਸਕਾਰਾਤਮਕ ਨਤੀਜੇ ਦੇਖਣਾ ਖੁਸ਼ੀ ਦੀ ਗੱਲ ਹੈ।

ਦਰਅਸਲ, ਡਿਜ਼ੀਟਲ ਤੌਰ 'ਤੇ ਆਦੀ ਬੱਚਿਆਂ ਨੂੰ ਇਹ ਯਕੀਨ ਦਿਵਾਉਣਾ ਮੁਸ਼ਕਲ ਹੁੰਦਾ ਹੈ ਕਿ ਉਹ ਹਨ। ਉਹ ਇਹ ਮੰਨਣ ਤੋਂ ਇਨਕਾਰ ਕਰਦੇ ਹਨ ਕਿ ਉਹ ਕੁਝ ਵੀ ਅਸਾਧਾਰਨ ਕਰ ਰਹੇ ਹਨ। ਉਨ੍ਹਾਂ ਲਈ, ਇਹ ਵਿਵਹਾਰ ਆਮ ਹੈ। ਪਰ ਇੱਕ ਨਸ਼ਾ ਛੁਡਾਊ ਕੇਂਦਰ ਵਿਚ ਕਾਊਂਸਲਿੰਗ ਅਤੇ ਕੁਝ ਸੈਸ਼ਨਾਂ ਤੋਂ ਬਾਅਦ, ਉਨ੍ਹਾਂ ਨੂੰ ਅਹਿਸਾਸ ਹੁੰਦਾ ਹੈ ਕਿ ਕੁਝ ਤਾਂ ਗਲਤ ਹੈ। ਦਰਅਸਲ, ਸੋਸ਼ਲ ਮੀਡੀਆ ਦਾ ਜਾਲ ਸਾਡੇ ਸਮਾਜ ਨੂੰ ਇੰਨੀ ਤੇਜ਼ੀ ਨਾਲ ਘੇਰ ਰਿਹਾ ਹੈ ਕਿ ਬੱਚਿਆਂ ਨੂੰ ਇਹ ਅਹਿਸਾਸ ਵੀ ਨਹੀਂ ਹੁੰਦਾ ਕਿ ਉਹ ਕੁਝ ਵੀ ਅਸਾਧਾਰਨ ਕਰ ਰਹੇ ਹਨ। ਇਸ ਕਾਰਨ ਕਿਸ਼ੋਰਾਂ ਨੂੰ ਰੋਕਣ 'ਤੇ ਹਮਲਾਵਰ ਵਿਵਹਾਰ ਕਰਨਾ ਪੈਂਦਾ ਹੈ। ਕੁਝ ਮਾਮਲਿਆਂ ਵਿਚ, ਉਹ ਉਦਾਸ ਵੀ ਹੋ ਜਾਂਦੇ ਹਨ ਜਾਂ ਆਤਮ ਹੱਤਿਆ ਦੇ ਵਿਚਾਰ ਵੀ ਪੈਦਾ ਕਰਦੇ ਹਨ। ਇਹ ਖੁਸ਼ੀ ਦੀ ਗੱਲ ਹੈ ਕਿ ਪਲੱਕੜ ਵਿਚ, ਪਿਛਲੇ ਦੋ ਸਾਲਾਂ ਵਿਚ 1250 ਬੱਚੇ ਡਿਜ਼ੀਟਲ ਨਸ਼ਾ ਛੁਡਾਊ ਤੋਂ ਮੁਕਤ ਹੋ ਗਏ ਹਨ। ਬੱਚੇ ਮਾਨਸਿਕ ਤੌਰ 'ਤੇ ਸਿਹਤਮੰਦ ਮਹਿਸੂਸ ਕਰ ਰਹੇ ਹਨ। ਦਰਅਸਲ, ਅੱਜ ਸਕੂਲਾਂ ਵਿਚ ਅਧਿਆਪਕਾਂ ਅਤੇ ਮਾਪਿਆਂ ਨੂੰ ਪੜ੍ਹਾਈ ਅਤੇ ਇੰਟਰਨੈੱਟ ਦੀ ਵਰਤੋਂ ਨੂੰ ਸੰਤੁਲਿਤ ਕਰਨ ਦੀ ਕੋਸ਼ਿਸ਼ ਕਰਨ ਦੀ ਲੋੜ ਹੈ। ਅਸਲ ਵਿਚ, ਇਹ ਸੰਕਟ ਕੇਰਲਾ ਦੇ ਸਿਰਫ਼ ਇੱਕ ਜ਼ਿਲ੍ਹੇ ਤੱਕ ਸੀਮਤ ਨਹੀਂ ਹੈ; ਇਹ ਪੂਰੇ ਦੇਸ਼ ਲਈ ਇੱਕ ਸੰਕਟ ਹੈ। ਕੇਂਦਰ ਸਰਕਾਰ ਨੂੰ ਇੱਕ ਨੀਤੀ ਬਣਾਉਣ ਅਤੇ ਜਲਦੀ ਤੋਂ ਜਲਦੀ ਨਸ਼ਾ ਛੁਡਾਊ ਕੇਂਦਰ ਖੋਲ੍ਹਣ ਦੀ ਲੋੜ ਹੈ। ਕੇਂਦਰ ਅਤੇ ਰਾਜ ਸਰਕਾਰਾਂ ਵਿਚਕਾਰ ਸਹਿਯੋਗ ਰਾਹੀਂ ਸਕਾਰਾਤਮਕ ਨਤੀਜੇ ਪ੍ਰਾਪਤ ਕੀਤੇ ਜਾ ਸਕਦੇ ਹਨ। ਇਸ ਯਤਨ ਵਿਚ ਸਵੈ-ਇੱਛਕ ਸੰਸਥਾਵਾਂ ਵੀ ਮਹੱਤਵਪੂਰਨ ਭੂਮਿਕਾ ਨਿਭਾ ਸਕਦੀਆਂ ਹਨ।

ਸਿੰਦਰ ਸਿੰਘ ਮੀਰਪੁਰੀ
ਫਰਿਜ਼ਨੋ
559-285-0841
ਪੰਜਾਬ ਮੇਲ USA



# ਪੰਜਾਬੀ ਗਾਇਕ ਰਾਜਵੀਰ ਜਵੰਦਾ ਨੂੰ ਯਾਦ ਕਰਦਿਆਂ ..

ਬਹੁਤ ਸਾਰੇ ਸਵਾਲ ਅਜੇ ਵੀ ਮਨ ਵਿਚ ਲੈ ਕੇ ਆਮ ਉਸ ਦੇ ਚਾਹੁਣ ਵਾਲੇ ਅਤੇ ਪਰਿਵਾਰ ਦੇ ਮੈਂਬਰ ਜ਼ਿੰਦਗੀ ਬਤੀਤ ਕਰ ਰਹੇ ਹਨ। ਭਾਵੇਂ ਬਹੁਤ ਸਾਰੇ ਕਲਾਕਾਰ ਇਸ ਦੁਨੀਆਂ 'ਤੇ ਆਉਂਦੇ ਹਨ ਅਤੇ ਸਾਰਿਆਂ ਨੇ ਇੱਕ ਦਿਨ ਚਲੇ ਜਾਣਾ ਹੈ ਪਰ ਰਾਜਵੀਰ ਜਵੰਦਾ ਵੱਖ ਸੀ। ਰਾਜਵੀਰ ਜਵੰਦਾ ਦਾ ਜਨਮ ਕਰਮ ਸਿੰਘ ਜਵੰਦਾ ਦੇ ਘਰ, ਮਾਤਾ ਪਰਮਜੀਤ ਕੌਰ ਦੀ ਕੁੱਖੋਂ 20 ਮਈ, 1987 ਨੂੰ ਲੁਧਿਆਣਾ ਜ਼ਿਲ੍ਹੇ ਵਿਚ ਜਗਰਾਉਂ ਦੇ ਨਜ਼ਦੀਕ ਪਿੰਡ ਪੋਨਾ ਵਿਖੇ ਹੋਇਆ ਸੀ। ਉਹ ਆਪਣੇ ਪਿੱਛੇ ਆਪਣੀ ਮਾਤਾ ਪਰਮਜੀਤ ਕੌਰ, ਪਤਨੀ ਅਸਵਿੰਦਰ ਕੌਰ, ਪੁੱਤਰੀ ਹੇਮੰਤ ਕੌਰ, ਪੁੱਤਰ ਦਿਲਾਵਰ ਸਿੰਘ ਤੇ ਭੈਣ ਕਮਲਜੀਤ ਕੌਰ ਤੋਂ ਇਲਾਵਾ ਬਜ਼ੁਰਗ ਦਾਦੀ ਨੂੰ ਛੱਡ ਗਿਆ ਹੈ।



ਪਿਛਲੇ ਦਿਨੀਂ ਪੰਜਾਬੀ ਸੰਗੀਤ ਖੇਤਰ ਦੇ ਅੰਦਰ ਬਹੁਤ ਸਾਰੇ ਕਲਾਕਾਰ ਇੱਕ-ਇੱਕ ਕਰਕੇ ਇਸ ਸੰਸਾਰ ਤੋਂ ਤੁਰ ਗਏ। ਜਸਵਿੰਦਰ ਭੱਲਾ, ਗੁਰਮੀਤ ਮੀਤ, ਇਥੇ ਰਾਜਵੀਰ ਜਵੰਦਾ। ਜਿਨ੍ਹਾਂ ਦੇ ਵਿਚ ਇੱਕ ਨਾਮ ਸੀ ਰਾਜਵੀਰ ਜਵੰਦਾ ਦਾ। ਜਿਸ ਨੇ ਪੰਜਾਬੀ ਸੰਗੀਤ ਜਗਤ ਦੇ ਵੇਹੜੇ ਅੰਦਰ ਆਪਣੀਆਂ ਵੱਖਰੀਆਂ ਪੈੜਾਂ ਪਾਈਆਂ ਸਨ। ਬਿਨਾਂ ਸ਼ੱਕ ਉਸ ਦੇ ਗਾਏ ਗੀਤ ਅਤੇ ਪਹਿਰਾਵਾ ਅਤੇ ਗੀਤ-ਸੰਗੀਤ ਪੰਜਾਬੀ ਸੱਭਿਆਚਾਰ ਦਾ ਪ੍ਰਤੀਕ ਸਨ। ਅਜਿਹਾ ਹਾਦਸਾ ਹੋਇਆ ਕਿ ਲੱਖਾਂ ਪੰਜਾਬੀਆਂ ਦੀਆਂ ਦੁਆਵਾਂ ਵੀ ਰਾਜਵੀਰ ਸਿੰਘ ਜਵੰਦਾ ਨੂੰ ਬਚਾ ਨਹੀਂ ਸਕੀਆਂ। 27 ਸਤੰਬਰ 2025 ਨੂੰ ਹਿਮਾਚਲ ਪ੍ਰਦੇਸ਼ 'ਚ ਬੱਦੀ ਨੇੜੇ ਆਪਣੇ ਦੋਸਤਾਂ ਨਾਲ ਟੂਰ 'ਤੇ ਜਾਂਦੇ ਹੋਏ ਇੱਕ ਅਵਾਰਾ ਪਸ਼ੂ ਨਾਲ ਟਕਰਾਉਣ ਤੋਂ ਬਾਅਦ ਉਸ ਨਾਲ ਭਿਆਨਕ ਸੜਕੀ ਹਾਦਸਾ ਹੋਇਆ ਸੀ। ਕਬੱਡੀ ਖਿਡਾਰੀਆਂ ਤੋਂ ਲੈ ਕੇ ਫਿਲਮੀ ਕਲਾਕਾਰ ਅਤੇ ਪੰਜਾਬੀ ਅਦਾਕਾਰ ਇਸ ਸੰਸਾਰ ਨੂੰ ਛੱਡ ਕੇ ਸਦਾ ਲਈ ਤੁਰ ਗਏ। ਪਹਿਲਾਂ ਸਿੱਧੂ ਮੂਸੇਵਾਲਾ ਸਣੇ ਕਈ ਕਲਾਕਾਰ ਵੀਰ ਸਾਡੇ ਕੋਲੋਂ ਵਿਛੜ ਗਏ ਸਨ।

ਪੰਜਾਬੀ ਮਾਂ ਬੋਲੀ ਦਾ ਅਲਬੇਲਾ ਗਾਇਕ ਰਾਜਵੀਰ ਜਵੰਦਾ ਕਈ ਦਿਨਾਂ ਬਾਅਦ ਅਖੀਰ ਜ਼ਿੰਦਗੀ ਦੀ ਜੰਗ ਹਾਰ ਗਿਆ। ਸਮੁੱਚਾ ਸੰਗੀਤਕ ਜਗਤ ਰਾਜਵੀਰ ਜਵੰਦਾ ਦੇ ਚਲੇ ਜਾਣ ਦੀ ਖ਼ਬਰ ਸੁਣਕੇ ਸੋਗ ਵਿਚ ਡੁੱਬ ਗਿਆ। ਸੰਸਾਰ ਦੇ ਹਰ ਖਿੱਤੇ ਵਿਚ ਲੋਕ ਉਸਦੀ ਸਿਹਤਯਾਬੀ ਲਈ ਦੁਆਵਾਂ ਕਰ ਰਹੇ ਸਨ। ਭਾਵੇਂ ਉਹ ਸਾਡੇ ਕੋਲੋਂ ਸਦਾ ਲਈ ਵਿਛੜ ਗਿਆ ਹੈ, ਪ੍ਰੰਤੂ ਦਿਲ ਨੂੰ ਯਕੀਨ ਨਹੀਂ ਆ ਰਿਹਾ। ਰਾਜਵੀਰ ਸਿੰਘ ਜਵੰਦਾ ਦੇ ਗੀਤ ਸਾਫ-ਸੁਥਰੇ ਘਰ ਪਰਿਵਾਰ ਵਿਚ ਬੈਠਕੇ ਸੁਣੇ ਜਾ ਸਕਦੇ ਹਨ। ਬਹੁਤ ਗੀਤ ਉਹ ਆਪ ਹੀ ਲਿਖਦਾ ਤੇ ਆਪ ਹੀ ਗਾਉਂਦਾ ਸੀ। ਰਾਜਵੀਰ ਸਿੰਘ ਨੇ ਸੰਸਾਰ ਵਿਚ ਪੰਜਾਬੀ ਗਾਇਕੀ ਨਾਲ ਆਪਣਾ ਨਾਮ ਬਣਾਇਆ। ਉਹ ਇੱਕ ਅਜਿਹਾ ਗਾਇਕ ਸੀ, ਜਿਸ ਨੂੰ ਪੂਰੀ ਦੁਨੀਆਂ ਦੇ ਅੰਦਰ ਪੰਜਾਬੀ ਮਾਂ ਬੋਲੀ ਦੇ ਅਸਲ ਪੁੱਤ ਵਜੋਂ ਜਾਣਿਆ ਜਾਂਦਾ ਹੈ। ਇੱਕ ਗੱਲ ਸਾਡੇ ਸਾਰਿਆਂ ਦੇ ਮਨ ਵਿਚ ਬਾਰ-ਬਾਰ ਆ ਰਹੀ ਹੈ ਤੇ ਹੁਣ ਰਾਜਵੀਰ ਦੀ ਪਤਨੀ ਨੇ ਵੀ ਸ਼ਾਇਦ ਇਹ ਗੱਲ ਆਖੀ ਹੈ ਕਿ ਉਹ ਘਰੋਂ ਇੱਕ ਦਰਜਨ ਦੇ ਕਰੀਬ ਸਾਥੀਆਂ ਨਾਲ ਟੂਰ ਲਈ ਨਿਕਲੇ ਸਨ। ਪਰ ਬਾਅਦ ਵਿਚ ਕੀ ਬਣਿਆ ਕੁਝ ਵੀ ਨਹੀਂ ਪਤਾ।

ਬਹੁਤ ਸਾਰੇ ਸਵਾਲ ਅਜੇ ਵੀ ਮਨ ਵਿਚ ਲੈ ਕੇ ਆਮ ਉਸ ਦੇ ਚਾਹੁਣ ਵਾਲੇ ਅਤੇ ਪਰਿਵਾਰ ਦੇ ਮੈਂਬਰ ਜ਼ਿੰਦਗੀ ਬਤੀਤ ਕਰ ਰਹੇ ਹਨ। ਭਾਵੇਂ ਬਹੁਤ ਸਾਰੇ ਕਲਾਕਾਰ ਇਸ ਦੁਨੀਆਂ 'ਤੇ ਆਉਂਦੇ ਹਨ ਅਤੇ ਸਾਰਿਆਂ ਨੇ ਇੱਕ ਦਿਨ ਚਲੇ ਜਾਣਾ ਹੈ ਪਰ ਰਾਜਵੀਰ ਜਵੰਦਾ ਵੱਖ ਸੀ। ਰਾਜਵੀਰ ਜਵੰਦਾ ਦਾ ਜਨਮ ਕਰਮ ਸਿੰਘ ਜਵੰਦਾ ਦੇ ਘਰ, ਮਾਤਾ ਪਰਮਜੀਤ ਕੌਰ ਦੀ ਕੁੱਖੋਂ 20 ਮਈ, 1987 ਨੂੰ ਲੁਧਿਆਣਾ ਜ਼ਿਲ੍ਹੇ ਵਿਚ ਜਗਰਾਉਂ ਦੇ ਨਜ਼ਦੀਕ ਪਿੰਡ ਪੋਨਾ ਵਿਖੇ ਹੋਇਆ ਸੀ। ਉਹ ਆਪਣੇ ਪਿੱਛੇ ਆਪਣੀ ਮਾਤਾ ਪਰਮਜੀਤ ਕੌਰ, ਪਤਨੀ ਅਸਵਿੰਦਰ ਕੌਰ, ਪੁੱਤਰੀ ਹੇਮੰਤ ਕੌਰ, ਪੁੱਤਰ ਦਿਲਾਵਰ ਸਿੰਘ ਤੇ ਭੈਣ ਕਮਲਜੀਤ ਕੌਰ ਤੋਂ ਇਲਾਵਾ ਬਜ਼ੁਰਗ ਦਾਦੀ ਨੂੰ ਛੱਡ ਗਿਆ ਹੈ। ਉਸ ਦਾ ਪਿਤਾ 2021 ਵਿਚ ਸਾਥ ਛੱਡ ਗਿਆ ਸੀ। ਸਕੂਲੀ ਪੜ੍ਹਾਈ ਉਸ ਨੇ ਸਨਮਤੀ ਵਿਮਲ ਜੈਨ ਸਕੂਲ ਜਗਰਾਉਂ ਤੋਂ ਕੀਤੀ। ਉਸ ਤੋਂ ਬਾਅਦ ਬੀ.ਏ. ਲਾਲਾ ਲਾਜਪਤ ਰਾਇ ਕਾਲਜ ਜਗਰਾਉਂ ਤੋਂ ਪਾਸ ਕੀਤੀ। ਮਹਿਜ ਚੌਂਦਾ ਕੁ ਸਾਲ ਦੀ ਉਮਰ ਵਿਚ ਹੀ ਰਾਜਵੀਰ ਨੇ ਗਾਉਣਾ ਸ਼ੁਰੂ ਕਰ ਦਿੱਤਾ ਸੀ। ਬਹੁਤ ਸਾਰੀਆਂ ਗੱਲਾਂ ਅਜਿਹੀਆਂ ਹਨ, ਜੋ ਬਹੁਤ ਸਾਰੇ ਲੋਕਾਂ ਦੇ ਮਨ ਵਿਚ ਹਨ ਪਰ ਸਾਹਮਣੇ ਕਿਉਂ ਨਹੀਂ ਆ ਰਹੀਆਂ।

ਸਕੂਲ ਦੀਆਂ ਸੱਭਿਆਚਾਰਕ ਸਰਗਰਮੀਆਂ ਵਿਚ ਮੋਹਰੀ ਦੀ ਭੂਮਿਕਾ ਨਿਭਾਉਂਦਾ ਰਿਹਾ। ਉਹ ਆਪਣੇ ਦਾਦਾ ਨਾਲ ਕਵੀਸ਼ਰੀ ਸੁਣਨ ਜਾਂਦਾ ਰਿਹਾ ਹੋਣ ਕਰਕੇ ਉਸ ਨੂੰ ਕਵੀਸ਼ਰੀ ਦੇ ਨਾਲ-ਨਾਲ ਗਾਇਕੀ ਦੀ ਚੇਟਕ ਲੱਗ ਗਈ ਤੇ ਉਸਨੇ ਪੰਜਾਬੀ ਸੰਗੀਤ ਜਗਤ ਦੇ ਵੇਹੜੇ ਅੰਦਰ ਸੱਗੀ ਫੁੱਲ ਬਣ ਕੇ ਆਪਣੀਆਂ ਸੇਵਾਵਾਂ ਦਿੱਤੀਆਂ। ਕਰੀਬ 10 ਸਾਲ ਉਹ ਸੰਗੀਤਕ ਜਗਤ ਵਿਚ ਗਾਇਕੀ ਦਾ ਕਾਇਲ ਹੋਣ ਕਰਕੇ ਤੂੰਬੀ ਵਜਾਉਣੀ ਅਤੇ ਪੱਗ ਬੰਨਣੀ ਆਪਣੇ ਪਿਤਾ ਤੋਂ ਸਿੱਖੀ। ਕਾਲਜ ਸਮੇਂ ਇੰਟਰ ਕਾਲਜ ਯੂਥ ਫੈਸਟੀਵਲਾਂ ਦਾ ਸ਼ਿੰਗਾਰ ਹੁੰਦਾ ਸੀ। ਸੁਭਾਅ ਦਾ ਬਹੁਤ ਨਰਮ ਅਤੇ ਮੁਹੱਬਤੀ ਵਿਦਿਆਰਥੀ ਸੀ ਪੰਜਾਬੀ ਰਾਜਵੀਰ ਜਵੰਦਾ। ਬਹੁਤ ਘੱਟ ਕਲਾਕਾਰ ਹੁੰਦੇ ਨੇ, ਜੋ ਪੰਜਾਬੀ ਸੰਗੀਤ ਜਗਤ ਦੇ ਅੰਦਰ ਆਪਣੀ ਵੱਖਰੀ ਪਛਾਣ ਬਣਾਉਂਦੇ ਹਨ। ਰਾਜਵੀਰ ਜਵੰਦਾ ਤਾਂ ਭਾਵੇਂ ਤੁਰ ਗਿਆ ਪਰ ਆਪਣੇ ਪਿੱਛੇ ਸਵਾਲ ਬਹੁਤ ਛੱਡ ਗਿਆ। ਉਸ ਦੇ ਸਾਥੀਆਂ ਦੇ ਵਿਚੋਂ ਕਿਸੇ ਨੇ ਵੀ ਆ ਕੇ ਕੈਮਰੇ ਸਾਹਮਣੇ ਕੋਈ ਗੱਲ ਕਿਉਂ ਨਹੀਂ ਆਖੀ, ਇਹ ਸਵਾਲ ਵੱਡੇ ਹਨ। ਜਿਸ ਗੱਲ ਦਾ ਜਵਾਬ ਵੀ ਸ਼ਾਇਦ ਕਿਸੇ ਨੇ ਨਹੀਂ ਦਿੱਤਾ।



ਚਲੋ ਜੋ ਵੀ ਹੋਇਆ, ਬਹੁਤ ਮਾੜਾ ਹੋਇਆ। ਅਜਿਹੇ ਕਲਾਕਾਰ ਜੋ ਸਮਾਜ ਦਾ ਸ਼ੀਸਾ ਹੋਣ, ਉਨ੍ਹਾਂ ਦਾ ਜਾਣਾ ਬੇਹੱਦ ਦੁੱਖਦਾਈ ਹੁੰਦਾ ਹੈ। ਇੱਥੇ ਇੱਕ ਗੱਲ ਹੋਰ ਸਾਂਝੀ ਕਰ ਦਿਆਂ ਕਿ ਕਾਲਜੀ ਪ੍ਰੋਗਰਾਮ ਵਿਚ ਰਾਜਵੀਰ ਸਿੰਘ ਜਵੰਦਾ ਨੇ ਵੱਖੋ-ਵੱਖਰੇ ਈਵੈਂਟਸ ਵਿਚੋਂ ਕਈ ਟਰਾਫੀਆਂ ਜਿੱਤੀਆਂ ਸਨ। ਪੋਸਟ ਗ੍ਰੈਜੂਏਸ਼ਨ ਲਈ 2007 'ਚ ਰਾਜਵੀਰ ਜਵੰਦਾ ਨੇ ਪੰਜਾਬੀ ਯੂਨੀਵਰਸਿਟੀ ਪਟਿਆਲਾ ਵਿਚ ਦਾਖਲਾ ਲਿਆ ਸੀ। ਇਥੇ ਉਸਨੇ ਥੀਏਟਰ 'ਤੇ ਟੀ.ਵੀ. ਦੀ ਪੋਸਟ ਗ੍ਰੈਜੂਏਸ਼ਨ ਕੀਤੀ। ਉਸ ਤੋਂ ਬਾਅਦ ਫਿਰ 2011 ਵਿਚ ਉਹ ਪੰਜਾਬ ਪੁਲਿਸ ਵਿਚ ਭਰਤੀ ਹੋ ਗਿਆ। ਲਗਪਗ 9 ਸਾਲ ਉਸਨੇ ਪੁਲਿਸ ਵਿਚ ਨੌਕਰੀ ਕੀਤੀ। ਇਨ੍ਹਾਂ ਸਕਰਾਜ ਵੀਰ ਜੀਵੰਦਾ ਵਰਗੇ ਕਲਾਕਾਰ ਬਹੁਤ ਘੱਟ ਪੈਦਾ ਹੁੰਦੇ ਹਨ, ਜਿਸ ਨੇ ਥੋੜ੍ਹੇ ਸਮੇਂ ਵਿਚ ਹੀ ਆਪਣਾ ਨਾਮ ਵੱਡੇ ਪੱਧਰ 'ਤੇ ਕਮਾਇਆ ਸੀ ਪਰ ਕੁਦਰਤ ਨੂੰ ਕੁਝ ਹੋਰ ਹੀ ਮਨਜ਼ੂਰ ਸੀ ਕਿ ਕਲਾਕਾਰ ਸਾਨੂੰ ਸਾਰਿਆਂ ਨੂੰ ਛੱਡ ਕੇ ਸਦਾ ਲਈ ਅਲੋਪ ਹੋ ਗਿਆ। ਉਸ ਦੇ ਗਾਏ ਗੀਤ-ਸੰਗੀਤ ਫਿਜ਼ਾ ਅੰਦਰ ਗੂੰਜਦੇ ਰਹਿਣਗੇ।

# ਸਾਈਬਰਕਾਂਡਰੀਆ

ਸੁਰਿੰਦਰਪਾਲ ਸਿੰਘ
ਵਿਗਿਆਨ ਅਧਿਆਪਕ
ਸ੍ਰੀ ਅੰਮ੍ਰਿਤਸਰ ਸਾਹਿਬ, ਪੰਜਾਬ।
ਪੰਜਾਬ ਮੇਲ USA





ਸਾਈਬਰਕਾਂਡਰੀਆ ਉਸ ਸਥਿਤੀ ਨੂੰ ਕਿਹਾ ਜਾਂਦਾ ਹੈ, ਜਿਸ ਵਿਚ ਸਿਹਤ ਦੀ ਚਿੰਤਾ ਵੱਧ ਜਾਂਦੀ ਹੈ, ਜੋ ਕਿ ਆਨਲਾਈਨ ਮੈਡੀਕਲ ਖੋਜਾਂ ਦੇ ਕਾਰਨ ਆਪਣੇ ਆਪ ਪੈਂਦਾ ਹੈ। ਇਹ ਸਿਰਫ ਜਾਣਕਾਰੀ ਲੱਭਣ ਬਾਰੇ ਨਹੀਂ ਹੈ, ਬਲਕਿ ਇਹ ਅਨਿਯਮਿਤ ਅਤੇ ਦੁਹਰਾਈ ਜਾਂਦੀ ਵਰਤੋਂ ਦਾ ਨਤੀਜ਼ਾ ਹੈ, ਜੋ ਹੋਰ ਤਣਾਅ ਨੂੰ ਜਨਮ ਦਿੰਦੀ ਹੈ।

ਆਧੁਨਿਕ ਵਿਗਿਆਨ ਅਤੇ ਤਕਨੀਕ ਦੇ ਯੁੱਗ ਵਿਚ, ਡਿਜ਼ੀਟਲ ਵਿਕਾਸ ਨੇ ਲੋਕਾਂ ਦੇ ਧਿਆਨ ਨੂੰ ਰਵਾਇਤੀ ਸਿਹਤ ਸੰਭਾਲ ਦੀਆਂ ਸਲਾਹਾਂ ਤੋਂ ਆਨਲਾਈਨ ਖੋਜਾਂ ਅਤੇ ਏ.ਆਈ.-ਚਲਿਤ ਇੰਟਰੈਕਸ਼ਨਾਂ ਵੱਲ ਮੋੜ ਦਿੱਤਾ ਹੈ। ਇਸ ਨਾਲ ਇੱਕ ਚਿੰਤਾਜਨਕ ਕਿਰਿਆ ਉੱਭਰ ਕੇ ਸਾਹਮਣੇ ਆ ਰਹੀ ਹੈ, ਜਿਸਨੂੰ ਸਾਈਬਰਕਾਂਡਰੀਆ ਕਿਹਾ ਜਾਂਦਾ ਹੈ, ਜੋ ਕਿ ਸਿਹਤ ਦੀ ਗੰਭੀਰ ਚਿੰਤਾ ਦਾ ਇੱਕ ਰੂਪ ਹੈ, ਜੋ ਆਸਾਨੀ ਨਾਲ ਅਤਿ ਆਨਲਾਈਨ ਮੈਡੀਕਲ ਜਾਣਕਾਰੀ ਖੋਜਣ ਨਾਲ ਵੱਧ ਸਕਦੀ ਹੈ। ਉੱਚਤਮ ਏ.ਆਈ. ਚੈਟਬੋਟਸ ਜਿਵੇਂ ਕਿ ਚੈਟਜੀਪੀਟੀ 'ਤੇ ਡਾਕਟਰਾਂ ਵਾਂਗ ਨਿਰਭਰਤਾ ਦੀ ਵੱਧ ਰਹੀ ਪ੍ਰਵਿਰਤੀ ਨੇ ਮਹੱਤਵਪੂਰਨ ਚਿੰਤਾਵਾਂ ਨੂੰ ਜਨਮ ਦਿੱਤਾ ਹੈ।

ਇੰਟਰਨੈੱਟ ਦੀ ਪਹੁੰਚ ਅਤੇ ਕ੍ਰਿਤ੍ਰਿਮ ਬੁੱਧੀ ਦੇ ਬੇਮਿਸਾਲ ਵਾਧੇ ਨਾਲ ਇੱਕ ਵੱਡੀ ਸੰਖਿਆ ਵਿਚ ਲੋਕ ਸਿਹਤ-ਸੰਬੰਧੀ ਪੁੱਛਗਿੱਛ ਲਈ ਆਨਲਾਈਨ ਸਰੋਤਾਂ ਵੱਲ ਵੱਧ ਰਹੇ ਹਨ। ਦੁਨੀਆਂ ਭਰ ਵਿਚ ਕੀਤੇ ਗਏ ਅਧਿਐਨਾਂ ਦੇ ਅਨੁਸਾਰ ਹਰ ਇੰਟਰਨੈਟ ਉਪਭੋਗਤਾ ਡਿਜ਼ੀਟਲ ਮੈਡੀਕਲ ਸਹਾਇਤਾ ਦੀ ਖੋਜ ਕਰਨ ਦੀ ਕੋਸ਼ਿਸ਼ ਕਰਦਾ ਹੈ। ਸਾਈਬਰਕਾਂਡਰੀਆ ਇੱਕ ਨਵੀਂ ਉਭਰਦੀ ਹੋਈ ਮਨੋਵਿਗਿਆਨਿਕ ਸਿਹਤ ਦੀ ਬਿਮਾਰੀ ਹੈ, ਜਿਸ ਨੂੰ ਸਿਹਤ-ਸੰਬੰਧੀ ਜਾਣਕਾਰੀ ਲਈ ਅਤਿ ਜਾਂ ਦੁਹਰਾਈ ਗਈ ਆਨਲਾਈਨ ਖੋਜ ਦੇ ਰੂਪ ਵਿਚ ਵੇਖਿਆ ਜਾ ਸਕਦਾ ਹੈ, ਜੋ ਕਿ ਵਾਧੂ ਚਿੰਤਾ ਜਾਂ ਤਣਾਅ ਨੂੰ ਪੈਦਾ ਕਰਦੀ ਹੈ। ਯਥਾਰਥ ਸਿਹਤ ਖੋਜ ਦੇ ਮੁਕਾਬਲੇ ਸਾਈਬਰਕਾਂਡਰੀਆ ਮਨੁੱਖੀ ਭਾਵਨਾਂ ਨੂੰ ਤੇਜ਼ ਕਰਦੀ ਹੈ।

ਇਸ ਪ੍ਰਵਿਰਤੀ ਦਾ ਇੱਕ ਚਿੰਤਾਜਨਕ ਵਿਸਥਾਰ ਏ.ਆਈ. ਚੈਟਬੋਟਸ, ਜਿਵੇਂ ਕਿ ਚੈਟਜੀਪੀਟੀ 'ਤੇ ਡਾਕਟਰਾਂ ਵਾਂਗ ਨਿਰਭਰ ਕਰਨ ਦੀ ਵੱਧ ਰਹੀ ਪ੍ਰਵਿਰਤੀ ਹੈ। ਜਦੋਂ ਕਿ ਇਹ ਡਿਜ਼ੀਟਲ ਟੂਲ ਤੇਜ਼ ਜਵਾਬ ਅਤੇ ਉਪਯੋਗਕਾਰ-ਮਿੱਤਰ ਇੰਟਰਫੇਸ ਪ੍ਰਦਾਨ ਕਰ ਸਕਦੇ ਹਨ, ਪਰ ਇਹ ਮਨੁੱਖੀ ਜੀਵ ਵਿਗਿਆਨ, ਮਨੁੱਖੀ ਮਨੋਵਿਗਿਆਨ, ਪੈਥੋਲੋਜੀ ਅਤੇ ਕਲੀਨੀਕਲ ਫੈਸਲੇ ਕਰਨ ਦੀ ਸਮਝ ਦੀ ਘਾਟ ਰੱਖਦੇ ਹਨ।

**ਸਾਈਬਰਕਾਂਡਰੀਆ ਨੂੰ ਸਮਝਣਾ :** ਸਾਈਬਰਕਾਂਡਰੀਆ ਉਸ ਸਥਿਤੀ ਨੂੰ ਕਿਹਾ ਜਾਂਦਾ ਹੈ, ਜਿਸ ਵਿਚ ਸਿਹਤ ਦੀ ਚਿੰਤਾ ਵੱਧ ਜਾਂਦੀ ਹੈ, ਜੋ ਕਿ ਆਨਲਾਈਨ ਮੈਡੀਕਲ ਖੋਜਾਂ ਦੇ ਕਾਰਨ ਆਪਣੇ ਆਪ ਪੈਂਦਾ ਹੈ। ਇਹ ਸਿਰਫ ਜਾਣਕਾਰੀ ਲੱਭਣ ਬਾਰੇ ਨਹੀਂ ਹੈ, ਬਲਕਿ ਇਹ ਅਨਿਯਮਿਤ ਅਤੇ ਦੁਹਰਾਈ ਜਾਂਦੀ ਵਰਤੋਂ ਦਾ ਨਤੀਜ਼ਾ ਹੈ, ਜੋ ਹੋਰ ਤਣਾਅ ਨੂੰ ਜਨਮ ਦਿੰਦੀ ਹੈ।

## ਕਾਰਣ:

1. **ਜਾਣਕਾਰੀ ਦਾ ਵਿਸਥਾਰ:** ਸਸਤੀ ਅਤੇ ਮੁਫਤ ਅਣਨਿਯੰਤ੍ਰਿਤ ਆਨਲਾਈਨ ਮੈਡੀਕਲ ਸਮੱਗਰੀ ਦੀ ਵੱਡੀ ਮਾਤਰਾ ਉਪਭੋਗਤਿਆਂ ਨੂੰ ਆਕਰਸ਼ਿਤ ਕਰਦੀ ਹੈ ਅਤੇ ਇਸ ਨਾਲ ਸਪੱਸ਼ਟੀਕਰਨ ਦੀ ਬਜਾਏ ਭਰਮ ਵੱਧ ਸਕਦਾ ਹੈ।
2. **ਅਲਗੋਰਿਦਮਿਕ ਐਂਪਲੀਫਿਕੇਸ਼ਨ:** ਡਿਜ਼ੀਟਲ ਖੋਜ ਇੰਜਣ ਅਕਸਰ ਕੀਵਰਡ ਮੇਲ ਦੇ ਆਧਾਰ 'ਤੇ ਸਭ ਤੋਂ ਖ਼ਰਾਬ ਨਤੀਜੇ ਸੁਝਾਉਂਦੇ ਹਨ, ਜੋ ਕਿ ਚਿੰਤਾ ਵੱਧਾਉਣ ਦਾ ਮੁੱਖ ਕਾਰਨ ਬਣਦਾ ਹੈ।
3. **ਪੁਸ਼ਟੀ ਪੂਰਕ ਪੱਖਪਾਤ:** ਵਿਅਕਤੀ ਉਹ ਜਾਣਕਾਰੀ ਤੇ ਧਿਆਨ ਕੇਂਦ੍ਰਿਤ ਕਰਦੇ ਹਨ, ਜੋ ਉਨ੍ਹਾਂ ਦੇ ਡਰਾਂ ਨੂੰ ਸਮਰਥਨ ਦਿੰਦੀ ਹੈ, ਅਤੇ ਯਕੀਨ ਦਿਲਾਉਣ ਜਾਂ ਸਹੀ ਜਾਣਕਾਰੀ ਨੂੰ ਅਣਡਿੱਠ ਕਰਦੇ ਹਨ।
4. **ਮੈਡੀਕਲ ਲਿਟਰੇਸੀ ਦੀ ਘਾਟ:** ਕਈ ਇੰਟਰਨੇਟ ਉਪਭੋਗਤਿਆਂ ਕੋਲ ਨਾਰਮਲ ਅਤੇ ਐਬਨਾਰਮਲ ਲੱਛਣਾਂ ਵਿਚ ਫਰਕ ਕਰਨ ਲਈ ਕਲੀਨੀਕਲ ਪਿਛੋਕੜ ਨਹੀਂ ਹੁੰਦਾ।

## ਅਸਰ:

1. ਸਾਈਬਰਕਾਂਡਰੀਆ ਦੇ ਨਤੀਜੇ ਵਜੋਂ ਸਿਹਤ ਦੀ ਚਿੰਤਾ ਅਤੇ ਪੈਨਿਕ ਐਟੈਕ ਵੱਧਾ ਸਕਦੇ ਹਨ।
2. ਦੁਹਰਾਏ ਗਏ ਲੱਛਣਾਂ ਦੀ ਜਾਂਚ ਕਰਨ ਵਾਲਾ ਓਬਸੈਸਿਵ ਕੰਪਲਸਿਵ ਮਨੋਵਿਗਿਆਨ ਨਵੇਂ ਨਕਾਰਾਤਮਕ ਮਨੋਵਿਗਿਆਨਿਕ ਗੁਣਾਂ ਦੇ ਉਭਾਰ ਦਾ ਕਾਰਨ ਬਣ ਸਕਦਾ ਹੈ, ਜੋ ਚੈਟਬੋਟਸ 'ਤੇ ਅਤਿ ਨਿਰਭਰਤਾ ਨੂੰ ਦਰਸਾਉਂਦਾ ਹੈ।
3. ਗੰਭੀਰ ਨਿਰਣਾ ਕਰਨ ਦੇ ਡਾਇਗਨੋਸਿਸ ਦੇ ਡਰ ਕਾਰਨ ਪੇਸ਼ੇਵਰ ਮੈਡੀਕਲ ਦੇਖਭਾਲ ਤੋਂ ਬੱਚਣਾ ਬਾਅਦ ਵਿਚ ਵਿਅਕਤੀਆਂ ਲਈ ਮੌਤ ਦਾ ਕਾਰਨ ਬਣ ਸਕਦਾ ਹੈ।
4. ਸਾਈਬਰਕਾਂਡਰੀਆ ਆਰਥਿਕ ਸੰਕਟ ਦਾ ਕਾਰਨ ਬਣ ਸਕਦਾ ਹੈ ਕਿਉਂਕਿ ਕੋਈ ਵੀ ਬਿਨਾਂ ਜ਼ਰੂਰੀ ਮੈਡੀਕਲ ਟੈਸਟਾਂ 'ਤੇ ਵੱਡੀ ਰਾਸ਼ੀ ਖਰਚ ਕਰ ਸਕਦਾ ਹੈ, ਜਦੋਂ ਉਹ ਚੈਟਬੋਟਸ ਤੋਂ ਡਿਜ਼ੀਟਲ ਇਲਾਜ ਲੱਭ ਰਹੇ ਹਨ।

## ਸਾਈਬਰਕਾਂਡਰੀਆ 'ਚ ਏਆਈ ਚੈਟਬ ਟਸ ਦੀ ਭੂਮਿਕਾ

ਚੈਟਜੀਪੀਟੀ ਅਤੇ ਇਸੇ ਤਰ੍ਹਾਂ ਦੇ ਹੋਰ ਏ.ਆਈ. ਟੂਲ ਕੁਦਰਤੀ ਭਾਸ਼ਾ ਪ੍ਰਕਿਰਿਆ ਵਿਚ ਮਹੱਤਵਪੂਰਕ ਉੱਨਤੀ ਦਰਸਾਉਂਦੇ ਹਨ, ਜੋ ਵੱਖ-ਵੱਖ ਪੁੱਛਗਿੱਛਾਂ ਦੇ ਜਵਾਬ ਦੇਣ ਵਾਲੇ ਗੱਲਬਾਤੀ ਇੰਟਰਫੇਸ ਪੇਸ਼ ਕਰਦੇ ਹਨ। ਪਰੰਤੂ, ਇਹ ਮੈਡੀਕਲ ਨਿਧਾਨ ਜਾਂ ਇਲਾਜ਼ ਦੀ ਯੋਜਨਾ ਲਈ ਡਿਜ਼ਾਇਨ ਜਾਂ ਪ੍ਰਮਾਣਿਤ ਨਹੀਂ ਕੀਤੇ ਗਏ ਹਨ।

## ਚੈਟਜੀਪੀਟੀ ਨੂੰ ਡਾਕਟਰ ਵਜ ੋਂ ਗ੍ਰਹਿਣ ਕਰਨਾ ਕਿਉਂ ਨੁਕਸਾਨਦਾਇਕ ਹੈ ?

1. **ਕਲੀਨੀਕਲ ਫੈਸਲੇ ਦੀ ਘਾਟ:** ਪੇਸ਼ੇਵਰ ਡਾਕਟਰਾਂ ਦੇ ਵਿਰੁੱਧ ਜੋ ਕਿ ਕਲੀਨੀਕਲ ਸੰਦਰਭ, ਸਰੀਰਕ ਜਾਂਚ ਦੇ ਨਤੀਜ਼ੇ ਅਤੇ ਨਿਧਾਨੀ ਟੈਸਟਾਂ ਦਾ ਅੰਦਾਜ਼ਾ ਲਗਾਉਣ ਵਿਚ ਪ੍ਰਸ਼ਿਸਤ ਹੁੰਦੇ ਹਨ, ਏ.ਆਈ. ਨੂੰ ਮਰੀਜ਼ ਦੇ ਇਤਿਹਾਸ ਜਾਂ ਸਰੀਰਕ ਨਤੀਜਿਆਂ ਦੀ ਵਿਸ਼ੇਸ਼ਤਾ ਨੂੰ ਸਮਝਣ ਦੀ ਸਮਰੱਥਾ ਨਹੀਂ ਹੈ।
2. **ਅਣਨਿਸ਼ਚਿਤ ਅਤੇ ਗਲਤ ਜਾਣਕਾਰੀ:** ਚੈਟਜੀਪੀਟੀ ਪ੍ਰੀ-ਟ੍ਰੇਨਡ ਡਾਟਾ ਪੈਟਰਨ ਦੇ ਆਧਾਰ 'ਤੇ ਜਵਾਬ ਬਣਾਉਂਦਾ ਹੈ ਅਤੇ ਇਹ ਰੀਅਲ-ਟਾਈਮ ਕਲੀਨੀਕਲ ਮੁਲਾਂਕਣ ਨਹੀਂ ਕਰਦਾ। ਇਹ ਬਹੁਤ ਜ਼ਿਆਦਾ ਆਮ ਜਾਂ ਗਲਤ ਮੈਡੀਕਲ ਸਲਾਹਾਂ ਦੀ ਪੈਦਾ ਕਰਨ ਦਾ ਕਾਰਨ ਬਣ ਸਕਦਾ ਹੈ।
3. **ਜਵਾਬਦੇਹੀ ਦੀ ਘਾਟ:** ਮੈਡੀਕਲ ਪ੍ਰੈਕਟਿਸ ethical codes, ਪੇਸ਼ੇਵਰ ਲਾਇਸੈਂਸਿੰਗ ਅਤੇ ਕਾਨੂੰਨੀ ਜ਼ਿੰਮੇਵਾਰੀਆਂ ਦੁਆਰਾ ਬੰਨ੍ਹੀ ਹੁੰਦੀ ਹੈ। ਇਸ ਦੇ ਵਿਰੁੱਧ, ਏ.ਆਈ. ਚੈਟਬੋਟ ਸਿਰਫ ਡਿਜ਼ੀਟਲ ਟੂਲ ਹਨ, ਜੋ ਨਿੱਜੀ ਜਵਾਬਦੇਹੀ ਤੋਂ ਬਿਨਾਂ ਨਿੱਜੀ ਕੰਪਨੀਆਂ ਦੁਆਰਾ ਵਿਕਸਤ ਕੀਤੇ ਜਾਂਦੇ ਹਨ।
4. **ਆਪਣੇ ਆਪ ਨੂੰ ਨਿਧਾਨ ਕਰਨ ਨੂੰ ਉਤਸ਼ਾਹਿਤ ਕਰਨਾ:** ਉਪਭੋਗਤਾ ਏ.ਆਈ. ਦੁਆਰਾ ਬਣਾਏ ਗਏ ਜਵਾਬਾਂ ਨੂੰ ਅਖੀਰਕਾਰ ਸਮਝ ਸਕਦੇ ਹਨ ਜਿਸ ਨਾਲ ਉਹ ਆਪਣੇ ਆਪ ਦਵਾਈਆਂ ਲੈ ਸਕਦੇ ਹਨ ਜਾਂ ਸਹੀ ਨਿਧਾਨੀ ਕਾਰਵਾਈ ਦੀ ਲੋੜ ਨੂੰ ਅਣਡਿੱਠ ਕਰ ਸਕਦੇ ਹਨ।
5. **ਸਾਈਬਰਕਾਂਡਰੀਆ ਦਾ ਵੱਧਣਾ:** ਏ.ਆਈ. ਤੋਂ ਮਿਲੀਆਂ ਅਸਪੱਸ਼ਟ ਜਾਂ ਡਰਾਉਣੀਆਂ ਸੁਝਾਵ ਚਿੰਤਾਵਾਂ ਨੂੰ ਵੱਧਾ ਸਕਦੀਆਂ ਹਨ, ਕਿਉਂਕਿ ਚੈਟਬੋਟ ਬਿਨਾਂ ਕਲੀਨੀਕਲ ਸੰਦਰਭ ਦੇ ਵਿਸ਼ਾਲ ਵੱਖਰੇ ਨਿਧਾਨਾਂ, ਜਿਸ ਵਿਚ ਦੁਰਲੱਭ ਜਾਂ ਗੰਭੀਰ ਬਿਮਾਰੀਆਂ ਵੀ ਸ਼ਾਮਲ ਹੋ ਸਕਦੀਆਂ ਹਨ, ਪ੍ਰਦਾਨ ਕਰ ਸਕਦਾ ਹੈ।

## ਵਿਗਿਆਨਕ ਦ੍ਰਿਸ਼ਟੀਕੋਣ

### ਏ.ਆਈ. ਡਾਕਟਰ ਦਾ ਵਿਕਲਪ ਕਿਉਂ ਨਹੀਂ ਹੈ ?

1. **ਕਲੀਨੀਕਲ ਸੋਚ:** ਪੇਸ਼ੇਵਰ ਡਾਕਟਰ ਵਿਅਕਤੀਗਤ ਮਰੀਜ਼ ਦੇ ਇਤਿਹਾਸ, ਸਰੀਰਕ ਜਾਂਚਾਂ, ਲੈਬੋਰਟਰੀ ਡੇਟਾ ਅਤੇ ਇਮੇਜਿੰਗ ਨਤੀਜਿਆਂ ਨੂੰ ਆਪਣੇ ਕਲੀਨੀਕਲ ਸੋਚ ਪ੍ਰਕਿਰਿਆ ਵਿਚ ਸ਼ਾਮਿਲ ਕਰਦੇ ਹਨ, ਜੋ ਕਿ ਏ.ਆਈ. ਮੌਜੂਦਾ ਤਕਨੀਕਾਂ ਨਾਲ ਦੁਹਰਾਉਣਾ ਸੰਭਵ ਨਹੀਂ ਹੈ।
2. **ਨਿਧਾਨੀ ਸ਼ੁੱਧਤਾ:** ਦੁਨੀਆਂ ਭਰ ਵਿਚ ਕੀਤੇ ਗਏ ਅਧਿਐਨਾਂ ਨੇ ਦਰਸਾਇਆ ਹੈ ਕਿ ਭਾਵੇਂ ਅਨੁਭਵੀ ਡਾਕਟਰ ਵੀ ਨਿਧਾਨੀ ਚੁਣੌਤੀਆਂ ਦਾ ਸਾਹਮਣਾ ਕਰ ਰਹੇ ਹਨ। ਏ.ਆਈ. ਅਡਾਪਟਿਵ ਸੋਚ ਦੀ ਘਾਟ ਰੱਖਦਾ ਹੈ ਅਤੇ ਨਾ ਹੀ ਲੈਬ ਟੈਸਟਾਂ ਨੂੰ ਆਰਡਰ ਕਰ ਸਕਦਾ ਹੈ ਜਾਂ ਵਿਖੇਦਿਤ ਕਰ ਸਕਦਾ ਹੈ। ਇਹ ਇਸਨੂੰ ਸੁਤੰਤਰ ਨਿਧਾਨ ਲਈ ਬਹੁਤ ਹੀ ਅਣਉਚਿਤ ਬਣਾਉਂਦਾ ਹੈ।
3. **ਨੈਤਿਕ ਵਿਚਾਰ:** ਮੈਡੀਕਲ ਪ੍ਰੈਕਟਿਸ ਫ਼ਾਇਦੇ, ਨੁਕਸਾਨ ਤੋਂ ਬੱਚਣ ਅਤੇ ਮਰੀਜ਼ ਦੀ ਸੁਤੰਤਰਤਾ ਦੇ ਸਿਧਾਂਤਾਂ ਦਾ ਪਾਲਣ ਕਰਦੀ ਹੈ? ਜਿਸ ਨੂੰ ਨਿਯਮਕ ਢਾਂਚਿਆਂ ਦੁਆਰਾ ਲਾਗੂ ਕੀਤਾ ਜਾਂਦਾ ਹੈ। ਏ.ਆਈ. ਚੈਟਬੋਟ ਐਸੇ ਸਿਧਾਂਤਾਂ ਦੇ ਅਧੀਨ ਨਹੀਂ ਕੰਮ ਕਰਦੇ ਅਤੇ ਨਾ ਹੀ ਜਾਣਕਾਰ ਰਾਜ਼ੀ ਹੋ ਸਕਦੇ ਹਨ ਜਾਂ ਨੈਤਿਕ ਦਲੀਲਾਂ ਨੂੰ ਸਮਝ ਸਕਦੇ ਹਨ।

## ਸਿਫਾਰਸ਼ਾਂ

**ਸਾਈਬਰਕਾਂਡਰੀਆ ਅਤੇ ਮੈਡੀਕਲ ਸਲਾਹ ਲਈ ਏਆਈ 'ਤੇ ਅਤਿ ਨਿਰਭਰਤਾ ਦੇ ਖ਼ਤਰਿਆਂ ਨੂੰ ਘੱਟ ਕਰਨ ਲਈ:**

1. **ਜਨਤਾ ਦੀ ਸਿੱਖਿਆ:** ਆਨਲਾਈਨ ਸਿਹਤ ਖੋਜਾਂ ਦੀ ਸੀਮਾਵਾਂ ਅਤੇ ਆਪਣੇ ਆਪ ਨਿਧਾਨ ਕਰਨ ਦੇ ਖਤਰਿਆਂ ਬਾਰੇ ਜਾਣੂ ਹੋਣਾ ਚਾਹੀਦਾ ਹੈ।
2. **ਏ.ਆਈ. ਸਿਹਤ ਟੂਲਜ਼ ਦਾ ਨਿਯਮਨ:** ਸਿਹਤ ਦੇ ਖੇਤਰ ਵਿਚ ਏ.ਆਈ. ਦੀ ਭੂਮਿਕਾ ਨੂੰ ਪਰਿਭਾਸ਼ਿਤ ਕਰਨ ਲਈ ਸਾਫ਼ ਦਿਸ਼ਾ-ਨਿਰਦੇਸ਼, ਕਾਨੂੰਨ ਅਤੇ ਨਿਯਮਕ ਢਾਂਚੇ ਬਣਾਉਣ ਦੀ ਲੋੜ ਹੈ।
3. **ਪੇਸ਼ੇਵਰ ਮੁਲਾਕਾਤਾਂ:** ਡਿਜ਼ੀਟਲ ਵਿਕਾਸ ਦੀ ਭੂਮਿਕਾ ਨੂੰ ਟੈਲੀਮੇਡੀਸਿਨ ਅਤੇ ਮੈਡੀਕਲ ਸਲਾਹ ਦੇ ਮੁੱਖ ਸਰੋਤ ਵਜੋਂ ਡਾਕਟਰਾਂ ਦੀ ਮੁਲਾਕਾਤਾਂ ਨੂੰ ਉਤਸ਼ਾਹਿਤ ਕਰਨ 'ਤੇ ਕੇਂਦ੍ਰਿਤ ਕੀਤਾ ਜਾ ਸਕਦਾ ਹੈ।
4. **ਨੈਤਿਕ ਏ.ਆਈ. ਇੰਟਰਫੇਸ ਦਾ ਡਿਜ਼ਾਇਨ:** ਏ.ਆਈ. ਟੂਲਜ਼ ਨੂੰ ਸਾਫ਼ ਢੰਗ ਨਾਲ ਇਹ ਦੱਸਣਾ ਚਾਹੀਦਾ ਹੈ ਕਿ ਉਹ ਮੈਡੀਕਲ ਪੇਸ਼ੇਵਰ ਨਹੀਂ ਹਨ ਅਤੇ ਮੈਡੀਕਲ ਚਿੰਤਾਵਾਂ ਲਈ ਯੋਗ ਸਿਹਤ ਸੰਭਾਲ ਪ੍ਰਦਾਤਾਵਾਂ ਨਾਲ ਸੰਪਰਕ ਕਰਨ ਲਈ ਉਪਭੋਗਤਾਵਾਂ ਨੂੰ ਦਿਸ਼ਾ-ਨਿਰਦੇਸ਼ ਦੇਣਾ ਚਾਹੀਦਾ ਹੈ।

ਅੰਤ ਵਿਚ, ਡਿਜ਼ੀਟਲ ਸਰੋਤ ਅਤੇ ਏ.ਆਈ. ਤਕਨੀਕਾਂ ਸੁਵਿਧਾ ਅਤੇ ਪਹੁੰਚ ਪ੍ਰਦਾਨ ਕਰ ਸਕਦੀਆਂ ਹਨ ਪਰ ਉਨ੍ਹਾਂ ਦਾ ਸਮਰਥਨ ਪ੍ਰੰਪਰਾਗਤ ਪੇਸ਼ੇਵਰ ਮੈਡੀਕਲ ਦੇਖਭਾਲ ਨਾਲੋਂ ਉੱਚ ਦਰਜੇ 'ਤੇ ਨਹੀਂ ਹੈ। ਚੈਟਜੀਪੀਟੀ ਵਰਗੇ ਚੈਟਬੋਟਸ ਦੀ ਬੇਲੋੜੀ ਵਰਤੋਂ ਨਾਲ ਸਾਈਬਰਕਾਂਡਰੀਆ ਵੱਧਦੀ ਹੈ। ਇਹ ਖ਼ੁਦ ਇੱਕ ਵੱਡੀ ਸਿਹਤ ਚੁਣੌਤੀ ਬਣ ਰਿਹਾ ਹੈ। ਜਾਣੂ, ਨਿਯਮਤ ਅਤੇ ਸੰਤੁਲਿਤ ਦ੍ਰਿਸ਼ਟੀਕੋਣ ਲਾਗੂ ਕਰਨਾ ਮਨੋਵਿਗਿਆਨਿਕ ਅਤੇ ਸਰੀਰਕ ਸੁਖ-ਸੁਵਿਧਾ ਦੀ ਰੱਖਿਆ ਲਈ ਅਹਿਮ ਹੈ।

# ਟੱਕਰ

## ਕਹਾਣੀ

ਡਾਕਟਰ ਅਜੀਤ ਸਿੰਘ
ਕੋਟਕਪੂਰਾ
ਮੋਬਾਈਲ +1-657-464-4066
ਪੰਜਾਬ ਮੇਲ USA



ਪੂਰੋ ਦੀਆਂ ਬਲੋਰੀ ਅੱਖਾਂ ਨੂੰ ਵੇਖ ਕੇ ਤਾਂ ਉਹ ਉਸ ’ਤੇ ਲੱਟੂ ਹੋਇਆ ਸੀ। ਉਸ ਦਾ ਭਰਵਾਂ ਸਰੀਰ ਉਸ ਦੀ ਜਵਾਨੀ ਨੂੰ ਹੋਰ ਹੁਸੀਨ ਬਣਾ ਰਿਹਾ ਸੀ। ਉਨ੍ਹਾਂ ਦੀ ਮੁਲਾਕਾਤ ਮੇਲੇ ਵਿਚ ਹੋ ਚੁੱਕੀ ਸੀ। ਪੂਰੋ ਨੂੰ ਉਹ ਇਸ ਮੁਲਾਕਾਤ ਤੋਂ ਪਹਿਲਾਂ ਵੀ ਵੇਖ ਚੁੱਕਾ ਸੀ। ਕਦੇ-ਕਦੇ ਸਕੂਲ ਤੋਂ ਆਉਂਦੀ-ਜਾਂਦੀ ਨੂੰ ਕਈ ਵਾਰ ਉਸ ਡਿੱਠਾ ਸੀ। ਉਸ ਦੀਆਂ ਬਲੋਰੀ ਮੋਟੀਆਂ ਅੱਖਾਂ ਉਸ ਨੂੰ ਪਸੰਦ ਸਨ। ਉਸ ਦੇ ਹੁਸਨ ਦੀ ਵੀ ਉਹ ਸਲਾਹੁਤਾ ਕਰਦਾ ਸੀ। ਗੱਜਣ ਇਕ ਮੇਲੇ ਵਿਚ ਘੁੰਮ ਰਿਹਾ ਸੀ। ਅਚਾਨਕ ਉਸ ਦੀ ਨਜ਼ਰ ਸਾਹਮਣੇ ਤੋਂ ਆਉਂਦੀ ਔਰਤ ’ਤੇ ਪਈ। ਉਸ ਔਰਤ ਦਾ ਮੂੰਹ ਉਡਿਆ ਹੋਇਆ ਸੀ ਪਰ ਨੈਣਾਂ ਵਿਚ ਕਜਰਾ ਬੋਲੀਆਂ ਪਾ ਰਿਹਾ ਸੀ। ਗੱਜਣ ਦੀ ਉਸ ’ਤੇ ਅੱਖ ਪਈ ਤਾਂ ਉਸ ਮੁਟਿਆਰ ਵੱਲ ਉਹ ਖਿੱਚਿਆ ਗਿਆ। ਉਹ ਇਨ੍ਹਾਂ ਖਿਆਲਾਂ ਵਿਚ ਗੁਆਚਿਆ ਹੋਇਆ ਜਾ ਰਿਹਾ ਸੀ ਕਿ ਪੂਰੋ ਵਿਚ ਟਕਰਾ ਗਿਆ। ਪੂਰੋ ਦਾ ਝੋਲਾ ਥੱਲੇ ਡਿੱਗ ਪਿਆ। ਉਸ ਝੋਲੇ ਨੂੰ ਚੁੱਕਣ ਖਾਤਿਰ ਉਹ ਇਕੋ ਵੇਲੇ ਦੋਵੇਂ ਹੀ ਝੁੱਕ ਗਏ। ਇਹ ਤਾਂ ਪਤਾ ਨਹੀਂ ਲੱਗ ਸਕਿਆ ਕਿ ਪਹਿਲ ਕਿਸ ਨੇ ਕੀਤੀ ਸੀ ਪਰ ਝੁਕਣ ਸਮੇਂ ਦੋਵਾਂ ਦੀਆਂ ਅੱਖਾਂ ਚਾਰ ਹੋਈਆਂ। ਗੱਜਣ ਨੇ ਪੂਰੋ ਦੀਆਂ ਅੱਖਾਂ ਅੰਦਰ ਇਕ ਅਜੀਬ ਕਿਸਮ ਦੀ ਖਿੱਚ ਪ੍ਰਤੀਤ ਹੋਈ। ਨਜ਼ਰਾਂ ਹਟਾਉਣ ਦੀ ਕਿਸੇ ਨੂੰ ਵੀ ਕਾਹਲੀ ਨਹੀਂ ਸੀ ਅਤੇ ਉਹ ਦੋਵੇਂ ਹੀ ਇਕ ਦੂਜੇ ਨਾਲ ਗੱਲਾਂ ਆਪਣੀਆਂ ਅੱਖਾਂ ਰਾਹੀਂ ਹੀ ਕਰਨ ਲੱਗੇ। ਗੱਜਣ ਨੇ ਆਪਣੇ ਆਪ ਨੂੰ ਸੰਭਾਲਿਆ। ਪੂਰੋ ਨੇ ਆਪਣੀ ਅੱਖਾਂ ਦੀਆਂ ਪਲਕਾਂ ਨੂੰ ਝਪਕਿਆ ਤੇ ਉਹ ਖੁੱਲ੍ਹ ਕੇ ਹੱਸਣ ਲੱਗੀ, ਜਿਵੇ ਉਸ ਨੇ ਕਿਸੇ ਆਪਣੇ ਨੂੰ ਹੀ ਵੇਖ ਲਿਆ ਹੁੰਦਾ ਹੈ। ਗੱਜਣ ਨੂੰ ਲੱਗਾ ਕਿ ਉਸ ਦੇ ਮੂੰਹ ਉਪਰ ਅਜੇ ਵੀ ਚੱਟਣੀ ਲਗੀ ਹੋਵੇ, ਤਾਂ ਹੀ ਇਹ ਮੁਟਿਆਰ ਮੇਰੇ ਚੇਹਰੇ ਵੱਲ ਦੇਖ ਕੇ ਉਸ ਦਾ ਹਾਸਾ ਛੁੱਟ ਗਿਆ ਸੀ, ਕਿਉਂਕਿ ਉਹ ਕੁਝ ਦੇਰ ਪਹਿਲਾਂ ਚੱਟਣੀ ਨਾਲ ਪਕੌੜੇ ਖਾ ਕੇ ਹਟਿਆ ਸੀ। ਉਸ ਨੇ ਆਪਣਾ ਮੂੰਹ ਆਪਣੇ ਹੀ ਝੱਗੇ ਨਾਲ ਸਵਾਰ ਕੇ ਪੂੰਝ ਲਿਆ ਸੀ ਤੇ ਉਸ ਨੇ ਫੇਰ ਮੁਟਿਆਰ ਵੱਲ ਡਿੱਠਾ। ਇਸ ਤਰ੍ਹਾਂ ਉਨ੍ਹਾਂ ਦੀ ਪਹਿਲੀ ਮੁਲਾਕਾਤ ਅਚਾਨਕ ਹੋਈ ਸੀ। ਉਹ ਇਕ ਦੂਜੇ ਦੇ ਸੰਗ-ਸੰਗ ਤੁਰਨ ਲੱਗ ਪਏ ਸੀ। ਮੇਲਾ ਦੋਹਾਂ ਨੂੰ ਹੁਣ ਭਰਿਆ-ਭਰਿਆ ਮਹਿਸੂਸ ਹੋ ਰਿਹਾ ਸੀ। ਉਹ ਆਪਣੀ ਵੱਖਰੀ ਦੁਨੀਆਂ ਵਿਚ ਮਸਤ ਹੋ ਗਏ ਸਨ। ਦੋਵੇਂ ਨਿੱਕੀਆਂ-ਨਿੱਕੀਆਂ ਗੱਲਾਂ ਕਰਨ ਲੱਗੇ। ਅਜਨਬੀ ਹੁੰਦੇ ਹੋਏ ਵੀ ਹੁਣ ਲੋਕਾਂ ਨੂੰ ਇੰਜ ਲੱਗਦੇ ਸਨ, ਜਿਵੇਂ ਉਨ੍ਹਾਂ ਦੀ ਲੰਮੇ ਸਮੇਂ ਤੋਂ ਜਾਣ ਪਛਾਣ ਹੋਵੇ।

ਪੂਰੋ ਨੇ ਗੱਜਣ ਨੂੰ ਦੱਸਿਆ ਕਿ ਉਸ ਨੇ ਦਸਵੀਂ ਜਮਾਤ ਆਪਣੇ ਪਿੰਡ ਦੇ ਸਕੂਲ ਵਿਚੋਂ ਹੀ ਕੀਤੀ ਹੋਈ ਹੈ। ਉਸ ਨੇ ਆਪਣੇ ਪਿੰਡ ਬਾਰੇ ਵੀ ਦੱਸਿਆ। ਗੱਜਣ ਉਸ ਦੀਆਂ ਗੱਲਾਂ ਨੂੰ ਬੜੇ ਧਿਆਨ ਨਾਲ ਸੁਣ ਰਿਹਾ ਸੀ। ਗੱਜਣ ਨੇ ਵੀ ਦੱਸਿਆ ਕਿ ਉਸ ਨੇ ਤਾਂ ਕਾਲਿਜ ਵਿਚੋਂ ਬੀ.ਏ. ਕਰ ਲਈ ਹੈ ਤੇ ਹੁਣ ਆਪਣੇ ਮਾਪਿਆਂ ਨਾਲ ਖੇਤੀ ਦੇ ਕੰਮ ਵਿਚ ਲੱਗਾ ਹੋਇਆ ਹੈ। ਫਸਲ ਦੀ ਸਾਂਭ-ਸੰਭਾਲ ਤੋਂ ਬਾਅਦ ਅੱਜ ਮੇਲਾ ਵੇਖਣ ਲਈ ਆ ਗਿਆ ਸੀ। ਉਸ ਨੇ ਦੱਸਿਆ ਕਿ ਮੈਂ ਤਾਂ ਮੇਲੇ ਵਿਚੋਂ ਪਕੌੜੇ ਖਾਧੇ ਹੋਏ ਹਨ ਤੂੰ ਦੱਸ ਤੈਨੂੰ ਕਿ ਖਵਾਂਵਾ। ਪਹਿਲਾਂ ਤਾਂ ਪੂਰੋ ਸ਼ਰਮਾਈ, ਫਿਰ ਉਸ ਨੇ ਅੱਗੇ ਸਮੋਸੇ ਵਾਲਾ ਸਟਾਲ ਦੇਖਿਆ, ਤਾਂ ਉਥੇ ਰੁੱਕ ਗਈ। ਗੱਜਣ ਵੀ ਸਮਝ ਗਿਆ ਕਿ ਇਸ ਮੁਟਿਆਰ ਦਾ ਚਾਹ ਨਾਲ ਸਮੋਸੇ ਖਾਣ ਦਾ ਮਨ ਹੈ। ਉਸ ਨੇ ਸਮੋਸਿਆਂ ਵਾਲੇ ਨੂੰ ਸਮੋਸੇ ਅਤੇ ਚਾਹ ਦੇਣ ਲਈ ਆਖ ਦਿੱਤਾ ਤੇ ਆਪ ਉਥੇ ਪਏ ਬੈਂਚ ’ਤੇ ਬੈਠ ਕੇ ਚਾਹ ਦਾ ਇੰਤਜ਼ਾਰ ਕਰਨ ਲੱਗੇ। ਹੁਣ ਉਹ ਮਹਿਸੂਸ ਕਰ ਰਹੇ ਸਨ ਕਿ ਇਸ ਮੇਲੇ ਦੇ ਅੰਦਰ ਸਾਨੂੰ ਕੋਈ ਵੀ ਜਾਣਦਾ ਨਹੀਂ ਹੈ। ਅਸੀਂ ਕੁਝ ਦੇਰ ਇਥੇ ਬਿਤਾ ਕੇ ਮੌਜ ਮੇਲਾ ਕਰ ਘਰ ਚਲੇ ਜਾਵਾਂਗੇ। ਗੱਲਾਂ-ਗੱਲਾਂ ਵਿਚ ਉਨ੍ਹਾਂ ਨੇ ਇਕ ਦੂਸਰੇ ਦੇ ਫੋਨ ਨੰਬਰ ਨੋਟ ਕਰ ਲਏ। ਇਕ ਦੂਜੇ ਦੇ ਪਿੰਡਾਂ ਬਾਰੇ ਵੀ ਜਾਣਕਾਰੀ ਦੀ ਅਦਲਾ-ਬਦਲੀ ਕਰ ਲਈ। ਹੁਣ ਉਹ ਇਕ ਦੂਜੇ ਦੇ ਨਾਂ ਤੋਂ ਵੀ ਵਾਕਫ਼ ਹੋ ਚੁੱਕੇ ਸਨ। ਚਾਹ ਪੀਂਦੇ ਹੋਏ ਉਨ੍ਹਾਂ ਨੇ ਕਾਫੀ ਸਾਰੀਆਂ ਗੱਲਾਂ ਕੀਤੀਆਂ। ਦੋਹਾਂ ਦਾ ਹਾਲੇ ਹੋਰ ਗੱਲਾਂ ਕਰਨ ਦਾ ਮਨ ਸੀ ਪਰ ਸਮੋਸੇ ਤੇ ਚਾਹ ਮੁੱਕਣ ’ਤੇ ਉਹ ਉਥੋਂ ਉੱਠ ਪਏ ਤੇ ਮੇਲੇ ਦੇ ਅੰਦਰ ਵੱਲ ਨੂੰ ਹੋ ਤੁਰੇ। ਉਨ੍ਹਾਂ ਨੇ ਇਕ ਚੂੜੀਆਂ ਵਾਲੇ ਦੀ ਸਟਾਲ ਦੇਖੀ, ਉਸ ਵਿਚ ਰੰਗ-ਬਰੰਗੀਆਂ ਚੂੜੀਆਂ ਮਨ ਨੂੰ ਮੋਹ ਰਹੀਆਂ ਸਨ। ਪੂਰੋ ਦਾ ਚੂੜੀਆਂ ਚੜ੍ਹਾਉਣ ਨੂੰ ਮਨ ਕਰ ਆਇਆ ਪ੍ਰੰਤੂ ਉਸ ਨੂੰ ਕੁਝ ਸ਼ਰਮ ਮਹਿਸੂਸ ਹੋਈ ਅਤੇ ਵਿਚਾਰ ਤਿਆਗ ਦਿੱਤਾ। ਭਾਵੇਂ ਗੱਜਣ ਨੂੰ ਵੀ ਸਮਝ ਪੈ ਗਈ ਸੀ ਕਿ ਮੁਟਿਆਰ ਚੂੜੀਆਂ ਚੜ੍ਹਾਉਣ ਲਈ ਤਿਆਰ ਹੈ ਪਰ ਉਸ ਨੇ ਵੀ ਜ਼ਿਆਦਾ ਜ਼ੋਰ ਨਾ ਪਾਇਆ ਅਤੇ ਅੱਗੇ ਵੱਲ ਵੱਧ ਗਏ। ਸ਼ਾਮ ਢੱਲਣ ’ਤੇ ਦੋਵੇਂ ਇਕ ਦੂਜੇ ਤੋਂ ਫਿਰ ਕਦੇ ਮਿਲਣ ਲਈ ਆਪੋ-ਆਪਣੇ ਰਾਹ ਪੈ ਗਏ। ਗੱਜਣ ਨੇ ਉਸ ਨੂੰ ਛੇਤੀ ਮਿਲਣ ਦਾ ਇਕਰਾਰ ਕੀਤਾ ਅਤੇ ਪੂਰੋ ਨੇ ਵੀ ਹਾਮੀ ਭਰ ਦਿੱਤੀ।

ਪੂਰੋ ਨੂੰ ਉਸ ਦਾ ਮਾਮਾ ਟੱਕਰ ਗਿਆ, ਜਿਹੜਾ ਉਸ ਨੂੰ ਹੀ ਲੱਭ ਰਿਹਾ ਸੀ ਕਿਉਂ ਜੋ ਉਹ ਘਰੇ ਬਿਨਾ ਦੱਸੇ ਹੀ ਕਿਤੇ ਚਲੀ ਗਈ ਸੀ। ਉਸ ਦੇ ਮਾਮੇ ਨੇ ਮੇਲੇ ਵਿਚ ਲੱਭਣ ਦਾ ਮਨ ਬਣਾਇਆ ਅਤੇ ਮੇਲੇ ਵਿਚ ਇਸ ਮੰਤਵ ਨਾਲ ਆ ਗਿਆ ਸੀ। ਜਦੋਂ ਉਸ ਨੇ ਪੂਰੋ ਨੂੰ ਵੇਖਿਆ ਤਾਂ ਉਸ ਦਾ ਗੁੱਸਾ ਠੰਡਾ ਹੋ ਗਿਆ ਤੇ ਵਾਹਿਗੁਰੂ ਦਾ ਲੱਖ-ਲੱਖ ਸ਼ੁਕਰ ਮਨਾਇਆ ਕਿਉਂਕਿ ਪੂਰੋ ਮਿਲ ਗਈ ਸੀ। ਉਸ ਦੇ ਮਨ ਅੰਦਰ ਦਾ ਉਬਾਲ ਵੀ ਠੰਡਾ ਹੋ ਗਿਆ ਸੀ। ਉਸ ਨੇ ਮੇਲੇ ਵਿਚ ਪੂਰੋ ਨੂੰ ਆਖਿਆ, ਚਲ ਪੁੱਤ ਘਰ ਚਲੀਏ। ਪੂਰੋ ਵੀ ਉਸ ਦੇ ਨਾਲ ਚੱਲ ਪਈ। ਮਾਮਾ ਉਸ ਨਾਲ ਮਿੱਠੀਆਂ-ਮਿੱਠੀਆਂ ਗੱਲਾਂ ਕਰ ਉਸ ਦਾ ਮਨ ਠੰਡਾ ਕਰ ਰਿਹਾ ਸੀ। ਉਸ ਨੂੰ ਪਤਾ ਸੀ ਕਿ ਉਹ ਮਾਮੀ ਨਾਲ ਲੜ ਕੇ ਘਰੋਂ ਝੋਲਾ ਚੁੱਕ ਕੇ ਕਿਸੇ ਅਣਜਾਣ ਥਾਂ ਲਈ ਨਿਕਲੀ ਸੀ ਅਤੇ ਮਾਮੀ ਨੂੰ ਆਖ ਕੇ ਆਈ ਸੀ, ਜੇਕਰ ਤੁਸੀਂ ਮੇਰਾ ਵਿਆਹ ਆਪਣੀ ਰਿਸ਼ਤੇਦਾਰੀ ਵਾਲੇ ਲੜਕੇ ਜੋਰੇ ਨਾਲ ਕਰਨਾ ਹੈ, ਤਾਂ ਮੈਂ ਇਸ ਘਰ ਵਿਚ ਨਹੀਂ ਰਹਾਂਗੀ ਤੇ ਆਪਣੇ ਮਾਪਿਆਂ ਦੇ ਪਿੰਡ, ਉਸ ਘਰ ਵਿਚ ਚਲੀ ਜਾਵਾਂਗੀ, ਜਿਥੋਂ ਮੇਰੇ ਮਾਪੇ ਮੈਨੂੰ ਛੋਟੀ ਜਿਹੀ ਨੂੰ ਛੱਡ ਕੇ ਉਥੇ ਚਲੇ ਗਏ ਸਨ, ਜਿਥੋਂ ਕਦੇ ਕੋਈ ਵਾਪਸ ਨਹੀਂ ਆਇਆ, ਵਾਪਸ ਚਲੀ ਜਾਵਾਂਗੀ ਤੇ ਇਸ ਖਿਆਲ ਨੂੰ ਲੈ ਕੇ ਘਰੋਂ ਨਿਕਲ ਤੁਰੀ ਸੀ।

ਮੇਲੇ ਵਿਚ ਗੱਜਣ ਉਸ ਨੂੰ ਮਿਲ ਗਿਆ ਸੀ ਅਤੇ ਉਸ ਨੇ ਇਹ ਜਾਣ ਲਿਆ ਸੀ ਕਿ ਗੱਜਣ ਚੰਗੇ ਘਰ ਦਾ ਲੜਕਾ ਹੈ, ਇਨ੍ਹਾਂ ਕੋਲ ਪੈਲੀ ਵੀ ਚੰਗੀ ਹੈ, ਮਾਪਿਆਂ ਦਾ ਇਕਲੌਤਾ ਹੀ ਪੁੱਤਰ ਹੈ। ਸਾਰਾ ਦਿਨ ਉਸ ਨਾਲ ਬਿਤਾ ਕੇ ਉਸ ਨੇ ਅੰਦਾਜ਼ਾ ਕਰ ਲਿਆ ਕਿ ਨਸ਼ਾ ਨਹੀਂ ਕਰਦਾ ਹੈ। ਮੇਲੇ ਵਿਚ ਆ ਕਿ ਜੱਟ ਨੇ ਦਾਰੂ ਨਾ ਪੀਤੀ ਹੋਵੇ, ਇਹ ਤਾਂ ਸੰਭਵ ਹੀ ਨਹੀਂ ਹੈ। ਇਸ ਲਈ ਮੈਂ ਇਸ ਨਾਲ ਆਪਣਾ ਜੀਵਨ ਗੁਜ਼ਾਰ ਸਕਦੀ ਹਾਂ।

ਘਰੇ ਜਿਥੇ ਰਿਸ਼ਤੇ ਦੀ ਗੱਲ ਚਲਾਈ ਹੋਈ ਸੀ, ਉਸ ਜੋਰੇ ਨੂੰ ਤਾਂ ਉਹ ਜਾਣਦੀ ਸੀ। ਉਹ ਤਾਂ ਚੰਗੀ ਪੈਲੀ ਹੋਣ ਦੇ ਬਾਵਜੂਦ ਵੀ ਆਪਣੇ ਮਾਪਿਆਂ ਤੋਂ ਬਾਹਰੀ ਸੀ। ਨਸ਼ਾ ਕਰ ਕੇ ਉਹ ਗਲੀਆਂ ਦੇ ਗੇੜੇ ਲਾਉਂਦਾ ਰਹਿੰਦਾ ਸੀ। ਇਕ-ਦੋ ਵਾਰ ਤਾਂ ਉਸ ਨੂੰ ਉਸ ਦੇ ਸਾਥੀਆਂ ਨੂੰ ਸੜਕ ’ਤੇ ਡਿੱਗੇ ਹੋਏ ਨੂੰ ਲੋਕਾਂ ਨੇ ਚੁੱਕ ਕੇ ਘਰ ਪੁਚਾਇਆ ਸੀ। ਉਸ ਦੇ ਮਾਪਿਆਂ ਨੇ ਇਸ ਗੱਲ ਦੀ ਸ਼ਰਮਿੰਦਗੀ ਮਹਿਸੂਸ ਕੀਤੀ ਸੀ ਅਤੇ ਉਨ੍ਹਾਂ ਲੋਕਾਂ ਦਾ ਤਹਿਦਿਲ ਤੋਂ ਧੰਨਵਾਦ ਕੀਤਾ ਸੀ। ਪੂਰੋ ਨੂੰ ਇਹ ਸਾਰੀਆਂ ਗੱਲਾਂ ਉਸ ਦੀ ਜਮਾਤਣ ਨੇ ਦੱਸੀਆਂ ਸੀ, ਜਿਹੜੀ ਉਸ ਨੂੰ ਚੰਗੀ ਤਰ੍ਹਾਂ ਜਾਣਦੀ ਸੀ। ਉਸ ਨੇ ਇਹ ਵੀ ਦੱਸਿਆ ਸੀ ਕਿ ਉਹ ਲੜਕਾ ਤਾਂ ਦਸਵੀਂ ਵਿਚ ਦੋ ਵਾਰ ਫੇਲ ਹੋ ਜਾਣ ਤੋਂ ਬਾਅਦ ਵੀ ਦਸਵੀਂ ਪਾਸ ਨਹੀਂ ਕਰ ਸਕਿਆ ਸੀ। ਇਹ ਸਭ ਕੁਝ ਜਾਣ ਲੈਣ ਤੋਂ ਬਾਅਦ ਪੂਰੋ ਉਸ ਨਾਲ ਵਿਆਹ ਕਰਵਾਉਣ ਤੋਂ ਇਨਕਾਰੀ ਸੀ। ਪਰ ਉਸ ਦੀ ਮਾਮੀ ਪੂਰੋ ਨੂੰ ਮਜਬੂਰ ਕਰ ਰਹੀ ਸੀ ਕਿ ਚੰਗਾ ਘਰ ਹੈ, ਚੰਗੀ ਪੈਲੀ ਹੈ ਅਤੇ ਉਨ੍ਹਾਂ ਦੀ ਕੋਈ ਮੰਗ ਵੀ ਨਹੀਂ ਹੈ। ਮਾਮੀ ਦੀ ਪੇਕਿਆਂ ਵਿਚੋਂ ਰਿਸ਼ਤੇਦਾਰੀ ਵਿਚੋਂ ਸੀ, ਇਸ ਲਈ ਉਹ ਮੈਨੂੰ ਜੋਰੇ ਨਾਲ ਮੜ੍ਹਨਾ ਚਾਹੁੰਦੀ ਸੀ, ਜਿਸ ਦੇ ਲਈ ਮੈਂ ਤਿਆਰ ਨਹੀਂ ਸੀ। ਮੈਂ ਮਾਮੀ ਨੂੰ ਉਹ ਸਾਰਾ ਕੁਝ ਨਹੀਂ ਦੱਸ ਸਕਦੀ ਸੀ ਇਹ ਮੇਰੀ ਮਜ਼ਬੂਰੀ ਸੀ। ਮੈਂ ਆਪਣੀ ਦੋਸਤ ਨਾਲ ਵਿਸ਼ਵਾਸਘਾਤ ਨਹੀਂ ਕਰ ਸਕਦੀ ਸੀ।

ਮੇਰੀ ਪਛਾਣ ਤਾਂ ਕੁਝ ਸਮਾਂ ਪਹਿਲਾਂ ਹੀ ਗੁੰਮ ਹੋ ਚੁੱਕੀ ਸੀ। ਹਰ ਮਨੁੱਖ ਦੀ ਪਛਾਣ ਉਸ ਦੇ ਮਾਤਾ-ਪਿਤਾ ਨਾਲ ਹੀ ਹੋਇਆ ਕਰਦੀ ਹੈ। ਇਹ ਇਕ ਅਟੱਲ ਸੱਚਾਈ ਹੈ ਕਿ ਹਰ ਕਿਸੇ ਦੇ ਮਾਤਾ-ਪਿਤਾ ਜ਼ਿੰਦਗੀ ਦੇ ਉਸ ਪਾਰ ਵਾਲੀ ਕਿਸੇ ਹੋਰ ਦੁਨੀਆਂ ਵਿਚ ਗੁਆਚ ਜਾਇਆ ਕਰਦੇ ਹਨ। ਇਕ ਇਨਸਾਨ ਨੂੰ ਗੁੰਮ ਹੋਣ ਵਿਚ ਕਿੰਨਾ ਕੁ ਸਮਾਂ ਲੱਗਦਾ ਹੈ। ਇਹੀ ਕੁਝ ਮੇਰੇ ਨਾਲ ਹੋਇਆ ਸੀ। ਮੇਰੇ ਪਿਤਾ ਦੇ ਜਾਣ ਤੋਂ ਪਿੱਛੋਂ ਮੇਰੀ ਮਾਂ ਵੀ ਉਥੇ ਚਲੀ ਗਈ, ਉਸੇ ਦੇਸ਼ ਵਿਚ ਜਿਥੇ ਸ਼ਾਇਦ ਮੇਰੇ ਬਾਪ ਚਲਾ ਗਿਆ ਸੀ। ਅਸੀਂ ਸਾਰਿਆਂ ਨੇ ਵੀ ਹੌਲੀ-ਹੌਲੀ ਉਸੇ ਜਹਾਨ ਵਿਚ ਚਲੇ ਹੀ ਜਾਣਾ ਹੈ। ਉਨ੍ਹਾਂ ਸਾਰਿਆਂ ਨੇ ਵੀ ਉਥੇ ਜਾਣਾ ਹੈ, ਜਿਨ੍ਹਾਂ ਦੀ ਸਾਨੂੰ ਕੋਈ ਪ੍ਰਵਾਹ ਨਹੀਂ ਹੁੰਦੀ। ਪਰ ਜਦੋਂ ਸਾਡੇ ਪਿਆਰੇ ਸਾਨੂੰ ਛੱਡ ਚਲੇ ਜਾਂਦੇ ਹਨ, ਤਾਂ ਬਹੁਤ ਹੀ ਦੁੱਖ ਮਹਿਸੂਸ ਹੁੰਦਾ ਹੈ। ਲੜਕੀਆਂ ਦੀ ਜ਼ਿੰਦਗੀ ਤਾਂ ਹਨੇਰੇ ਵਿਚ ਹੀ ਧੱਕੀ ਜਾਂਦੀ ਹੈ। ਉਹ ਹੀ ਮੇਰੇ ਨਾਲ ਵਾਪਰਿਆ ਸੀ। ਜਿਵੇਂ ਮੈਂ ਦੱਸਿਆ ਹੈ ਸਾਡੀ ਤਾਂ ਪੈਲੀ ਬਹੁਤ ਸਾਰੀ ਤੇ ਹੁਣ ਮੈਂ ਉਸ ਦੀ ਮਾਲਕਣ ਸਾਂ। ਮੇਰਾ ਮਾਮਾ ਮੈਨੂੰ ਆਪਣੇ ਘਰ ਹੀ ਲੈ ਆਇਆ ਸੀ ਕਿ ਉਹ ਮੇਰੀ ਦੇਖਭਾਲ ਕਰਨਗੇ। ਮਾਮਾ ਤਾਂ ਸੁਭਾਅ ਦਾ ਬਹੁਤ ਚੰਗਾ ਸੀ, ਮੈਨੂੰ ਆਪਣੇ ਬੱਚਿਆਂ ਵਾਂਗ ਹੀ ਸਮਝਦਾ ਸੀ ਪਰ ਮਾਮੀ ਬਹੁਤ ਹੀ ਵਿਤਕਰਾ ਕਰਦੀ ਸੀ। ਹੁਣ ਮੈਨੂੰ ਮਾਂ ਦੀ ਕਮੀਂ ਮਹਿਸੂਸ ਹੋਣ ਲੱਗ ਪਈ ਸੀ। ਮੇਰੀ ਮਾਮੀ ਦਾ ਮੇਰੇ ਪ੍ਰਤੀ ਵਰਤਾਵ ਕੌੜਾ ਸੀ। ਮੈਂ ਮਤਰੇਈ ਮਾਂ ਦੇਖੀ ਤਾਂ ਨਹੀਂ ਹੈ ਪਰ ਜਿਵੇਂ ਸੁਣਿਆ ਸੀ, ਮੇਰੀ ਮਾਮੀ ਦਾ ਮੇਰੇ ਪ੍ਰਤੀ ਵਰਤਾਵ ਮਤਰੇਈਆਂ ਮਾਵਾਂ ਨਾਲ ਬਿਲਕੁਲ ਵੀ ਘੱਟ ਨਹੀਂ ਸੀ। ਉਹ ਆਪਣੇ ਬੱਚਿਆਂ ਨੂੰ ਚੰਗਾ ਖਾਣਾ ਦੀਆ ਕਰਦੀ ਸੀ ਅਤੇ ਮੇਰੇ ਲਈ ਬਚਿਆ-ਖੁਚਿਆ ਦਿਆ ਕਰਦੀ ਸੀ। ਭਾਵੇਂ ਮੈਂ ਇਹ ਸਭ ਸਮਝਦੀ ਸੀ ਪਰ ਘਰੇ ਕਲੇਸ਼ ਦੇ ਡਰ ਤੋਂ ਕਦੇ ਵੀ ਆਪਣਾ ਮੂੰਹ ਨਹੀਂ ਖੋਲ੍ਹਦੀ ਸੀ। ਮਾਮਾ ਤਾਂ ਆਪਣੇ ਖੇਤੀ ਦੇ ਕੰਮਾਂ ਵਿਚ ਰੁੱਝਾ ਰਹਿੰਦਾ ਸੀ। ਮਾਮੇ ਦੇ ਦੋਵੇਂ ਬੱਚੇ ਵੀ ਮੇਰੇ ਨਾਲ ਖੇਡਣਾ ਪਸੰਦ ਨਹੀਂ ਕਰਦੇ ਸੀ। ਖਿਡੌਣੇ ਵੀ ਮੈਨੂੰ ਉਨ੍ਹਾਂ ਦੁਆਰਾ ਨਕਾਰਾ ਕੀਤੇ ਹੋਏ ਖੇਡਣ ਲਈ ਦਿੱਤੇ ਜਾਂਦੇ ਸੀ। ਮੈਂ ਆਪਣੀ ਪੜ੍ਹਾਈ ਵਿਚ ਹੀ ਧਿਆਨ ਰੱਖਦੀ ਸੀ। ਮੈਂ ਦਸਵੀਂ ਪਾਸ ਕਰ ਲਈ ਸੀ ਅਤੇ ਅੱਗੇ ਪੜ੍ਹਨਾ ਚਾਹੁੰਦੀ ਸੀ। ਮੇਰੀ ਮਾਮੀ ਮੈਨੂੰ ਹੋਰ ਪੜ੍ਹਾਉਣ ਲਈ ਬਿਕੁਲ ਵੀ ਤਿਆਰ ਨਹੀਂ ਸੀ ਉਹ ਮੇਰੀ ਪੈਲੀ ਦੇ ਲਾਲਚ ਕਰਕੇ ਮੈਨੂੰ ਆਪਦੀ ਰਿਸ਼ਤੇਦਾਰੀ ਵਿਚ ਹੀ ਵਿਆਹ ਦੇਣਾ ਚਾਹੁੰਦੀ ਸੀ।

ਮੇਲੇ ਵਿਚ ਜਦੋਂ ਗੱਜਣ ਮੈਨੂੰ ਮਿਲ ਗਿਆ ਸੀ, ਤਾਂ ਮੈਂ ਮਨ ਹੀ ਮਨ ਉਸ ਨਾਲ ਜ਼ਿੰਦਗੀ ਬਿਤਾਉਣ ਦਾ ਮਨ ਬਣਾ ਲਿਆ ਸੀ। ਪਰ ਇਸ ਦੀ ਭਿਣਕ ਮੈਂ ਆਪਣੀ ਮਾਮੀ ਨੂੰ ਨਹੀਂ ਦਿੱਤੀ ਸੀ ਕਿਉਂ ਜੋ ਉਹ ਇਹ ਨਹੀਂ ਚਾਹੁੰਦੀ ਸੀ ਮੇਰਾ ਰਿਸ਼ਤਾ ਕਿਸੇ ਹੋਰ ਥਾਂ ’ਤੇ ਹੋਵੇ। ਮੈਂ ਆਨੇ-ਬਹਾਨੇ ਗੱਜਣ ਨੂੰ ਫੋਨ ਕਰ ਲਿਆ ਕਰਦੀ ਸੀ। ਇਕ ਦਿਨ ਮੈਂ ਉਸ ਨਾਲ ਗੁਰਦੁਆਰੇ ਵਿਚ ਮਿਲਣ ਦਾ ਪ੍ਰੋਗਰਾਮ ਬਣਾ ਲਿਆ। ਅਸੀਂ ਮਿਲੇ ਤਾਂ ਮੈਂ ਉਸ ਨੂੰ ਸਪੱਸ਼ਟ ਹੀ ਪੁੱਛ ਲਿਆ ਕਿ ਤੂੰ ਮੇਰੇ ਨਾਲ ਟਾਇਮ ਪਾਸ ਕਰ ਰਿਹਾ ਹੈਂ ਕਿ ਜ਼ਿੰਦਗੀ ਇਕੱਠੇ ਬਿਤਾਉਣ ਦੇ ਮਨ ਵੀ ਹੈ। ਉਹ ਇਹ ਸੁਣ ਇਕ ਵਾਰ ਤਾਂ ਹੈਰਾਨ ਹੋ ਗਿਆ, ਫਿਰ ਉਸ ਨੇ ਸੰਭਲ ਕੇ ਆਖਿਆ ਕਿ ਜੇਕਰ ਤੇਰੀ ਮੇਰੇ ਨਾਲ ਅਗਲੇਰੀ ਜ਼ਿੰਦਗੀ ਬਿਤਾਉਣ ਦੀ ਮਰਜ਼ੀ ਹੈ, ਤਾਂ ਮੈਨੂੰ ਵੀ ਕੋਈ ਇਤਰਾਜ਼ ਨਹੀਂ ਹੈ। ਮੈਂ ਆਪਣੇ ਮਾਪਿਆਂ ਨਾਲ ਗੱਲ ਕਰ ਕੇ ਉਨ੍ਹਾਂ ਨੂੰ ਤੁਹਾਡੇ ਘਰ ਰਿਸ਼ਤੇ ਲਈ ਭੇਜ ਸਕਦਾ ਹਾਂ। ਜੇਕਰ ਆਪਣੇ ਮਾਪੇ ਮੰਨ ਜਾਣਗੇ, ਤਾਂ ਆਪਾਂ ਛੇਤੀ ਹੀ ਵਿਆਹ ਬੰਧਨ ਵਿਚ ਬੱਝ ਸਕਦੇ ਹਾਂ। ਮੈਨੂੰ ਉਸਦੀ ਇਸ ਗੱਲ ਨਾਲ ਤਸੱਲੀ ਗਈ। ਮੈਂ ਘਰੇ ਪੁੱਜ ਕੇ ਮੌਕਾ ਦੇਖ ਆਪਣੇ ਮਾਮੇ ਨੂੰ ਦੱਸ ਦਿਤਾ ਕਿ ਮੈਂ ਗੁਆਂਢੀ ਪਿੰਡ ਦੇ ਮੁੰਡੇ ਨਾਲ ਵਿਆਹ ਕਰਵਾਉਣਾ ਹੈ। ਉਸ ਦੇ ਮਾਪੇ ਤਿਆਰ ਹਨ ਅਤੇ ਇਸ ਐਤਵਾਰ ਤੁਹਾਡੇ ਗੱਲ ਕਰਨ ਲਈ ਆਉਣਗੇ। ਤੁਸੀਂ ਉਨ੍ਹਾਂ ਨਾਲ ਸਾਰੇ ਪ੍ਰੋਗਰਾਮ ਬਣਾ ਲੈਣਾ। ਜੇਕਰ ਤੁਹਾਨੂੰ ਠੀਕ ਨਾ ਲੱਗਿਆ, ਤਾਂ ਹੋਰ ਵਿਚਾਰ ਕਰ ਸਕਦੇ ਹਾਂ। ਮਾਮੇ ਨੇ ਜਦੋਂ ਮਾਮੀ ਦੇ ਰਿਸ਼ਤੇਦਾਰਾਂ ਵਲੋਂ ਆਏ ਰਿਸ਼ਤੇ ਬਾਰੇ ਮੈਨੂੰ ਦੱਸਿਆ, ਤਾਂ ਮੈਂ ਉਨ੍ਹਾਂ ਨੂੰ ਉਸ ਲੜਕੇ ਦੇ ਸਾਰੇ ਔਗਣ ਮਾਮੇ ਨੂੰ ਦੱਸ ਦਿੱਤੇ ਅਤੇ ਉਨ੍ਹਾਂ ਦੀ ਤਸੱਲੀ ਕਰ ਲੈਣ ਲਈ ਆਖ ਦਿੱਤਾ। ਮਾਮੇ ਨੂੰ ਜਦੋਂ ਅਸਲੀਅਤ ਸਮਝ ਆ ਗਈ, ਤਾਂ ਉਸ ਨੇ ਮੈਨੂੰ ਗੱਜਣ ਨਾਲ ਰਿਸ਼ਤਾ ਜੋੜਨ ਸਬੰਧੀ ਹਰੀ ਝੰਡੀ ਦੇ ਦਿੱਤੀ। ਮੈਂ ਮਨ ਹੀ ਮਨ ਖੁਸ਼ ਹੋ ਗਈ। ਮੈਨੂੰ ਇਹ ਪੂਰਨ ਤਸੱਲੀ ਸੀ ਕਿ ਹੁਣ ਮਾਮਾ ਮੇਰੇ ਨਾਲ ਹੈ ਤੇ ਉਹ ਮੇਰੀ ਖੁਸ਼ੀ ਲਈ ਹਰ ਸੰਭਵ ਯਤਨ ਕਰੇਗਾ। ਜਦੋਂ ਮਾਮੀ ਨੂੰ ਪਤਾ ਲੱਗਾ ਤਾਂ ਉਹ ਕਲੇਸ਼ ਕਰਨ ਲੱਗ ਪਈ ਕਿਉਂਕਿ ਉਸ ਦੀਆਂ ਸਕੀਮਾਂ ਫੇਲ ਹੋ ਰਹੀਆਂ ਸਨ।

ਐਤਵਾਰ ਗੱਜਣ ਦੇ ਮਾਤਾ-ਪਿਤਾ ਗੱਜਣ ਨੂੰ ਲੈ ਕੇ ਆ ਗਏ। ਉਨ੍ਹਾਂ ਦੀ ਸੇਵਾ ਕੀਤੀ ਗਈ। ਗੱਲਾਂਬਾਤਾਂ ਹੋਈਆਂ। ਵਿਚਾਰ-ਵਟਾਂਦਰਾ ਕਾਫੀ ਦੇਰ ਤੱਕ ਚੱਲਦਾ ਰਿਹਾ। ਮਾਮੀ ਨੇ ਕਈ ਗੱਲਾਂ ਪੁੱਛੀਆਂ ਉਹ ਨਾਂਹ ਲਈ ਕੋਈ ਨਾ ਕੋਈ ਬਹਾਨਾ ਲੱਭ ਰਹੀ ਸੀ। ਜਦੋਂ ਕੋਈ ਵਾਹ ਨਾ ਚੱਲੀ, ਤਾਂ ਗੱਜਣ ਦੀ ਝੋਲੀ ਵਿਚ ਸ਼ਗਨ ਪਾ ਦਿੱਤਾ ਗਿਆ। ਵਿਆਹ ਦੀ ਤਰੀਕ ਇਕ ਮਹੀਨੇ ਬਾਅਦ ਦੀ ਬੰਨ੍ਹ ਲਈ ਗਈ।

ਇਹ ਖਬਰ ਮਾਮੀ ਨੇ ਜੋਰੇ ਨੂੰ ਪੁੱਜਦੀ ਕਰ ਦਿੱਤੀ। ਜੋਰੇ ਅਤੇ ਉਸ ਦੇ ਮਾਪਿਆਂ ਨੂੰ ਇਹ ਬਿਲਕੁਲ ਹੀ ਮਨਜ਼ੂਰ ਨਹੀਂ ਸੀ। ਉਨ੍ਹਾਂ ਨੇ ਮਾਮੇ ਨੂੰ ਆਪਣੇ ਕੋਲ ਸੱਦ ਲਿਆ ਅਤੇ ਸਮਝਾਉਣ ਦੀ ਕੋਸ਼ਿਸ਼ ਕੀਤੀ। ਪਰ ਮਾਮਾ ਉਨ੍ਹਾਂ ਨੂੰ ਕੋਰਾ ਜਵਾਬ ਦੇ ਆਇਆ ਅਤੇ ਆ ਕੇ ਉਸ ਨੇ ਸਾਰੀ ਗੱਲ ਮੈਨੂੰ ਤੇ ਮਾਮੀ ਨੂੰ ਦੱਸ ਦਿੱਤੀ। ਮੈਂ ਤਾਂ ਮਨ ਹੀ ਮਨ ਖੁਸ਼ ਹੋ ਗਈ ਪਰ ਮਾਮੀ ਨੂੰ ਇਹ ਗੱਲ ਬਿਲਕੁਲ ਹੀ ਨਾ ਭਾਈ। ਉਸ ਦਾ ਮੇਰੇ ਪ੍ਰਤੀ ਵਤੀਰਾ ਹੋਰ ਸਖਤ ਹੋ ਗਿਆ। ਪਰ ਮੈਂ ਇਹ ਸਭ ਸਮਝ ਰਹੀ ਸੀ, ਮੈਂ ਥੋੜ੍ਹੇ ਸਮੇਂ ਦੀ ਗੱਲ ਜਾਣ ਕੇ ਮਾਮੀ ਨਾਲ ਪਿਆਰ ਭਰਿਆ ਵਰਤਾਵ ਕਰਨ ਲੱਗੀ। ਜਦੋਂ ਵੀ ਉਹ ਮੇਰੇ ਨਾਲ ਕੌੜਾ ਬੋਲਦੀ, ਮੈਂ ਹੱਸ ਕੇ ਟਾਲ ਦਿੰਦੀ ਸੀ।

ਵਿਆਹ ਲਈ ਖਰੀਦ ਕਰਨ ਲਈ ਮੈਂ ਆਪਣੀ ਮਾਮੀ ਨਾਲ ਸ਼ਹਿਰ ਗਈ ਸੀ। ਤਾਂ ਸਾਨੂੰ ਬਜ਼ਾਰ ਵਿਚ ਗੱਜਣ ਤੇ ਉਸ ਦੇ ਮਾਪੇ ਵੀ ਮਿਲੇ, ਉਹ ਵੀ ਖਰੀਦ ਕਰਨ ਆਏ ਹੋਏ ਸੀ। ਅਸੀਂ ਹਾਲੇ ਗੱਲਾਂ ਕਰ ਰਹੇ ਸੀ ਕਿ ਸਾਡੇ ਸਾਹਮਣੇ ਵਾਲੇ ਪਾਸੇ ਤੋਂ ਤਿੰਨ-ਚਾਰ ਆਦਮੀ ਜਿਨ੍ਹਾਂ ਦੇ ਮੂੰਹ ਢਕੇ ਹੋਏ ਸਨ ਅਤੇ ਉਨ੍ਹਾਂ ਦੇ ਹੱਥਾਂ ਵਿਚ ਲਾਠੀਆਂ ਸਨ ਅਤੇ ਇਕ ਆਦਮੀ ਕੋਲ ਪਿਸਤੌਲ ਸੀ, ਜਿਹੜਾ ਪੂਰੀ ਆਕੜ ਨਾਲ ਚੱਲ ਰਿਹਾ ਸੀ, ਸਾਡੇ ਕੋਲ ਆ ਕੇ ਰੁਕੇ। ਅਸੀਂ ਹਾਲੇ ਦੁਕਾਨ ਦੇ ਅੰਦਰ ਵੜਨਾ ਹੀ ਸੀ ਕਿ ਉਨ੍ਹਾਂ ਨੇ ਸਾਨੂੰ ਘੇਰਾ ਪਾ ਲਿਆ। ਪਿਸਤੌਲ ਵਾਲੇ ਨੇ ਮੇਰੇ ਵਲ ਪਿਸਤੌਲ ਸਿੱਧਾ ਕਰ ਲਿਆ ਤੇ ਮੈਨੂੰ ਨਾਲ ਚੱਲਣ ਦਾ ਇਸ਼ਾਰਾ ਕੀਤਾ। ਗੱਜਣ ਵੀ ਉਨ੍ਹਾਂ ਵੱਲ ਸਿੱਧਾ ਹੋ ਗਿਆ। ਇਸ ਤੋਂ ਪਹਿਲਾਂ ਕਿ ਗੱਜਣ ਕੁਝ ਬੋਲਦਾ, ਲਾਠੀਆਂ ਵਾਲਿਆਂ ਨੇ ਗੱਜਣ ’ਤੇ ਲਾਠੀਆਂ ਨਾਲ ਹਮਲਾ ਕਰ ਦਿਤਾ। ਬਾਜ਼ਾਰ ਵਿਚ ਭਾਜੜ ਪੈ ਗਈ। ਗੱਜਣ ਨੇ ਵੀ ਡੱਟ ਕੇ ਮੁਕਾਬਲਾ ਕੀਤਾ। ਇਕ ਲਾਠੀ ਉਸ ਦੇ ਹੱਥ ਆ ਗਈ, ਫਿਰ ਉਸ ਨੇ ਲਾਠੀਆਂ ਵਾਲਿਆਂ ਨਾਲ ਮੁਕਾਬਲਾ ਕੀਤਾ। ਪਿਸਤੌਲ ਵਾਲਾ ਮੈਨੂੰ ਚੁੱਕਣ ਲਈ ਮੇਰੇ ਵੱਲ ਅਹੁਲਿਆ। ਮੈਂ ਮਾਮੀ ਦੇ ਓਹਲੇ ਹੋ ਗਈ। ਉਸ ਨੇ ਮਾਮੀ ਨੂੰ ਧੱਕਾ ਮਾਰਿਆ ਤੇ ਫਿਰ ਮੇਰੇ ਵੱਲ ਹੋਇਆ। ਮੈਂ ਭੱਜ ਪਈ ਤੇ ਇਕ ਮੋੜ ਮੁੜ ਗਈ, ਉਹ ਵੀ ਮੇਰੇ ਪਿੱਛੇ ਭੱਜਿਆ। ਜਦੋਂ ਗੱਜਣ ਨੇ ਦੇਖਿਆ ਕਿ ਮੈਂ ਗਾਇਬ ਹਾਂ, ਉਹ ਵੀ ਉਸੇ ਪਾਸੇ ਵੱਲ ਭੱਜਿਆ, ਜਿੱਧਰ ਮੈਂ ਤੇ ਪਿਸਤੌਲ ਵਾਲਾ ਗਏ ਸਾਂ। ਪਿਸਤੌਲ ਵਾਲੇ ਨੇ ਗੱਜਣ ’ਤੇ ਪਿਸਤੌਲ ਤਾਣ ਲਿਆ। ਮੈਂ ਵੇਖ ਰਹੀ ਸਾਂ। ਮੈਨੂੰ ਲੱਗਿਆ ਕਿ ਇਹ ਤਾਂ ਮੇਰੀ ਦੁਨੀਆਂ ਉਜਾੜ ਦੇਵੇਗਾ। ਮੈਂ ਵੀ ਉਨ੍ਹਾਂ ਵੱਲ ਹੀ ਮੁੜ ਆਈ। ਮੈਨੂੰ ਵੇਖ ਕੇ ਪਿਸਤੌਲ ਵਾਲਾ ਮੇਰੇ ਵੱਲ ਹੋਇਆ, ਤਾਂ ਗੱਜਣ ਨੇ ਪੂਰੇ ਜ਼ੋਰ ਨਾਲ ਉਸ ਨੂੰ ਧੱਕਾ ਮਾਰਿਆ। ਉਹ ਡਿੱਗ ਪਿਆ ਅਤੇ ਉਸ ਦੇ ਹੱਥੋਂ ਪਿਸਤੌਲ ਛੁੱਟ ਗਿਆ, ਜਿਸ ਨੂੰ ਗੱਜਣ ਚੁੱਕਣ ਹੀ ਲੱਗਾ ਸੀ ਕਿ ਪਿੱਛੋਂ ਲਾਠੀਆਂ ਵਾਲਿਆਂ ਵਿਚੋਂ ਇਕ ਨੇ ਪਿਸਤੌਲ ਨੂੰ ਠੁੱਡਾ ਮਾਰਿਆ ਤੇ ਪਿਸਤੌਲ ਨਾਲੀ ਕੋਲ ਜਾ ਕੇ ਰੁੱਕ ਗਿਆ। ਪਿੱਛੋਂ ਗੱਜਣ ਦਾ ਬਾਪੂ ਵੀ ਉਥੇ ਪਹੁੰਚ ਗਿਆ ਸੀ, ਉਸ ਨੇ ਝੱਟ ਪਿਸਤੌਲ ਨੂੰ ਹੱਥ ਪਾ ਲਿਆ। ਇਸ ਝਗੜੇ ਵਿਚ ਪਿਸਤੌਲ ਵਾਲੇ ਦੇ ਮੂੰਹ ਤੋਂ ਕੱਪੜਾ ਖੁੱਲ੍ਹ ਗਿਆ। ਮੈਂ ਉਸ ਨੂੰ ਪਛਾਣ ਲਿਆ ਕਿ ਇਹ ਤਾਂ ਜੋਰਾ ਹੈ। ਜੋਰਾ ਹੁਣ ਨਿਹੱਥਾ ਸੀ, ਉਸ ਨੇ ਭੱਜਣ ਵਿਚ ਹੀ ਆਪਣੀ ਭਲਾਈ ਸਮਝੀ। ਹੁਣ ਜੋਰਾ ਤੇ ਉਸ ਦੇ ਸਾਥੀ ਉਥੋਂ ਭੱਜ ਗਏ। ਮੈਂ ਸਾਰਿਆਂ ਨੂੰ ਜੋਰੇ ਦੀ ਕਰਤੂਤ ਤੋਂ ਜਾਣੂ ਕਰਵਾ ਦਿੱਤਾ। ਜਦੋਂ ਮਾਮੀ ਨੂੰ ਗਿਆਨ ਹੋਇਆ, ਤਾਂ ਉਹ ਬਹੁਤ ਹੀ ਘਬਰਾ ਗਈ ਅਤੇ ਬੇਹੋਸ਼ ਹੋ ਕੇ ਡਿੱਗ ਪਈ। ਅਸੀਂ ਉਸ ਦੀ ਸੰਭਾਲ ਵਿਚ ਲੱਗ ਗਏ। ਉਸ ਨੂੰ ਨੇੜੇ ਹਸਪਤਾਲ ਵਿਚ ਲੈ ਕੇ ਗਏ। ਮਾਮੇ ਨੂੰ ਬੁਲਵਾ ਲਿਆ। ਗੱਜਣ ਤੇ ਉਸ ਦੇ ਮਾਪੇ ਵੀ ਸਾਡੇ ਨਾਲ ਹੀ ਸਨ। ਖਰੀਦ ਤਾਂ ਵਿਚੇ ਹੀ ਰਹਿ ਗਈ। ਮਾਮਾ ਹਸਪਤਾਲ ਪੁੱਜ ਗਿਆ। ਉਸ ਨੇ ਮਾਮੀ ਨੂੰ ਦੇਖਿਆ ਤੇ ਫਿਰ ਮੈਨੂੰ ਸਾਰੀ ਘਟਨਾ ਪੁੱਛੀ। ਮੈਂ ਵਿਸਥਾਰ ਨਾਲ ਦੱਸ ਦਿੱਤੀ। ਜਦੋਂ ਮੈਂ ਮਾਮੇ ਨੂੰ ਦੱਸਿਆ ਕਿ ਇਹ ਹਮਲਾ ਕਰਨ ਵਾਲਾ ਕੋਈ ਹੋਰ ਨਹੀਂ ਜੋਰਾ ਹੀ ਸੀ। ਮਾਮਾ ਬਹੁਤ ਗੁੱਸੇ ਵਿਚ ਆ ਗਿਆ। ਮਾਮੇ ਨੂੰ ਜੋਰੇ ਦੀ ਇਸ ਗੰਦੀ ਹਰਕਤ ਦਾ ਗਿਆਨ ਹੋ ਗਿਆ। ਉਸ ਨੇ ਪਿੰਡ ਜਾ ਕੇ ਪੰਚਾਇਤ ਕੀਤੀ। ਗੱਜਣ ਦੇ ਮਾਪਿਆਂ ਨਾਲ ਸਲਾਹ ਕਰ ਆਉਂਦੇ ਐਤਵਾਰ ਨੂੰ ਮੇਰਾ ਵਿਆਹ ਪੰਚਾਇਤ ਦੀ ਹਾਜ਼ਰੀ ਵਿਚ ਕਰ ਦਿੱਤਾ। ਪੰਚਾਇਤ ਨੇ ਸਾਨੂੰ ਹਦਾਇਤ ਕੀਤੀ ਕਿ ਤੁਸੀਂ ਹੁਣ ਕੋਈ ਬਦਲਾ ਲੈਣ ਵਾਲੀ ਹਰਕਤ ਨਹੀਂ ਕਰਨੀ ਹੈ। ਜੇਕਰ ਉਸ ਨੇ ਕੋਈ ਹਰਕਤ ਕੀਤੀ, ਤਾਂ ਅਸੀਂ ਜੋਰੇ ਨਾਲ ਅਤੇ ਉਸ ਦੇ ਮਾਪਿਆਂ ਨਾਲ ਨਜਿੱਠਾਂਗੇ।

ਬਲਦੇਵ ਸਿੰਘ ਬੇਦੀ
ਜਲੰਧਰ
90419-25181
ਪੰਜਾਬ ਮੇਲ USA



# ਲੋਕ-ਗੀਤਾਂ 'ਚ ਨਹੀਓਂ ਭੁੱਲ ਸਕਦੀ ਸੁਰਿੰਦਰ ਕੌਰ ਦੀ ਮਿੱਠੜੀ ਆਵਾਜ਼

## ਜਨਮ ਦਿਨ 'ਤੇ ਵਿਸ਼ੇਸ਼



*1947 ਦੀ ਵੰਡ ਨੇ ਸੁਰਿੰਦਰ ਕੌਰ ਦੇ ਪਰਿਵਾਰ ਨੂੰ ਭਾਰਤ ਆਉਣ ਲਈ ਮਜਬੂਰ ਕਰ ਦਿੱਤਾ। ਗਾਜ਼ੀਆਬਾਦ ਵਿਚ ਆ ਕੇ ਉਨ੍ਹਾਂ ਆਪਣਾ ਨਵਾਂ ਜੀਵਨ ਸ਼ੁਰੂ ਕੀਤਾ। 1948 ਵਿਚ ਉਨ੍ਹਾਂ ਦੀ ਵਿਆਹੁਤਾ ਜ਼ਿੰਦਗੀ ਦੀ ਸ਼ੁਰੂਆਤ ਹੋਈ ਜੋਗਿੰਦਰ ਸਿੰਘ ਸੋਢੀ ਨਾਲ, ਜੋ ਕਿ ਦਿੱਲੀ ਯੂਨੀਵਰਸਿਟੀ ਵਿਚ ਪੰਜਾਬੀ ਦੇ ਲੈਕਚਰਾਰ ਸਨ। ਸੋਢੀ ਸਾਬ੍ਹ ਜੋ ਕਿ ਸੁਰਿੰਦਰ ਕੌਰ ਦੇ ਸਿਰਫ਼ ਜੀਵਨ ਸਾਥੀ ਹੀ ਨਹੀਂ ਬਣੇ, ਸਗੋਂ ਉਨ੍ਹਾਂ ਦੀ ਕਲਾ ਦੇ ਸੱਚੇ ਸਾਥੀ ਅਤੇ ਉਤਸ਼ਾਹਕ ਵੀ ਬਣੇ। ਪਤੀ ਦੇ ਸਾਥ ਅਤੇ ਸੰਗੀਤ ਨਿਰਦੇਸ਼ਕ ਗੁਲਾਮ ਹੈਦਰ ਦੇ ਸਹਿਯੋਗ ਨਾਲ ਸੁਰਿੰਦਰ ਕੌਰ ਨੇ ਮੁੰਬਈ ਨਗਰੀ ਵਿਖੇ 'ਪਿਆਰ ਕੀ ਜੀਤ', 'ਸ਼ਹੀਦ' ਤੇ 'ਲਾਲ ਦੁਪੱਟਾ' ਵਰਗੀਆਂ ਹਿੰਦੀ ਫਿਲਮਾਂ ਵਿਚ ਮੁਕੇਸ਼, ਤਲਤ ਮਹਿਮੂਦ ਅਤੇ ਮੁਹੰਮਦ ਰਫ਼ੀ ਨਾਲ ਅਨੇਕਾਂ ਦੋਗਾਣੇ ਗਾਏ।*

ਜਦੋਂ ਵੀ ਪੰਜਾਬੀ ਲੋਕ-ਸੰਗੀਤ ਦੀ ਗੱਲ ਆਉਂਦੀ ਹੈ, ਤਾਂ ਇੱਕ ਨਾਂ ਜੋ ਬਹੁਤ ਹੀ ਮਾਣ-ਸਨਮਾਨ ਅਤੇ ਪਿਆਰ ਨਾਲ ਸਾਡੀ ਜ਼ੁਬਾਨ 'ਤੇ ਆਉਂਦਾ ਹੈ ਤੇ ਜਿਸ ਨੂੰ ਸ਼ਾਇਦ ਹੀ ਕੋਈ ਅਜਿਹਾ ਸ਼ਖ਼ਸ ਹੋਵੇ, ਜਿਸ ਨੇ ਨਾ ਸੁਣਿਆ ਹੋਵੇ, ਜੀ ਹਾਂ ਉਹ ਨਾਂ ਹੈ ਸੁਰਿੰਦਰ ਕੌਰ ਜੀ ਦਾ। ਮਿੱਠੀ ਆਵਾਜ਼, ਸੁਰ-ਲੈਅ ਦੀ ਪੱਕੀ ਤੇ ਰੂਹ ਤੱਕ ਉਤਰ ਜਾਣ ਵਾਲੀ ਗਾਇਕੀ ਦੀ ਮਲਿਕਾ ਅੱਜ ਵੀ ਹਰ ਪੰਜਾਬੀ ਦੇ ਦਿਲ ਵਿਚ ਵਸ ਰਹੀ ਹੈ। ਭਾਵੇਂ ਉਹ ਅੱਜ ਸਾਡੇ ਵਿਚਕਾਰ ਨਹੀਂ ਹੈ, ਪਰ ਉਸ ਦੀ ਆਵਾਜ਼ ਰੇਡੀਓ ਤੋਂ ਲੈ ਕੇ ਪਿੰਡਾਂ-ਸ਼ਹਿਰਾਂ ਦੀਆਂ ਗਲੀਆਂ ਤੱਕ ਅੱਜ ਵੀ ਜਿਉਂਦੀ ਹੈ।

ਲਾਹੌਰ ਦੇ ਭੱਟੀ ਗੇਟ ਵਿਖੇ 25 ਨਵੰਬਰ 1929 ਨੂੰ ਪਿਤਾ ਪ੍ਰੋ. ਬਿਸ਼ਨ ਦਾਸ ਅਤੇ ਮਾਤਾ ਮਾਇਆ ਦੇਵੀ ਦੀ ਕੁੱਖੋਂ ਜਨਮ ਲੈਣ ਵਾਲੀ ਸੁਰਿੰਦਰ ਕੌਰ ਨੇ ਆਪਣੀ ਵੱਡੀ ਭੈਣ ਪ੍ਰਕਾਸ਼ ਕੌਰ ਦੀ ਗਾਇਕੀ ਵੱਲ ਰੁਚੀ ਨੂੰ ਵੇਖਦਿਆਂ ਖੁਦ ਵੀ ਗਾਇਕੀ ਦਾ ਪੱਲਾ ਫੜਿਆ। ਜਦੋਂ ਪ੍ਰਕਾਸ਼ ਕੌਰ ਨੇ ਆਲ ਇੰਡੀਆ ਰੇਡੀਓ ਲਾਹੌਰ ਤੋਂ ਗਾਉਣਾ ਸ਼ੁਰੂ ਕੀਤਾ, ਤਾਂ ਸੁਰਿੰਦਰ ਕੌਰ ਨੇ ਵੀ ਸੰਗੀਤ ਦੀ ਦੁਨੀਆਂ ਵੱਲ ਪਹਿਲਾ ਕਦਮ ਰੱਖਿਆ। ਸਿਰਫ 13 ਸਾਲ ਦੀ ਉਮਰ ਵਿਚ ਹੀ ਸਕੂਲ ਪੜ੍ਹਦੇ ਹੋਏ ਰੇਡੀਓ ਉੱਤੇ ਪਹਿਲੀ ਵਾਰ ਬੱਚਿਆਂ ਦੇ ਪ੍ਰੋਗਰਾਮ 'ਚ ਗਾਇਆ। ਉਸ ਤੋਂ ਬਾਅਦ ਪਟਿਆਲਾ ਘਰਾਣੇ ਦੇ ਵੱਡੇ ਗੁਲਾਮ ਅਲੀ ਦੇ ਭਾਣਜੇ ਮਾਸਟਰ ਇਨਾਇਤ ਹੁਸੈਨ ਕੋਲੋਂ ਕਲਾਸੀਕਲ ਸੰਗੀਤ ਦੀ ਸਿੱਖਿਆ ਹਾਸਲ ਕਰ ਆਪਣੀ ਵੱਡੀ ਭੈਣ ਪ੍ਰਕਾਸ਼ ਕੌਰ ਨਾਲ ਰਲ ਕੇ ਐੱਚ.ਐੱਮ.ਵੀ. ਰਿਕਾਰਡ ਕੰਪਨੀ ਵੱਲੋਂ ਪਹਿਲਾ ਗੀਤ ਰਿਕਾਰਡ ਕਰਵਾਇਆ, ਜਿਸ ਦੇ ਬੋਲ ਸਨ- "ਮਾਵਾਂ ਤੇ ਧੀਆਂ ਰਲ ਬੈਠੀਆਂ ਨੀ ਮਾਏ..."

ਇਹ ਉਹ ਗੀਤ ਸੀ, ਜਿਸ ਨੇ ਪੰਜਾਬੀ ਲੋਕ-ਸੰਗੀਤ ਵਿਚ ਇੱਕ ਇਤਿਹਾਸਕ ਮੋੜ ਲਿਆਂਦਾ। ਹਰੇਕ ਘਰ ਦੀ ਆਵਾਜ਼ ਬਣਿਆ ਇਹ ਗੀਤ ਅੱਜ ਵੀ ਉਸੇ ਹੀ ਤਰ੍ਹਾਂ ਮਕਬੂਲ ਹੈ, ਜਿਸ ਤਰ੍ਹਾਂ ਉਨ੍ਹਾਂ ਵੇਲਿਆਂ 'ਚ ਸੀ।

1947 ਦੀ ਵੰਡ ਨੇ ਸੁਰਿੰਦਰ ਕੌਰ ਦੇ ਪਰਿਵਾਰ ਨੂੰ ਭਾਰਤ ਆਉਣ ਲਈ ਮਜਬੂਰ ਕਰ ਦਿੱਤਾ। ਗਾਜ਼ੀਆਬਾਦ ਵਿਚ ਆ ਕੇ ਉਨ੍ਹਾਂ ਆਪਣਾ ਨਵਾਂ ਜੀਵਨ ਸ਼ੁਰੂ ਕੀਤਾ। 1948 ਵਿਚ ਉਨ੍ਹਾਂ ਦੀ ਵਿਆਹੁਤਾ ਜ਼ਿੰਦਗੀ ਦੀ ਸ਼ੁਰੂਆਤ ਹੋਈ ਜੋਗਿੰਦਰ ਸਿੰਘ ਸੋਢੀ ਨਾਲ, ਜੋ ਕਿ ਦਿੱਲੀ ਯੂਨੀਵਰਸਿਟੀ ਵਿਚ ਪੰਜਾਬੀ ਦੇ ਲੈਕਚਰਾਰ ਸਨ। ਸੋਢੀ ਸਾਬ੍ਹ ਜੋ ਕਿ ਸੁਰਿੰਦਰ ਕੌਰ ਦੇ ਸਿਰਫ਼ ਜੀਵਨ ਸਾਥੀ ਹੀ ਨਹੀਂ ਬਣੇ, ਸਗੋਂ ਉਨ੍ਹਾਂ ਦੀ ਕਲਾ ਦੇ ਸੱਚੇ ਸਾਥੀ ਅਤੇ ਉਤਸ਼ਾਹਕ ਵੀ ਬਣੇ। ਪਤੀ ਦੇ ਸਾਥ ਅਤੇ ਸੰਗੀਤ ਨਿਰਦੇਸ਼ਕ ਗੁਲਾਮ ਹੈਦਰ ਦੇ ਸਹਿਯੋਗ ਨਾਲ ਸੁਰਿੰਦਰ ਕੌਰ ਨੇ ਮੁੰਬਈ ਨਗਰੀ ਵਿਖੇ 'ਪਿਆਰ ਕੀ ਜੀਤ', 'ਸ਼ਹੀਦ' ਤੇ 'ਲਾਲ ਦੁਪੱਟਾ' ਵਰਗੀਆਂ ਹਿੰਦੀ ਫਿਲਮਾਂ ਵਿਚ ਮੁਕੇਸ਼, ਤਲਤ ਮਹਿਮੂਦ ਅਤੇ ਮੁਹੰਮਦ ਰਫ਼ੀ ਨਾਲ ਅਨੇਕਾਂ ਦੋਗਾਣੇ ਗਾਏ।



ਪੰਜਾਬੀ ਭਾਸ਼ਾ ਪ੍ਰਤੀ ਆਪਣੇ ਮੋਹ-ਪਿਆਰ ਤੇ ਮਿੱਟੀ ਦੀ ਖਿੱਚ ਨੂੰ ਵੇਖਦੇ ਹੋਏ ਸੁਰਿੰਦਰ ਕੌਰ ਨੇ ਸਿਰਫ਼ ਚਾਰ ਸਾਲ ਬਾਅਦ ਹੀ ਮੁੰਬਈ ਨਗਰੀ ਛੱਡ ਆਪਣੀ ਭੈਣ ਪ੍ਰਕਾਸ਼ ਕੌਰ ਨਾਲ ਮਿਲ ਕੇ ਜਿੱਥੇ ਪੰਜਾਬੀ ਰਵਾਇਤੀ ਲੋਕ-ਗੀਤਾਂ ਨੂੰ ਨਵੇਂ ਢੰਗ ਨਾਲ ਪੇਸ਼ ਕੀਤਾ, ਉੱਥੇ ਹੀ ਉਸ ਨੇ ਹਰਚਰਨ ਗਰੇਵਾਲ, ਆਸਾ ਸਿੰਘ ਮਸਤਾਨਾ, ਮੁਹੰਮਦ ਸਦੀਕ, ਦੀਦਾਰ ਸੰਧੂ, ਰਮੇਸ਼ ਰੰਗੀਲਾ ਤੇ ਕੇ.ਐੱਸ. ਅਗਨੀਹੋਤਰੀ ਵਰਗੇ ਕਈ ਨਾਮਵਰ ਗਾਇਕਾ ਨਾਲ ਸਦਾਬਹਾਰ ਸੈਂਕੜੇ ਦੋਗਾਣੇ ਗਾਏ।

- ਜੁੱਤੀ ਕਸੂਰੀ, ਪੈਰੀਂ ਨਾ ਪੂਰੀ...
- ਲੱਠੇ ਦੀ ਚਾਦਰ ਉੱਤੇ ਸਲੇਟੀ ਰੰਗ ਮਾਹੀਆ...
- ਜੇ ਮੁੰਡਿਆ ਸਾਡੀ ਤੋਰ ਤੂੰ ਵੇਖਣੀ....
- ਮਧਾਣੀਆਂ...
- ਲੈ ਦੇ ਮੈਨੂੰ ਮਖਮਲ ਦੀ...
- ਭਾਬੋ ਕਹਿੰਦੀ ਏ ਮਹਿੰਦਰ ਸਿੰਘਾ...
- ਆ ਗਿਆ ਵਣਜਾਰਾ ਨੀਂ, ਚੜ੍ਹਾ ਲੈ ਭਾਬੀ ਚੂੜੀਆਂ...

ਇਸ ਤੋਂ ਇਲਾਵਾ ਸੁਰਿੰਦਰ ਕੌਰ ਵਲੋਂ ਗਾਏ ਗੀਤਾਂ ਦੀ ਲੰਬੀ ਸੂਚੀ ਵਿਚ ਅਨੇਕਾਂ ਹੀ ਅਜਿਹੇ ਗੀਤ ਹਨ, ਜੋ ਕਿ ਘਰ-ਘਰ ਦੀ ਜ਼ੁਬਾਨ ਬਣ ਗਏ। ਢੋਲੇ, ਮਾਹੀਏ, ਜਿੰਦੂਆ, ਕਿੱਸੇ, ਸਲੇਟੀ, ਚਾਦਰ, ਡੋਲੀ, ਸਿੱਠਣੀਆ, ਸੁਹਾਗ ਅਤੇ ਘੋੜੀਆਂ ਵਰਗੇ ਰਿਵਾਇਤੀ ਗੀਤ ਪੰਜਾਬੀ ਰੂਹ ਨੂੰ ਛੂੰਹਦੇ ਹੋਏ ਪਿੰਡਾਂ ਦੀਆਂ ਗਲੀਆਂ ਤੋਂ ਲੈ ਕੇ ਵਿਦੇਸ਼ੀ ਵਿਆਹਾਂ ਤਕ ਅੱਜ ਵੀ ਵੱਜ ਰਹੇ ਹਨ। ਐੱਚ.ਐੱਮ.ਵੀ. ਕੰਪਨੀ ਵਲੋਂ ਸੁਰਿੰਦਰ ਕੌਰ ਦੇ ਕਈ ਐੱਲ.ਪੀ. ਰਿਕਾਰਡ ਰਿਲੀਜ਼ ਕੀਤੇ ਗਏ, ਜਿਨ੍ਹਾਂ ਨੂੰ ਲੋਕਾਂ ਨੇ ਹੱਥੋਂ-ਹੱਥ ਖਰੀਦਿਆ।

1976 ਵਿਚ ਪਤੀ ਦੀ ਅਚਾਨਕ ਮੌਤ ਨੇ ਸੁਰਿੰਦਰ ਕੌਰ ਦੀ ਜ਼ਿੰਦਗੀ 'ਚ ਇੱਕ ਤਿੱਖਾ ਮੋੜ ਲਿਉਂਦਾ। ਤਿੰਨ ਧੀਆਂ ਅਤੇ ਪਰਿਵਾਰ ਦੀ ਜ਼ਿੰਮੇਵਾਰੀ ਨੇ ਉਸ ਦੀ ਆਵਾਜ਼ ਵਿਚ ਦਰਦ, ਵਿਛੋੜਾ ਅਤੇ ਅੰਦਰੂਨੀ ਸੰਘਰਸ਼ ਨੂੰ ਪੈਦਾ ਕੀਤਾ। ਉਸ ਦੇ ਗੀਤ 'ਇਨ੍ਹਾਂ ਅੱਖੀਆਂ 'ਚ ਪਾਵਾਂ ਕਿਵੇਂ ਕੱਜਲਾ.., ਮਹਿਰਮ ਦਿਲਾਂ ਦੇ ਮਾਹੀ..., ਨੀਂ ਮੈਂ ਜਾਣਾ ਰੱਬ ਦੇ ਕੋਲ, ਦਿਲ ਮੇਰੇ ਨੂੰ ਚੈਨ ਨਾ ਆਵੇ..' ਉਸ ਦੇ ਅੰਦਰੂਨੀ ਪ੍ਰਤਿਬਿੰਬ ਬਣ ਗਏ। ਲੇਕਿਨ ਬਾਅਦ ਵਿਚ ਉਸ ਨੇ ਆਪਣੀ ਬੇਟੀ ਡੌਲੀ ਗੁਲੇਰੀਆ ਅਤੇ ਦੋਹਤੀ ਸੁਨੈਨੀ ਨਾਲ ਰਲ ਕੇ ਆਪਣੇ ਲੋਕ-ਗੀਤਾਂ ਦੇ ਸਫ਼ਰ ਨੂੰ ਇਕ ਵਾਰ ਫੇਰ ਅੱਗੇ ਵਧਾਇਆ।

ਜੇਕਰ ਉਨ੍ਹਾਂ ਨੂੰ ਦੇਸ਼-ਵਿਦੇਸ਼ ਤੋਂ ਮਿਲੇ ਅਨੇਕਾਂ ਸਨਮਾਨਾਂ ਤੇ ਪੁਰਸਕਾਰਾਂ ਦੀ ਗੱਲ ਕਰੀਏ, ਤਾਂ ਸੰਗੀਤ ਨਾਟਕ ਅਕੈਡਮੀ ਪੁਰਸਕਾਰ, ਮਿਲੇਨੀਅਮ ਪੰਜਾਬੀ ਸਿੰਗਰ ਐਵਾਰਡ, ਗੁਰੂ ਨਾਨਕ ਦੇਵ ਯੂਨੀਵਰਸਿਟੀ ਤੋਂ ਡਾਕਟਰੇਟ ਦੀ ਡਿਗਰੀ ਅਤੇ 2006 ਵਿਚ ਭਾਰਤ ਸਰਕਾਰ ਵੱਲੋਂ 'ਪਦਮ ਸ੍ਰੀ' ਪੁਰਸਕਾਰ, ਇਹ ਸਾਰੇ ਸੁਰਿੰਦਰ ਕੌਰ ਵਲੋਂ ਗਾਉਣ ਦੀ ਲਗਨ ਅਤੇ ਕਲਾ ਦੀ ਗਵਾਹੀ ਭਰਦੇ ਹਨ। ਜ਼ਿਕਰਯੋਗ ਹੈ ਕਿ ਸਾਬਕਾ ਪ੍ਰਧਾਨ ਮੰਤਰੀ ਡਾ. ਮਨਮੋਹਣ ਸਿੰਘ ਵਲੋਂ ਸੁਰਿੰਦਰ ਕੌਰ ਨੂੰ ਮਰਨ ਉਪਰੰਤ 'ਪੰਜਾਬ ਦੀ ਕੋਇਲ' ਦਾ ਖਿਤਾਬ ਵੀ ਦਿੱਤਾ ਗਿਆ।

ਸ਼ੋਰ-ਸ਼ਰਾਬੇ ਵਾਲੀ ਗਾਇਕੀ ਤੋਂ ਕੋਹਾਂ ਦੂਰ ਅਤੇ ਪਰਿਵਾਰਕ ਸਾਫ਼-ਸੁਥਰੀ ਗਾਇਕੀ ਦੀ ਮਲਿਕਾ ਸੁਰਿੰਦਰ ਕੌਰ ਆਪਣੀ ਜ਼ਿੰਦਗੀ ਦੇ ਅੰਤਿਮ ਚਰਨਾਂ ਵਿਚ ਕੁਝ ਸਮਾਂ ਪੰਚਕੂਲਾ ਵਿਖੇ ਆਪਣੀ ਵੱਡੀ ਧੀ ਡੌਲੀ ਗੁਲੇਰੀਆ ਕੋਲ ਰਹੀ, ਜੋ ਕਿ ਆਪਣੀ ਮਾਂ ਵਲੋਂ ਗਾਈ ਜਾ ਰਹੀ ਲੋਕ-ਗਾਇਕੀ ਪ੍ਰੰਪਰਾ ਨੂੰ ਅੱਗੇ ਵਧਾ ਰਹੀ ਹੈ। ਬਾਅਦ ਵਿਚ ਉਹ ਆਪਣੀ ਇਕ ਲੰਬੀ ਬਿਮਾਰੀ ਦੇ ਇਲਾਜ ਲਈ ਆਪਣੀਆਂ ਛੋਟੀਆਂ ਧੀਆਂ ਨੰਦਿਨੀ ਅਤੇ ਪ੍ਰਮੋਦਨੀ ਕੋਲ ਅਮਰੀਕਾ ਚਲੀ ਗਈ ਅਤੇ ਉੱਥੇ ਹੀ ਨਿਊਜਰਸੀ ਦੇ ਇਕ ਹਸਪਤਾਲ ਵਿਚ 14 ਜੂਨ 2006 ਨੂੰ 77 ਸਾਲ ਦੀ ਉਮਰ 'ਚ ਇਸ ਫ਼ਾਨੀ ਸੰਸਾਰ ਨੂੰ ਅਲਵਿਦਾ ਆਖਦੀ ਹੋਈ ਆਪਣੀ ਮਧੁਰ ਆਵਾਜ਼ ਰਾਹੀਂ ਲਗਭਗ 2000 ਗੀਤਾਂ 'ਚ ਹਮੇਸ਼ਾ ਲਈ ਅਮਰ ਹੋ ਗਈ।

ਤਕਰੀਬਨ ਛੇ ਦਹਾਕਿਆਂ ਤੱਕ ਸੁਰਿੰਦਰ ਕੌਰ ਨੇ ਆਪਣੀ ਗਾਇਕੀ ਰਾਹੀਂ ਪੰਜਾਬੀ ਲੋਕ-ਸੰਗੀਤ ਨੂੰ ਨਾ ਸਿਰਫ਼ ਸੰਭਾਲਿਆ, ਸਗੋਂ ਵਿਸ਼ਵ ਪੱਧਰ 'ਤੇ ਵੀ ਪਹੁੰਚਾਇਆ। ਸਾਂਝੇ ਪੰਜਾਬ ਤੋਂ ਲੈ ਕੇ ਲੰਡਨ, ਕੈਨੇਡਾ, ਅਮਰੀਕਾ, ਦੁਬਈ ਤੱਕ ਜਿੱਥੇ ਵੀ ਪੰਜਾਬੀ ਬੋਲਣ ਵਾਲਾ ਵੱਸਦਾ ਸੀ, ਉੱਥੇ ਹੀ ਸੁਰਿੰਦਰ ਕੌਰ ਦੀ ਆਵਾਜ਼ ਉਸ ਦੀ ਪਛਾਣ ਦੀ ਅਜਿਹੀ ਨਿਸ਼ਾਨੀ ਬਣੀ, ਜੋ ਸਦੀਆਂ ਤੀਕ ਪੰਜਾਬੀ ਰੂਹ ਦੀ ਵਕਾਲਤ ਕਰਦੀ ਰਹੇਗੀ। ਉਸ ਵਲੋਂ ਗਾਏ ਗੀਤ ਸਿਰਫ਼ ਸੰਗੀਤ ਹੀ ਨਹੀਂ, ਸਗੋਂ ਇੱਕ ਵਿਰਾਸਤ ਹਨ, ਜੋ ਪੀੜ੍ਹੀ-ਦਰ-ਪੀੜ੍ਹੀ ਚੱਲ ਰਹੇ ਹਨ ਅਤੇ ਜਿਨ੍ਹਾਂ ਰਾਹੀਂ ਪੰਜਾਬ ਦੀ ਰੂਹ ਅੱਜ ਵੀ ਧੜਕ ਰਹੀ ਹੈ ਤੇ ਸਦੀਆਂ ਤੀਕ ਧੜਕਦੀ ਰਹੇਗੀ।

ਬਲਜਿੰਦਰ ਮਾਨ
ਸੰਪਾਦਕ ਨਿੱਕੀਆਂ ਕਰੂੰਬਲਾਂ
ਮਾਹਿਲਪੁਰ (ਹੁਸ਼ਿਆਰਪੁਰ)
98150-18947
ਪੰਜਾਬ ਮੇਲ USA



# ਬਾਲ ਅਧਿਕਾਰਾਂ ਦੀ ਰਾਖੀ ਕਰੀਏ

## ਨਿੱਕੀ ਦੁਨੀਆਂ

**ਜਦੋਂ ਅਸੀਂ ਭਾਰਤ ਦੀਆਂ ਸਿਹਤ ਸਬੰਧੀ ਸਹੂਲਤਾਂ 'ਤੇ ਝਾਤੀ ਮਾਰਦੇ ਹਾਂ, ਤਾਂ ਕਰੋੜਾਂ ਬੱਚੇ ਕੁਪੋਸ਼ਣ ਦਾ ਸ਼ਿਕਾਰ ਹਨ ਅਤੇ ਕਰੋੜਾਂ ਬੱਚੇ ਭੁੱਖਮਰੀ ਨਾਲ ਮਰ ਰਹੇ ਹਨ। ਇਥੋਂ ਤੱਕ ਕਿ ਕਈ ਲੋਕ ਗਰੀਬੀ ਹੱਥੋਂ ਤੰਗ ਹੋ ਕੇ ਜਿੱਥੇ ਖੁਦਕੁਸ਼ੀ ਕਰਦੇ ਹਨ, ਉੱਥੇ ਆਪਣੇ ਬੱਚਿਆਂ ਨੂੰ ਵੀ ਨਾਲ ਹੀ ਮਾਰ ਦਿੰਦੇ ਹਨ। ਇੱਥੇ ਸਾਡੀਆਂ ਸਰਕਾਰਾਂ ਦੀ ਮੁੱਖ ਜ਼ਿੰਮੇਵਾਰੀ ਬਣਦੀ ਹੈ, ਕੋਈ ਵੀ ਬੱਚਾ ਭੁੱਖਮਰੀ ਅਤੇ ਕੋਪੋਸ਼ਣ ਦਾ ਸ਼ਿਕਾਰ ਨਾ ਹੋਵੇ, ਉਨ੍ਹਾਂ ਨੂੰ ਆਪਣੀਆਂ ਚਲਾਈਆਂ ਜਾ ਰਹੀਆਂ ਯੋਜਨਾਵਾਂ 'ਤੇ ਗੌਰ ਕਰਨ ਦੀ ਜ਼ਰੂਰਤ ਹੈ। ਸਿੱਖਿਆ ਤੋਂ ਬਗੈਰ ਬੱਚੇ ਦਾ ਜੀਵਨ ਹਨੇਰੇ ਵਿਚ ਹੀ ਰਹਿੰਦਾ ਹੈ।**



ਬੱਚਾ ਕੁਦਰਤ ਦਾ ਇੱਕ ਕਰਿਸ਼ਮਾ ਹੈ। ਬੱਚੇ ਦੇ ਜਨਮ ਨਾਲ ਹੀ ਸਮਾਜ ਦਾ ਮੁੱਢ ਬੱਝਦਾ ਹੈ। ਜੇਕਰ ਸਮਾਜ ਵਿਚ ਬੱਚੇ ਦਾ ਜਨਮ ਨਹੀਂ ਹੁੰਦਾ, ਤਾਂ ਸਮਾਜ ਦਾ ਵਾਧਾ ਰੁੱਕ ਜਾਂਦਾ ਹੈ। ਕਿਉਂਕਿ ਮਨੁੱਖ ਇਕ ਸਮਾਜਿਕ ਪ੍ਰਾਣੀ ਹੈ, ਇਸ ਲਈ ਉਹ ਸਮਾਜ ਤੋਂ ਬਗੈਰ ਨਹੀਂ ਰਹਿ ਸਕਦਾ। ਜੇਕਰ ਪਰਿਵਾਰ ਵਿਚ ਬੱਚਾ ਨਾ ਹੋਵੇ, ਬੱਚੇ ਦੀਆਂ ਕਿਲਕਾਰੀਆਂ ਨਾ ਸੁਣਨ ਤਾਂ ਉੱਥੇ ਖੁਸ਼ੀਆਂ ਤੇ ਖੇੜਾ ਨਹੀਂ ਆਉਂਦਾ। ਜਿਨ੍ਹਾਂ ਘਰਾਂ ਵਿਚ ਨਿੱਕੇ ਬਾਲ ਨਹੀਂ ਹਨ, ਉਹ ਆਂਢੀਆਂ-ਗੁਆਂਢੀਆਂ ਦੇ ਬਾਲ ਚੁੱਕ ਕੇ ਘਰ ਵਿਚ ਖਡਾਉਂਦੇ ਹਨ, ਤਾਂ ਕਿ ਖੁਸ਼ੀਆਂ ਦੀ ਲਹਿਰਾਂ-ਬਹਿਰਾਂ ਹੋਣ। ਘਰ ਵਿਚ ਬੱਚਿਆਂ ਦਾ ਹੋਣਾ ਇੰਨਾ ਹੀ ਮਹੱਤਵਪੂਰਨ ਹੈ, ਜਿੰਨਾ ਕਿ ਸਾਡੀ ਖੁਰਾਕ। ਕਿਉਂਕਿ ਮਨੁੱਖੀ ਜੀਵਨ ਦਾ ਵਿਸਥਾਰ ਬੱਚਿਆਂ ਨਾਲ ਹੀ ਸੰਭਵ ਹੈ। ਤੁਸੀਂ ਹੈਰਾਨ ਹੋਵੋਗੇ ਇਹ ਅੱਜਕੱਲ੍ਹ ਦੇ ਨੌਜਵਾਨ ਜੋੜੇ ਬੱਚੇ ਪੈਦਾ ਕਰਨ ਤੋਂ ਪਿੱਛੇ ਹੱਟ ਰਹੇ ਹਨ ਕਿਉਂਕਿ ਵਿਦੇਸ਼ੀ ਧਰਤੀਆਂ ਦੇ ਮੋਹ ਅਤੇ ਸੱਭਿਆਚਾਰ ਨੇ ਉਨ੍ਹਾਂ ਅੰਦਰ ਵੀ ਵਿਅਕਤੀਵਾਦ ਪੈਦਾ ਕਰ ਦਿੱਤਾ ਹੈ। ਸਿਰਫ਼ ਤੇ ਸਿਰਫ਼ ਆਪਣੇ ਤੱਕ ਸੀਮਤ ਰਹਿਣਾ ਹੀ ਉਹ ਜੀਵਨ ਦਾ ਮਕਸਦ ਬਣਾਈ ਬੈਠੇ ਹਨ। ਅਜਿਹੇ ਲੋਕਾਂ ਦੀ ਜੱਦ ਕਦੀ ਕਾਇਮ ਨਹੀਂ ਰਹਿ ਸਕਦੀ।

ਹੁਣ ਗੱਲ ਕਰਦੇ ਹਾਂ ਬਾਲ ਅਧਿਕਾਰਾਂ ਦੀ, ਜਿਹੜਾ ਵੀ ਬੱਚਾ ਮਾਂ ਦੇ ਗਰਭ ਵਿਚ ਆ ਚੁੱਕਾ ਹੈ, ਉਸ ਦਾ ਹੱਕ ਬਣਦਾ ਹੈ ਕਿ ਉਹ ਇਸ ਧਰਤੀ ਨੂੰ ਦੇਖੇ ਅਤੇ ਆਪਣਾ ਜੀਵਨ ਮਾਣੇ। ਬੱਚੇ ਨੂੰ ਇਸ ਧਰਤੀ ਤੱਕ ਲਿਆਉਣ ਦੀ ਜ਼ਿੰਮੇਵਾਰੀ ਮਾਪਿਆਂ ਦੀ ਹੈ। ਅਸੀਂ ਇਹ ਵੀ ਜਾਣਦੇ ਹੋ ਕਿ ਕਈ ਮਾਪੇ ਲੜਕੀਆਂ ਨੂੰ ਕੁੱਖ ਵਿਚ ਹੀ ਖਤਮ ਕਰੀ ਜਾ ਰਹੇ ਹਨ। ਇਸੇ ਕਰਕੇ ਮੁੰਡੇ ਅਤੇ ਕੁੜੀ ਦੇ ਅਨੁਪਾਤ ਦਾ ਸੰਤੁਲਨ ਵਿਗੜਿਆ ਹੋਇਆ ਹੈ। ਅੱਜ ਵੀ ਬਹੁਤ ਸਾਰੇ ਮੁੰਡੇ ਕੁੜੀਆਂ ਨੂੰ ਯੋਗ ਸਾਥੀ ਨਹੀਂ ਲੱਭ ਰਹੇ।

ਗਰਭ ਵਿਚ ਪਲ ਰਹੇ ਬੱਚੇ ਦੀ ਸਿਹਤ ਦਾ ਖਿਆਲ ਰੱਖਣਾ ਮਾਂ ਦੀ ਪ੍ਰਮੁੱਖ ਜ਼ਿੰਮੇਵਾਰੀ ਹੈ, ਜਿਸ ਵਾਸਤੇ ਸਰਕਾਰਾਂ ਵੱਲੋਂ ਬਹੁਤ ਸਾਰੀਆਂ ਸਕੀਮਾਂ ਵੀ ਚਲਾਈਆਂ ਜਾ ਰਹੀਆਂ ਹਨ। ਹਸਪਤਾਲਾਂ ਵਿਚ ਮਹੀਨਾਵਾਰ ਚੈਕਿੰਗ ਅਤੇ ਉਨ੍ਹਾਂ ਦੀ ਖੁਰਾਕ ਵੱਲ ਵਿਸ਼ੇਸ਼ ਤਵੱਜੋ ਦਿੱਤੀ ਜਾ ਰਹੀ ਹੈ। ਇਸ ਲਈ ਹਰ ਮਾਂ ਦੀ ਇਹ ਜ਼ਿੰਮੇਵਾਰੀ ਬਣਦੀ ਹੈ ਕਿ ਗਰਭ ਵਿਚ ਪਲ਼ ਰਹੇ ਬੱਚੇ ਦਾ ਇਹ ਅਧਿਕਾਰ ਹੈ ਕਿ ਉਹ ਸਿਹਤਮੰਦ ਜਨਮ ਲਵੇ।

ਬਾਲ ਅਧਿਕਾਰਾਂ ਵਿਚ ਸਿਹਤ, ਸਿੱਖਿਆ, ਸੁਰੱਖਿਆ ਅਤੇ ਸਤਿਕਾਰ ਮੁੱਖ ਅਧਿਕਾਰ ਹਨ, ਜੋ ਬੱਚੇ ਨੂੰ ਮਿਲਣੇ ਚਾਹੀਦੇ ਹਨ। ਡਾਕਟਰ ਭੀਮ ਰਾਓ ਅੰਬੇਦਕਰ ਦੁਆਰਾ ਸਿਰਜੇ ਸੰਵਿਧਾਨ ਵਿਚ ਬੱਚਿਆਂ ਨੂੰ ਇਹ ਹੱਕ ਦਿੱਤਾ ਗਿਆ ਹੈ ਕਿ ਉਹ ਆਪਣੀ ਇੱਛਾ ਅਨੁਸਾਰ ਸਿੱਖਿਆ ਪ੍ਰਾਪਤ ਕਰਨ ਅਤੇ ਆਪਣੇ ਸੱਭਿਆਚਾਰ ਨੂੰ ਵਿਕਸਿਤ ਕਰਨ। ਇਸ ਲਈ ਸਮੁੱਚੇ ਸਮਾਜ ਦੀ ਇਹ ਜ਼ਿੰਮੇਵਾਰੀ ਬਣਦੀ ਹੈ ਕਿ ਪੈਦਾ ਹੋ ਰਹੇ ਬੱਚੇ ਸਿਹਤਮੰਦ ਹੋਣ। ਸਿਹਤਮੰਦ ਬੱਚੇ ਹੀ ਚੰਗੇ ਸਮਾਜ ਦਾ ਨਿਰਮਾਣ ਕਰ ਸਕਦੇ ਹਨ।

ਜਦੋਂ ਅਸੀਂ ਭਾਰਤ ਦੀਆਂ ਸਿਹਤ ਸਬੰਧੀ ਸਹੂਲਤਾਂ 'ਤੇ ਝਾਤੀ ਮਾਰਦੇ ਹਾਂ, ਤਾਂ ਕਰੋੜਾਂ ਬੱਚੇ ਕੁਪੋਸ਼ਣ ਦਾ ਸ਼ਿਕਾਰ ਹਨ ਅਤੇ ਕਰੋੜਾਂ ਬੱਚੇ ਭੁੱਖਮਰੀ ਨਾਲ ਮਰ ਰਹੇ ਹਨ। ਇਥੋਂ ਤੱਕ ਕਿ ਕਈ ਲੋਕ ਗਰੀਬੀ ਹੱਥੋਂ ਤੰਗ ਹੋ ਕੇ ਜਿੱਥੇ ਖੁਦਕੁਸ਼ੀ ਕਰਦੇ ਹਨ, ਉੱਥੇ ਆਪਣੇ ਬੱਚਿਆਂ ਨੂੰ ਵੀ ਨਾਲ ਹੀ ਮਾਰ ਦਿੰਦੇ ਹਨ। ਇੱਥੇ ਸਾਡੀਆਂ ਸਰਕਾਰਾਂ ਦੀ ਮੁੱਖ ਜ਼ਿੰਮੇਵਾਰੀ ਬਣਦੀ ਹੈ, ਕੋਈ ਵੀ ਬੱਚਾ ਭੁੱਖਮਰੀ ਅਤੇ ਕੋਪੋਸ਼ਣ ਦਾ ਸ਼ਿਕਾਰ ਨਾ ਹੋਵੇ, ਉਨ੍ਹਾਂ ਨੂੰ ਆਪਣੀਆਂ ਚਲਾਈਆਂ ਜਾ ਰਹੀਆਂ ਯੋਜਨਾਵਾਂ 'ਤੇ ਗੌਰ ਕਰਨ ਦੀ ਜ਼ਰੂਰਤ ਹੈ।

ਸਿੱਖਿਆ ਤੋਂ ਬਗੈਰ ਬੱਚੇ ਦਾ ਜੀਵਨ ਹਨੇਰੇ ਵਿਚ ਹੀ ਰਹਿੰਦਾ ਹੈ। ਇਸ ਲਈ ਸਾਡੀ ਸਭ ਦੀ ਜ਼ਿੰਮੇਵਾਰੀ ਹੈ ਕਿ ਬੱਚੇ ਨੂੰ ਉਸ ਦੀ ਰੁਚੀ ਅਨੁਸਾਰ ਅਤੇ ਸਮੇਂ ਦੀ ਹਾਣੀ ਸਿੱਖਿਆ ਪ੍ਰਦਾਨ ਕੀਤੀ ਜਾਵੇ। ਜੇਕਰ ਉਹ ਸਿੱਖਿਅਤ ਨਹੀਂ ਹੋਵੇਗਾ ਤੇ ਉਹ ਸਮਾਜ ਵਿਚ ਆਪਣੀ ਭੂਮਿਕਾ ਬਾਖੂਬੀ ਨਹੀਂ ਨਿਭਾ ਸਕਦਾ। ਬੱਚਿਆਂ ਤੇ ਸਿੱਖਿਆ ਦਾ ਪਾਇਆ ਜਾ ਰਿਹਾ ਵਾਧੂ ਬੋਝ ਵੀ ਉਨ੍ਹਾਂ ਦੇ ਵਿਕਾਸ ਨੂੰ ਰੋਕ ਰਿਹਾ ਹੈ। ਮਾਹਿਰ ਮਨੋਵਿਗਿਆਨੀਆਂ ਦੁਆਰਾ ਬੱਚੇ ਦੀਆਂ ਸੰਭਾਵਨਾਵਾਂ ਅਤੇ ਬਿਰਤੀਆਂ ਦਾ ਗਿਆਨ ਹਾਸਲ ਕਰਕੇ ਹੀ ਉਸ ਨੂੰ ਉਸੇ ਪ੍ਰਕਾਰ ਦੀ ਸਿੱਖਿਆ ਪ੍ਰਦਾਨ ਕਰਨੀ ਚਾਹੀਦੀ ਹੈ। ਹਰ ਬੱਚਾ ਡਾਕਟਰ, ਇੰਜੀਨੀਅਰ ਜਾਂ ਪ੍ਰੋਫੈਸਰ ਨਹੀਂ ਬਣ ਸਕਦਾ, ਜੋ ਉਹ ਬਣਨਾ ਚਾਹੁੰਦਾ ਹੈ, ਉਸਨੂੰ ਉਸੇ ਪ੍ਰਕਾਰ ਦੀ ਸਿੱਖਿਆ ਪ੍ਰਦਾਨ ਕਰਨੀ ਚਾਹੀਦੀ ਹੈ। ਜੇਕਰ ਆਪਣੀ ਸਿੱਖਿਆ ਪ੍ਰਣਾਲੀ 'ਤੇ ਝਾਤ ਮਾਰੀਏ, ਤਾਂ ਸਾਡੇ ਗ੍ਰੈਜੂਏਟ ਵਿਦਿਆਰਥੀਆਂ ਨੂੰ ਵੀ ਇਹ ਨਹੀਂ ਪਤਾ ਕਿ ਉਨ੍ਹਾਂ ਨੇ ਕੀ ਬਣਨਾ ਹੈ, ਕੀ ਕਰਨਾ ਹੈ। ਜੇਕਰ ਉਨ੍ਹਾਂ ਨੂੰ ਆਪਣੇ ਭਵਿੱਖ ਦੇ ਨਿਸ਼ਾਨੇ ਦਾ ਹੀ ਪਤਾ ਨਹੀਂ, ਤਾਂ ਉਹ ਕਿੱਧਰ ਜਾਣਗੇ, ਇਸ ਲਈ ਬੱਚਿਆਂ ਦੀ ਮਾਨਸਿਕਤਾ ਦਾ ਅਧਿਐਨ ਕਰਨ ਵਾਸਤੇ ਪ੍ਰਾਇਮਰੀ ਪੱਧਰ 'ਤੇ ਅਧਿਆਪਕਾਂ ਦੀ ਨਿਯੁਕਤੀ ਕੀਤੀ ਜਾਣੀ ਜ਼ਰੂਰੀ ਹੈ।

ਬੱਚਿਆਂ ਨੂੰ ਸੁਰੱਖਿਅਤ ਰੱਖਣ ਵਾਸਤੇ ਸਭ ਨੂੰ ਕਾਨੂੰਨ ਸਿਖਾਏ ਜਾਣੇ ਵੀ ਲਾਜ਼ਮੀ ਹਨ। ਬਹੁਤ ਸਾਰੀਆਂ ਗੱਲਾਂ ਬੱਚਾ ਪਰਿਵਾਰ ਵਿਚੋਂ ਸਿੱਖ ਜਾਂਦਾ ਹੈ ਤੇ ਫਿਰ ਬਾਅਦ ਵਿਚ ਉਨ੍ਹਾਂ ਗੱਲਾਂ ਨੂੰ ਸਕੂਲਾਂ ਵਿਚ ਜਾ ਕੇ ਪੱਕਾ ਕਰਦਾ ਹੈ। ਇਸ ਲਈ ਆਉਣ ਜਾਣ ਵੇਲੇ, ਘਰ ਵਿਚ ਅਤੇ ਹਰ ਥਾਂ ਉਸ ਦੀ ਸੁਰੱਖਿਆ ਹੋਣੀ ਲਾਜ਼ਮੀ ਹੈ। ਇੱਕ ਰਿਪੋਰਟ ਅਨੁਸਾਰ ਦੇਸ਼ ਵਿਚ ਹਰ ਸਾਲ 50 ਹਜ਼ਾਰ ਬੱਚੇ ਗਾਇਬ ਹੋ ਜਾਂਦੇ ਹਨ, ਜੋ ਚਿੰਤਾ ਦਾ ਵਿਸ਼ਾ ਹੈ। ਅਸੀਂ ਸਭ ਜਾਣਦੇ ਹਾਂ ਕਿ ਗਾਇਬ ਹੋਏ ਬੱਚੇ ਸਮਾਜ ਵਿਰੋਧੀ ਅਨਸਰਾਂ ਦੇ ਹੱਥ ਆ ਕੇ ਭਿਖਾਰੀ ਜਾਂ ਕੁਰੀਤੀਆਂ ਦੇ ਸ਼ਿਕਾਰ ਹੋ ਜਾਂਦੇ ਹਨ। ਇਹ ਵੀ ਦੇਖਿਆ ਗਿਆ ਹੈ ਕਿ ਗੁਆਂਢੀਆਂ ਜਾਂ ਵਾਕਫਕਾਰਾਂ ਵੱਲੋਂ ਬੱਚਿਆਂ ਦਾ ਸ਼ੋਸ਼ਣ ਕੀਤਾ ਜਾ ਰਿਹਾ ਹੈ। ਗਿਰੇ ਹੋਏ ਇਨਸਾਨਾਂ ਅੰਦਰ ਦਇਆ ਧਰਮ ਨਹੀਂ ਹੁੰਦੀ। ਇਸ ਲਈ ਉਹ ਉਨ੍ਹਾਂ ਨਾਲ ਕੁਕਰਮ ਕਰਨ ਤੋਂ ਬਾਅਦ ਕਤਲ ਵੀ ਕਰ ਦਿੰਦੇ ਹਨ। ਇਸ ਵਾਸਤੇ ਬੱਚਿਆਂ ਨੂੰ ਇਹ ਗਿਆਨ ਹੋਣਾ ਜ਼ਰੂਰੀ ਹੈ ਕਿ ਕਿਹੜਾ ਵਿਅਕਤੀ ਉਨ੍ਹਾਂ ਵਾਸਤੇ ਸੁਰੱਖਿਆ ਦੀ ਛਤਰੀ ਬਣ ਸਕਦਾ ਹੈ ਤੇ ਕਿਹੜਾ ਨਹੀਂ।

ਕਿਸ਼ੋਰ ਅਵਸਥਾ ਵਿਚ ਜਾ ਰਹੇ ਬੱਚਿਆਂ ਨੂੰ ਵਿਸ਼ੇਸ਼ ਗਿਆਨ ਪ੍ਰਦਾਨ ਕਰਨ ਦੀ ਜ਼ਰੂਰਤ ਹੁੰਦੀ ਹੈ। ਇਸ ਸਮੇਂ ਦੌਰਾਨ ਉਨ੍ਹਾਂ ਅੰਦਰ ਸਵੈ ਭਰੋਸਾ, ਸਵੈ ਇੱਛਾ, ਸਵੈ ਹੋਂਦ ਅਤੇ ਵਿਅਕਤੀਵਾਦ ਆਦਿ ਬਿਰਤੀਆਂ ਪ੍ਰਬਲ ਹੋਣ ਲੱਗ ਪੈਂਦੀਆਂ ਹਨ। ਇਸ ਲਈ ਵੱਡਿਆਂ ਨੂੰ ਉਨ੍ਹਾਂ ਦੀ ਗੱਲ ਜ਼ਰੂਰ ਸੁਣਨੀ ਚਾਹੀਦੀ ਹੈ। ਪਰਿਵਾਰਕ ਮਸਲਿਆਂ ਵਿਚ ਵਿਚਾਰ-ਵਟਾਂਦਰੇ ਮੌਕੇ ਉਨ੍ਹਾਂ ਨੂੰ ਜ਼ਰੂਰ ਸ਼ਾਮਿਲ ਕਰਨਾ ਚਾਹੀਦਾ ਹੈ। ਉਨ੍ਹਾਂ ਦੀ ਰਾਏ ਲੈਣ ਨਾਲ ਉਨ੍ਹਾਂ ਨੂੰ ਆਪਣੀ ਹੋਂਦ ਦਾ ਅਹਿਸਾਸ ਹੋਣ ਲੱਗ ਪੈਂਦਾ ਹੈ। ਇਸ ਨਾਲ ਹੀ ਉਨ੍ਹਾਂ ਅੰਦਰ ਜ਼ਿੰਮੇਵਾਰੀ ਦੀ ਭਾਵਨਾ ਉਜਾਗਰ ਹੋਣੀ ਸ਼ੁਰੂ ਹੋ ਜਾਂਦੀ ਹੈ। ਬੱਚੇ ਦਾ ਸਤਿਕਾਰ ਘਰ ਵਿਚੋਂ ਆਰੰਭ ਹੁੰਦਾ ਹੈ, ਫਿਰ ਬਾਅਦ ਵਿਚ ਸਮਾਜ ਕਰਦਾ ਹੈ। ਜਿਹੜੇ ਵਿਦਿਆਰਥੀ ਹੁਸ਼ਿਆਰ ਹਨ, ਉਨਾਂ ਨੂੰ ਸ਼ਾਬਾਸ਼ ਦੇਣੀ ਸਾਡੀ ਸਭ ਦੀ ਜ਼ਿੰਮੇਵਾਰੀ ਹੈ। ਬੱਚਾ ਵੀ ਇੱਕ ਪੂਰਨ ਮਨੁੱਖ ਹੁੰਦਾ ਹੈ ਕਿਉਂਕਿ ਉਸ ਅੰਦਰ ਦਿਲ ਦਿਮਾਗ ਹੁੰਦਾ ਹੈ। ਉਸ ਨੇ ਆਉਣ ਵਾਲੇ ਸਮੇਂ ਨੂੰ ਨਵੀਂ ਲੀਹ ਦੇਣੀ ਹੁੰਦੀ ਹੈ। ਇਸ ਵਾਸਤੇ ਬੱਚਿਆਂ ਦੀ ਸਿਹਤ, ਸਿੱਖਿਆ, ਸੁਰੱਖਿਆ ਅਤੇ ਸਤਿਕਾਰ ਵਿਚ ਕੋਈ ਕਮੀ ਨਹੀਂ ਰਹਿਣੀ ਚਾਹੀਦੀ। ਆਓ ਸਾਰੇ ਸੁਚੇਤ ਹੋ ਕੇ ਬੱਚਿਆਂ ਦੇ ਅਧਿਕਾਰਾਂ ਦੀ ਰਾਖੀ ਕਰੀਏ।

## ਰੁੱਸੇ ਹੋਏ ਸੱਜਣ

ਜਾਪੇ ਯਾਰ ਮੇਰਾ ਵਿੱਚ ਘੁਮੰਡ।
ਮੁੱਖ ਮੋੜਿਆ ਫੇਰ ਲਈ ਕੰਡ।
ਹੱਥ ਨੂੰ ਜ਼ਰਾ ਮੱਥੇ 'ਤੇ ਧਰ ਕੇ।
ਵੀਣੀ ਦਾ ਬੱਸ ਉਹਲਾ ਕਰਕੇ।
ਇੱਕ ਨਵੀਂ ਬਣਾ ਲਈ ਅਦਾ।
ਅੱਖਾਂ ਮਿਲਣੋਂ ਲਈਆਂ ਬਚਾ।

ਵਾਹ! ਸੱਜਣਾ ਕੀ ਤੇਰੀ ਮਰਜ਼ੀ ?
ਕੀ ਚਾਹੁੰਨਾ ਦੇਣੀ ਪਊ ਅਰਜ਼ੀ ?
ਕੀ ਨੇਹੁੰ ਪਹਿਲਾ ਸੀ ਫ਼ਰਜ਼ੀ ?
ਕਿਉਂ ਦੂਰੋਂ ਜਾਂਦਾ ਹੈਂ ਵਰਜੀ ?
ਗੱਲਾਂ ਕਰਦਾ ਕਿਉਂ ਅੱਖ ਚੁਰਾ ?
ਬੱਸ ਇੰਨਾ ਸਾਨੂੰ ਜਾ ਸਮਝਾ।

ਰੱਬ ਵਰਗੇ ਨੇ ਹੁੰਦੇ ਰਿਸ਼ਤੇ।
ਨਾ ਹੀ ਕਦੇ ਬਜ਼ਾਰੀਂ ਵਿੱਕਦੇ।
ਉਮਰਾਂ ਲੰਘਣ ਤਾਂਈਂ ਟਿਕਦੇ।
ਨਿਪਟਾ ਲੈ ਤੂੰ ਗਿਲੇ ਸ਼ਿਕਵੇ।
ਐਵੇਂ ਨਾ ਸਾਨੂੰ ਸੂਲੀ 'ਤੇ ਚੜ੍ਹਾ।
ਸੱਜਣਾ ਬੱਸ ਸਾਡੀ ਇਹੋ ਦੁਆ।



**-ਸੇਵਾ ਸਿੰਘ 'ਨੂਰਪੁਰੀ'**

ਪੰਜਾਬ ਮੇਲ USA

## ਹੋਣੀ ਦੀਆਂ ਮਾਰਾਂ

ਹੁੰਦੇ ਕੀ ਭੁਚਾਲ ਕਿਤੇ, ਡੁੱਬਿਆਂ ਨੂੰ ਪੁੱਛਿਓ
ਮਲਬੇ 'ਚ ਦੱਬਿਆਂ ਤੇ ਖੁੱਬਿਆਂ ਨੂੰ ਪੁੱਛਿਓ

ਚੜ੍ਹਿਆਂ ਤੂਫਾਨਾਂ ਕਿਵੇਂ, ਘਰਾਂ ਨੂੰ ਉਜਾੜਿਆ
ਬੰਜਰਾਂ 'ਚ ਜੰਮੇ ਘਾਹਾਂ, ਉੱਗਿਆਂ ਤੋਂ ਪੁੱਛਿਓ

ਚਾਨਣਾਂ ਨੂੰ ਖਾਧਾ ਕਿਵੇਂ, ਹੋਣੀ ਦੇ ਹਨੇਰਿਆਂ
ਝੱਖੜਾਂ ਦੇ ਨਾਲ ਦੀਵੇ, ਬੁੱਝਿਆਂ ਤੋਂ ਪੁੱਛਿਓ

ਚੜ੍ਹਿਆਂ ਤੂਫ਼ਾਨਾਂ ਨੂੰ, ਪੰਜਾਬੀ ਕਿਵੇਂ ਡੱਕਦੇ
ਖਾਣਾ ਲੈ ਕੇ ਹੜ੍ਹਾਂ ਵਿਚ, ਕੁੱਦਿਆਂ ਨੂੰ ਪੁੱਛਿਓ

ਜਾਨਾਂ ਨੂੰ ਬਚਾਇਆ ਕਿਵੇਂ, ਜਾਨਾਂ ਉੱਤੇ ਖੇਲ ਕੇ
ਖਾਣਾ ਲੈ ਕੇ ਪਾਣੀਆਂ 'ਚ, ਪੁੱਜਿਆਂ ਨੂੰ ਪੁੱਛਿਓ

ਸਾਹੋਤੇਆ ਗੁਜ਼ਾਰੇ ਪਲ, ਕਿਵੇਂ ਭੁੱਖੇ ਭਾਣਿਆਂ
ਬੱਚਿਆਂ ਜਵਾਨਾਂ ਅਤੇ ਬੁਢਿਆਂ ਨੂੰ ਪੁੱਛਿਓ



**-ਕੁਲਵੀਰ ਸਿੰਘ ਡਾਨਸੀਵਾਲ,**
**ਸਰ੍ਹੀ, ਬੀ.ਸੀ. ਕੈਨੇਡਾ**
778-863-2472

ਪੰਜਾਬ ਮੇਲ USA

## ਗ਼ਜ਼ਲ

## ਸੈਫਰਨ ਦੀ ਮਹਿਕ

ਮਿੱਟੀ ਦੇ ਦਿਲਾਂ 'ਚ ਖੁਸ਼ਬੂ ਵਸਾਵੇ ਇਹ ਸੈਫਰਨ,
ਰੰਗਾਂ ਦੀ ਰੌਸ਼ਨੀ ਜਾਗਦੀ ਰੱਖੇ ਇਹ ਸੈਫਰਨ।
ਤਕਨੀਕ ਨਵੀਂ ਰਾਹੀਂ ਜਦੋਂ ਸਿੱਖ ਲੈਂਦੇ ਨੇ,
ਫ਼ਸਲਾਂ 'ਚ ਨਵਾਂ ਚਾਨਣ ਪਸਾਰੇ ਇਹ ਸੈਫਰਨ।
ਕੋਹਿਨੂਰ ਦੇ ਮੈਂਬਰ ਹਰ ਵਾਰੀ ਦੇਖਦੇ,
ਡਾਕਟਰ ਪਰਮ ਰੰਧਾਵਾ ਨਵਾਂ ਜੋਸ਼ ਜਗਾਵੇ ਨਾਲ ਸੈਫਰਨ।
ਅੱਜ ਰਿਆੜ ਫਾਰਮ 'ਤੇ ਜਿਹੜੇ ਆਏ ਨੇ ਸਾਰੇ,
ਭਲਕੇ ਆਪਣੇ ਖੇਤਾਂ 'ਚ ਉਗਾਉਣ ਇਹ ਸੈਫਰਨ।
ਸਿਹਤ ਦਾ ਨਜ਼ਾਰਾ ਵੀ ਬਦਲਦਾ ਇਸ ਨਾਲ ਹੈ,
ਦਿਲਾਂ ਨੂੰ ਵੀ ਸੋਹਣਾ ਬਣਾਵੇ ਇਹ ਸੈਫਰਨ।
ਦੁਨੀਆਂ ਦੇ ਕੂਚਿਆਂ 'ਚ ਮਹਿਕ ਜਦੋਂ ਜਾਵੇ,
ਕੋਹੇਨੂਰ ਕਲੱਬ ਦਾ ਨਾਂ ਹੋਰ ਵਧਾਵੇ ਇਹ ਸੈਫਰਨ।
ਹੌਂਸਲਾ ਵੀ ਦੇਵੇ, ਮਿਹਨਤ ਵੀ ਸਿਖਾਵੇ,
ਇੱਜ਼ਤ ਦਾ ਰਾਜਾ ਕਹਾਵੇ ਇਹ ਸੈਫਰਨ।
ਆਓ ਮਿਲ ਕੇ ਅੱਜ ਇਹ ਵਾਅਦਾ ਕਰੀਏ,
ਭਲਕੇ ਹਰ ਦਿਲ 'ਚ ਖੁਸ਼ਬੂ ਛਡਾਵੇ ਇਹ ਸੈਫਰਨ।
ਰੰਧਾਵਾ ਦਿਲੋਂ ਜੋ ਉਪਰਾਲਾ ਲਿਆ ਕਰੇ,
ਵਾਦਿਆਂ ਨੂੰ ਹਕੀਕਤ ਬਣਾਵੇ ਇਹ ਸੈਫਰਨ।
ਗੁਰਜਤਿੰਦਰ ਦੇ ਸੁਪਨਿਆਂ 'ਚ ਬੂਟੇ ਜੇ ਖਿੜ ਪਏ,
ਕਿਸਮਤ ਦਾ ਨਵਾਂ ਬੂਟਾ ਹਿਲਾਵੇ ਇਹ ਸੈਫਰਨ।



**-ਗੁਰਜਤਿੰਦਰ ਰੰਧਾਵਾ, ਸੈਕਰਾਮੈਂਟੋ,**
**ਕੈਲੀਫੋਰਨੀਆ**
916-320-9444

ਪੰਜਾਬ ਮੇਲ USA

## ਸਿੱਖੀ ਸਿਦਕ

ਔਰਗਜ਼ੇਬ ਨੂੰ ਉਸ ਦੇ ਹੰਕਾਰ ਨੇ ਵੰਗਾਰ ਸੀ ਪਾਈ
ਸੱਚਾ ਮੁਸਲਮਾਨ ਹੋਣ ਦੀ ਪਾਉਂਦਾ ਫਿਰੇ ਦੁਹਾਈ।

ਜ਼ੁਲਮ ਤੇ ਜਬਰ ਤੋਂ ਲੋਕਾਈ ਤ੍ਰਾਸ ਤ੍ਰਾਸ ਸੀ ਕਰਦੀ
ਮੌਤ ਇੱਕ ਵਾਰ ਮਾਰਦੀ ਦੁਨੀਆਂ ਰੋਜ਼ ਫਿਰੇ ਮਰਦੀ॥

ਔਰੰਗਜ਼ੇਬ ਨੇ ਧਰਮ ਪਰਿਵਰਤਨ ਦੀ ਹਨੇਰੀ ਸੀ ਝੁਲਾਈ
ਮੰਦਰਾਂ ਦੇ ਟੱਲ ਭੰਨ ਮੂਰਤੀਆਂ ਖੰਡਿਤ ਕਰ ਨਫ਼ਰਤ ਫ਼ੈਲਾਈ।

ਕੱਟੜਤਾ ਵਿਚ ਔਰਗਜ਼ੇਬ ਦਾ ਨਹੀਂ ਸੀ ਕੋਈ ਸਾਨੀ
ਜੱਗਦੀਆਂ ਅਖੰਡ ਜੋਤਾਂ ਧੱਕੇ ਨਾਲ ਬੁੱਝਵਾਏ ਕਰੇ ਮਨਮਾਨੀ।

ਕਸ਼ਮੀਰੀ ਪੰਡਤਾਂ ਨੇ ਕਿਰਪਾ ਰਾਮ ਨੂੰ ਆਗੂ ਬਣਾਇਆ
ਰਲ ਸਾਰਿਆਂ ਗੁਰੂ ਤੇਗ ਬਹਾਦੁਰ ਸਾਹਿਬ ਦਾ ਦਰ ਖੜਕਾਇਆ।

ਹੱਥ ਬੰਨ੍ਹ ਦੀਨ ਧਰਮ ਬਚਾਉਣ ਦੀ ਅਰਜ਼ ਗੁਜ਼ਾਰੀ
ਗੁਰੂ ਜੀ ਫੁਰਮਾਉਂਦੇ ਮਹਾਂਪੁਰਖ ਕੋਈ ਕੁਰਬਾਨੀ ਦੀ ਕਰੇ ਤਿਆਰੀ॥

ਸੁਣ ਬੋਲ ਭਾਰੇ ਚਾਰੇ ਪਾਸੇ ਸੰਨਾਟਾ ਸੀ ਛਾਇਆ
ਗੁਰੂ ਸਾਹਿਬ ਤੁਹਾਡੇ ਤੋਂ ਵੱਡਾ ਕੌਣ ਆਖੇ ਮਾਤਾ ਗੁਜ਼ਰੀ ਦਾ ਜਾਇਆ।

ਉੱਤਰ ਸੁਣ ਗੁਰੂ ਸਾਹਿਬ ਮੁਸਕੁਰਾਏ ਭੋਰਾ ਨਾ ਘਬਰਾਏ
ਸੀਸ ਧਰਮ ਦੀ ਖ਼ਾਤਰ ਵਾਰਨ ਓਹ ਖੁਦ ਸੀ ਅੱਗੇ ਆਏ॥

ਸੁਣ ਮੁਖ਼ਬਰਾਂ ਕੋਲੋਂ ਔਰਗਜ਼ੇਬ ਦਾ ਪਾਰਾ ਅਸਮਾਨੀ ਚੜ੍ਹਿਆਂ
ਭੇਜੇ ਸਿਪਾਹੀ ਤੇ ਜਾ ਚਾਰ ਤੱਖਤਾਂ ਦੇ ਮਾਲਕ ਨੂੰ ਫੜਿਆਂ।

ਦਿੱਲੀ ਅੰਦਰ ਭਾਈ ਮਤੀਦਾਸ ਨੂੰ ਆਰੇ ਨਾਲ ਚੀਰ ਕਹਿਰ ਵਰਤਾਇਆ
ਭਾਈ ਸਤੀਦਾਸ ਜੀ ਨੂੰ ਲਪੇਟ ਨਾਲ ਰੂੰ ਸੀ ਲਾਂਬੂ ਲਾਇਆ॥

ਭਾਈ ਦਿਆਲਾ ਜੀ ਨੂੰ ਜਿਉਂਦੇ ਦੇਗੇ ਵਿਚ ਉਬਾਲਿਆ
ਜਾਨ ਵਾਰ ਦਿੱਤੀ ਯੋਧਿਆਂ ਸਿੱਖੀ ਸਿਦਕ ਸੰਭਾਲਿਆਂ।

ਜੱਲਾਦਾਂ ਦੇ ਤਸੀਹੇ ਗੁਰੂ ਸਾਹਿਬ ਜਾਂਦੇ ਤਨ 'ਤੇ ਹੰਢਾਈ
ਵਾਰ ਸੀਸ ਚਾਂਦਨੀ ਚੌਕ ਗੁਰੂ ਸਾਹਿਬ ਸ਼ਹਾਦਤ ਪਾਈ॥

ਭਾਈ ਜੈਤੋਂ ਗੁਰੂ ਸਾਹਿਬ ਦਾ ਸੀਸ ਦਸਮ ਪਿਤਾ ਪਾਸ ਜਾ ਪਹੁੰਚਾਇਆ
ਲੱਖੀ ਸ਼ਾਹ ਵਣਜਾਰੇ ਧੜ ਦਾ ਸਣੇ ਰੈਣ ਬਸੇਰੇ ਸੰਸਕਾਰ ਕਰਾਇਆ।

ਔਰਗਜ਼ੇਬ ਦੇ ਮਨਸੂਬਿਆਂ ਨੂੰ ਗੁਰ ਸਾਹਿਬ ਮਿੱਟੀ ਮਿਲਾਇਆ
ਚਮਤਕਾਰ ਨੂੰ ਕੋਰੀ ਨਾਂਹ, ਨਿਡਰ ਹੋ ਈਮਾਨ ਕਮਾਇਆ॥



**-ਸੁਰਿੰਦਰਪਾਲ ਸਿੰਘ**
**ਵਿਗਿਆਨ ਅਧਿਆਪਕ**
**ਸ੍ਰੀ ਅੰਮ੍ਰਿਤਸਰ ਸਾਹਿਬ, ਪੰਜਾਬ।**

ਪੰਜਾਬ ਮੇਲ USA

## ਸ੍ਰੀ ਗੁਰੂ ਤੇਗ-ਬਹਾਦਰ ਜੀ

(ਵਿਸ਼ਵ ਦੀ ਚਾਦਰ)



ਹਿੰਦ ਨੂੰ ਬਚਾਇਆ ਦੇ ਕੇ ਸੀਸ ਨੌਵੇਂ ਗੁਰਾਂ ਨੇ,
ਭਾਰੀ ਤਾਰੀ ਜੰਝੂਆਂ ਦੀ ਫੀਸ ਨੌਵੇਂ ਗੁਰਾਂ ਨੇ,
ਚੌਂਕ ਚਾਂਦਨੀ 'ਚ ਮੱਚ ਗਈ ਦੁਹਾਈ।
ਦਿੱਲੀ ਦੀਆਂ ਕੰਧਾਂ ਕੰਬੀਆਂ,
ਤੇਗ ਜ਼ਾਲਮਾਂ ਨੇ ਗੁਰਾਂ 'ਤੇ ਚਲਾਈ।

ਆਏ ਕਸ਼ਮੀਰੀ ਸਾਡਾ ਧਰਮ ਬਚਾਵੋ ਜੀ,
ਔਰੰਗਜ਼ੇਬ ਕੋਲੋਂ ਜਾਨਾਂ ਸਾਡੀਆਂ ਛਡਾਵੋ ਜੀ,
ਸਾਡੇ ਗਲਾਂ 'ਚੋਂ ਜਨੇਊ ਜਾਂਦੇ ਲਾਹੀ।
ਦਿੱਲੀ ਦੀਆਂ ਕੰਧਾਂ ਕੰਬੀਆਂ...।

ਆਰੇ ਨਾਲ ਚੀਰ ਪਹਿਲਾਂ ਮਤੀ ਦਾਸ ਮਾਰਿਆ,
ਦੇਗ 'ਚ ਦਿਆਲਾ ਰੂੰ 'ਚ ਸਤੀ ਦਾਸ ਸਾੜਿਆ,
ਹੈਅ-ਹੈਅ ਕਰਦੀ ਸੀ ਸਾਰੀ ਹੀ ਲੋਕਾਈ।
ਦਿੱਲੀ ਦੀਆਂ ਕੰਧਾਂ ਕੰਬੀਆਂ...।

ਪਿੰਜਰੇ 'ਚ ਬੰਦ ਕੀਤਾ ਲੋਕੋ ਰੂਪ ਰੱਬ ਦਾ,
ਝੱਲਕੇ ਤਸੀਹੇ ਦੁੱਖ ਮੇਟੀਂ ਜਾਵੇ ਜੱਗ ਦਾ,
ਤੇਰਾ ਕੀਆ ਮੀਠਾ ਲਾਗੇ ਜਾਵੇ ਗਾਈ।
ਦਿੱਲੀ ਦੀਆਂ ਕੰਧਾਂ ਕੰਬੀਆਂ...।

ਸਿਰ ਜਾਵੇ ਸਿਰੜ ਨਾ ਜਾਵੇ ਗੁਰੂ ਬੋਲਦੇ,
ਜ਼ਾਲਮਾਂ ਦੇ ਜ਼ੁਲਮਾਂ ਦੇ ਅੱਗੇ ਨਹੀਓਂ ਡੋਲਦੇ,
ਮਾਰ ਚੌਂਕੜਾ ਸੀ ਬੈਠੇ ਸੱਚੇ ਸਾਈਂ।
ਦਿੱਲੀ ਦੀਆਂ ਕੰਧਾਂ ਕੰਬੀਆਂ...।

ਚੰਨ-ਤਾਰੇ, ਸੂਰਜ ਤੇ ਧਰਤੀ ਉਦਾਸ ਸੀ,
"ਗਿੱਲ ਮਲਕੀਤ" ਧਾਹਾਂ ਮਾਰਦਾ ਆਕਾਸ਼ ਸੀ,
ਜਦੋਂ ਜੋਤੀ ਵਿਚ ਜੋਤ ਸੀ ਸਮਾਈ।
ਦਿੱਲੀ ਦੀਆਂ ਕੰਧਾਂ ਕੰਬੀਆਂ,
ਤੇਗ ਜ਼ਾਲਮਾਂ ਨੇ ਗੁਰਾਂ 'ਤੇ ਚਲਾਈ।



**-ਮਲਕੀਤ ਸਿੰਘ ਗਿੱਲ 'ਭੋਠਲਾਂ'**
**ਸੰਪਰਕ :** 94174-90943

ਪੰਜਾਬ ਮੇਲ USA



RE/MAX

RE/MAX
Outstanding Agents
Outstanding Results®
DRE Lic. # 01215931 (Broker)

# Gurjatinder S. Randhawa

REALTOR CA DRE licence # 01490567



## FOR SALE & PURCHASE OF ANY KIND OF PROPERTY

## ਕੈਲੀਫੋਰਨੀਆ ਵਿਚ ਘਰ ਖਰੀਦਣ ਜਾਂ ਵੇਚਣ ਲਈ ਸੰਪਰਕ ਕਰੋ।

Gurjatinder S. Randhawa
REALTOR CA DRE licence # 01490567

## Gurjatinder S. Randhawa

## 916-320-9444

web: www.RealtorRandhawa.com

garysingh123@yahoo.com